ਜ਼ਿੰਦਗੀਨਾਮਾ (ਓਹੀ ਇਣ ਸਕ)

143-P

Digitized by Panjab Digital Library | www.panjabdigilib.org

ਪੁਨਾ ਓਹੁ ਸਤਸੰਗ ਕਰਨਾ ਭਲਾ ਹੈ ਜੋ ਜਿਸ ਮੈ ਕੇਵਲ ਜੀਵਣੇ ਦਾ ਬੀਚਾਰ ਹੋਵੈ) ਭਾਵ ਜਿਸ ਸੰਗਤ ਕਰਨੇ ਸੇ ਜਨਮ ਮਰਨ ਛੂਟ ਜਾਵੈ ॥ ੨ ॥ ੨੩ ॥

ਓਹ। ਮਿਲਬੈਠਨਾ। ਚੰਗਾ। ਵਾਸਤੇ। ਯਾਦਗੀਰੀ ਉਸਵਾਹਿਗੁਰੂਕੇ

**ਮੂ: ॥ ਆਂ ਹਜੂਮੇ ਖੁਸ਼ ਕਿ ਬਹਿਰੇ ਯਾਦਿ ਓਸਤ ॥**

ਓਹ। ਮਿਲਬੈਠਣਾਂ ਚੰਗਾ। ਸਚੇਸਾਬ। ਤੇ

**ਆਂ ਹਜੂਮੇ ਖੁਸ਼ ਕਿ ਹਕ ਬੁਨੀਯਾਦਿ ਓਸਤ ॥**

ਓਸਤ ਉਸਕੇਸਾਥ ਬੁਨੀਜਾਦ ਭਾਵਬਿਤੀ।

**ਟੀ:**–ਓਹੁ ਮਿਲਬੈਠਣਾ ਚੰਗਾ ਹੈ ਜੋ ਵਾਸਤੇ ਉਸ ਵਾਹਿਗੁਰੂ ਕੀ ਯਾਦਗੀਰੀ ਦੇ ਹੋਵੈ ਭਾਵ ਜਿਥੇ ਹਰੀ ਕੇ ਪਰਉਪਕਾਰ ਸੁਨੈ ਸੁਨਾਵੈ ਅਰੁ ਭੂਲੈ ਨਹੀਂ ॥ ੧ ॥ ਪੁਨਾ ਓਹੁ ਸਤਸੰਗ ਕਰਨਾ ਅਛਾ ਹੈ ਜੋ ਜਿਥੇ ਬੈਠਨੇ ਕਰ ਉਸ ਸਚੇ ਸਾਥ ਜੜ ਲਗ ਜਾਵੈ। ਭਾਵ ਵਾਹਿਗੁਰੂ ਸਾਥ ਬ੍ਰਿਤੀ ਜੁੜ ਜਾਵੈ ਜਿਸ ਕਰ ਦੋਨੋ ਲੋਕਾਂ ਮੈਂ ਸੁਖ ਪ੍ਰਾਪਤਿ ਹੋਵੈ ਹੈ ॥ ੨ ॥ ੨੪ ॥ ਪ੍ਰਸਨ ॥ ਸਤਸੰਗ ਕਰਨੇ ਕਾ ਲਾਭ ਜੈਸੇ ਆਪ ਨੇ ਕਹਿਯਾ ਹੈ ਐਸੇ ਕੁਸੰਗ ਕਾ ਭੀ ਵਰਨਨ ਕਰੀਏ ਜੋ ਕੁਸੰਗ ਕਿਸ ਨੂ ਕਹਿੰਦੇ ਹੈਂ ਅਰੁ ਤਿਸਮੈ ਕਿਆ ਫਲ ਮਿਲਤਾ ਹੈ ਉਤ੍ਰ ॥

ਓਹ ਮਿਲਬੈਠਨਾ ਬੁਰਾ ਬਦਨਾਮ ਕੇ ਜੋ ਜਿਸਮੈਂ ਸੈਤਾਨੀ ਕੰਮ ਬਵੰਦ ਬੁਰਾ। ਨਾਮਹੋਵੇ।

**ਮੂ: ਆਂ ਹਜੂਮੇ ਬਦ ਕਿ ਸ਼ੈਤਾਂਨੀ ਬਵੰਦ ॥**

ਸੇ

ਯਾਕਿ ਨਾਮਓੜਕਨੂੰ।

**ਆਕਿਬਤ ਅਜ਼ ਵੈ ਪਸ਼ੇਮਾਨੀ ਬਵੰਦ ॥**

ਵੈਨਾਮਉਨਾਂਕਰਮਾਂਸੇ ਪਸ਼ੇਮਾਨੀਨਾਮਸਰਮਿੰਦਗੀ ਬਵੰਦਨਾਮਹੋਤੀਹੈ।

**ਟੀਕਾ**–ਓਹ ਮਿਲ ਬੈਠਨਾ ਬੁਰਾ ਹੈ ਜੋ ਜਿਸ ਮੈ ਸੈਤਾਨੀ ਕੰਮ ਹੋਵੈਂ ਭਾਵ ਕਾਮ ਆਦੀ ਕੀ ਉਤਪਤੀ ਵਾਸਤੇ ਮਾਂਸ ਸ਼ਰਾਬ ਖਾਨਾ ਪੀਨਾ ਤੇ ਚੋਰੀ ਯਾਰੀ ਦੀਆਂ ਸਲਾਵਾਂ ਹੋਵੈ ਤੇ ਪਰੇਰੈਂ ਇਨਾਂ ਵਲ ਐਸੇ ਕਰਮਾਂ ਵਾਲਿਆਂ ਪਾਸ ਬੈਠਨਾ ਬੁਰਾ ਹੈ ॥ ੧ ॥ ਕਿਉਂਜੋ ਓੜਕ ਨੂ ਉਨਾਂ ਕਰਮਾਂ ਕੇ ਕਰਨੇ ਸੇ ਸਰਮਿੰਦਗੀ ਹੋਤੀ ਹੈ। ਭਾਵ ਖਾਨੇ ਪੀਨੇ ਭੋਗਨੇ ਤੇ ਪਸਚਾਤ ਪਹਿਲੇ ਤੋ ਪ੍ਰਤਖ ਰੋਗ ਹੋਜਾਤੇ ਹੈਂ ਪੁਨਾ ਲੋਕੋਂ ਮੈਂ ਸਰਮਿੰਦਗੀ ਹੋਤੀ ਹੈ ਤੇ ਹਾਕਮ ਸਜਾਂ ਦੇਤੇ ਹੈਂ ਅਰੁ ਮਰਨੇ ਤੇ ਪਸਚਾਤ ਜਬ ਧਰਮ ਪੁਰੀ ਮੈਂ ਜਾਤਾ ਹੈ ਤਬ ਜਮਰਾਜ ਪੂਛਤਾ ਹੈ ਜੋ ਤੈ ਏਹੁ ਖੋਟੇ ਕੰਮ ਕੀਤੇ ਹਨ ਹੈ ਭਾਈ ਹਰੀ ਨਾਮ ਕੋ ਛੋਡਕੈ ਏਕੁਕਰਮ ਤੈ ਕਿਉਂ ਕੀਤੇ ਹੈਂ ਤਬ ਸੁਨਕੈ ਲਜਿਆਵਾਨ ਹੋਤਾ ਹੈ ਅਰੁ ਉਨ ਕੀਏ ਕਰਮਾਂ ਕਾ ਫਲ ਦੁਖ ਭੋਗਤਾ ਹੈ ॥ ੨ ॥ ੨੫ ॥ ਪ੍ਰਸ਼ਨ ॥ ਆਪਨੇ ਤੋ ਇਨ ਕਰਮੋਂ ਕੋ ਬੁਰਾ ਕਹਾ ਹੈ ਪਰੰਤੂ ਪ੍ਰਤਖ ਤੋ ਇਨ ਮੈਂ ਆਨੰਦ ਹੋਤਾ ਦੇਖੀਤਾ ਹੈ ਅਰੁ ਇਨਕੇ ਸਾਧਨ ਪ੍ਰਗਟ ਕਰਦੇ ਦੇਖੀਤੇ ਹੈ ਜੇਕਰ ਬੁਰੇ

Digitized by Panjab Digital Library | www.panjabdigilib.org

ਹੈਂ ਤਾਂ ਇਨਾਂ ਤੇ ਬਚਨਾਂ ਕੈਸੇ ਹੋਵੇ ਹੈ ॥ ਉਤ੍ਰ॥

**ਮੂ:** ਈਂ ਜਹਾਨੋ ਵਾ ਜਹਾਂ ਅਫਸਾਨ ਏਸਤ।
ਈਂਵਾਆਂ ਅਜ਼ ਖੋਸ਼ਏ ਅਸ ਪਕਦਾਨ ਏਸਤ।

**ਟੀਕਾ**—ਏ ਮਾਤ ਲੋਕ ਅਰੁ ਓਹੁ ਸੁਰਗ ਲੋਕ ਦੋਨੋ ਕਹਣੇ ਮਾਤ੍ਰ ਹੀ ਹੈ ਭਾਵ ਵਾਸਤਵ ਤੇ ਮਿਥਯਾ ਹੈ ਅਰ ਇਨ ਮੈ ਸੁਖ ਭੀ ਕਹਿਣੇ ਮਾਤ੍ਰ ਹੀ ਹੈ ਵਾਸਤਵ ਤੇ ਅਨਿਸਥਰ ਹੈ ॥ ੧ ॥ ਪ੍ਰਸ਼ਨ ॥ ਏ ਦੋਨੋ ਲੋਕ ਪ੍ਰਤਖ ਦੇਖੀਤੇ ਹੈਂ ਅਰੁ ਆਪਨੇ ਇਨ ਕੋ ਕਿਸ ਰੀਤੀ ਸੇ ਕਹਿਣੇ ਮਾਤ੍ਰ ਕਹਾ ਹੈ ॥ ਉਤ੍ਰ ॥ ਏ ਲੋਕ ਅਰੁ ਓਹੁ ਲੋਕ ਮਾਯਾ ਰੂਪੀ ਸਿਟੇ ਦੇ ਇਕ ਦਾਣੇ ਸੇ ਬਣੇ ਹੈ। ਭਾਵ ਮਾਯਾ ਦੀ ਇਕ ਅੰਸ ਸੇ ਦੋਨੋ ਲੋਕ ਬਣੇ ਹੈਂ ਸੋ ਜਬ ਬਿਚਾਰ ਕਰੀਏ ਤਾਂ ਏਹ ਮਾਯਾ ਜੜ ਰੂਪ ਹੈ ਅਰ ਨਾਸ ਹੋਣੇ ਵਾਲੀ ਹੈ ਜਬ ਮਾਯਾ ਹੀ ਅਸਤ ਰੂਪ ਹੈ ਤਾਂ ਤਿਸਦਾ ਕਾਰਜ ਸੰਸਾਰ ਕਹਾਂ ਸਤ ਹੋ ਸਕਤਾ ਹੈ ਜਬ ਸੰਸਾਰ ਝੂਠਾ ਹੂਆ ਤਾਂ ਤਿਸਦੇ ਭੋਗ ਕਹਾਂ ਸੁਖਰੂਪ ਹੋਵੈਂਗੇ ਸਿਧਾਂਤ ਅਨਿਸਥਰ ਭੋਗਾਂ ਮੇ ਜੋ ਸੁਖ ਮਾਨਤਾ ਹੈ ਅੰਤ ਕੋ ਉਨ ਕੇ ਵਿਛੋੜੇ ਸੇਂ ਦੁਖ ਹੋਤਾ ਹੈ ਇਸਤੇ ਏ ਕਰਮ ਬੁਰੇ ਹੈਂ ਪੁਨਾ ਇਸ ਪ੍ਰਕਾਰ ਬਿਚਾਰ ਕਰਨੇ ਸੇ ਜੋ ਇਨਾਂ ਪਦਾਰਥਾਂ ਕੇ ਸੁਖ ਖਿਣ ਭੰਗਰ ਹੈ ਤਾਂ ਬਦਨਾ ਹੋਂਦਾ ਹੈ ਅਰੁ ਜੋ ਸਤ ਰੂਪ ਵਸਤੂ ਹੋਵੇ ਓਹੁ ਸੁਖ ਰੂਪ ਹੋਂਦੀ ਹੈ ਉਸ ਸੇ ਪਰੇਮ ਕਰੀਏ ਜਿਸਕਰ ਸਦਾ ਆਨੰਦ ਬਨਾ ਰਹੇ ॥ ੨ ॥ ੨੬ ॥ ਪ੍ਰਸਨ ਓਹੁ ਸਤਰੂਪ ਵਸਤੂ ਕੇੜੀ ਹੈ ਓਹ ਕਹੀਏ ਜਿਸ ਕੋ ਜਾਨ ਕੈ ਪਰੇਮ ਕਰੈਂ ॥ਉਤ੍ਰ॥

**ਮੂ:** ॥ ਈਂ ਜਹਾਨੋ ਵਾ ਜਹਾਂ ਕੁਰਬਾਨ ਹਕ ॥
ਔਲੀਆ ਓ ਅੰਬੀਆ ਹੈਰਾਨ ਹਕ ॥

**ਟੀਕਾ**—ਓਹ ਸਤਰੂਪ ਵਸਤੂ ਸਚਾ ਵਾਹਿਗੁਰੂ ਹੈ ॥ ਏਸ ਲੋਕ ਦੇ ਜੀਵ ਅਰੁ ਉਸ ਲੋਕ ਦੇ ਜੀਵ ਸਚੇ ਵਾਹਿਗੁਰੂ ਤੋਂ ਕੁਰਬਾਨ ਹੋ ਰਹੇ ਹੈਂ ਅਰੁ ਦੋਨੋ ਲੋਕਾਂ ਦੇ ਪਦਾਰਥ ਸਚੇ ਤੋਂ ਵਾਰਨੇ ੨ ਕਰਤੇ ਹੈਂ ॥ ੧ ॥ ਪੁਨਾ ਇਤ੍ਰ ਜੀਵਾਂ ਕੀ ਕਿਆ ਬਾਤ ਹੈ ਜੋ ਦੋਨੋ ਲੋਕਾਂ ਕੇ ਸੰਤ ਅਰੁ ਔਤਾਰ ਸਚੇ ਦੀ ਕੁਦਰਤਿ ਦੇਖ ੨ ਕੇ ਅਸਚਰਜ ਹੋ ਰਹੇ ਹੈਂ। ਭਾਵ ਜਬ ਉਨ ਸੇ ਆਦ ਅੰਤ ਕੁਛ ਨਾ ਜਾਣਿਆ ਗਿਆ ਤਬ ਓੜਕ ਏਹ ਬਿਚਾਰ ਕੈ ਕਹਾ ਜੋ ਸਚੇ ਦਾ ਭੇਦ ਕੁ ਨਹੀ ਜਾਨਾ ਜਾਤਾ ਤਾਂਤੇ ਸਚੇ ਦਾ ਨਾਮ ਜਪਨਾ ਹੀ ਠੀਕ ਹੈ ॥ ੨ ॥ ੨੭

Digitized by Panjab Digital Library | www.panjabdigilib.org

**ਮੂ: ਹਰਕਿ ਦਰ ਯਾਦੇ ਖ਼ੁਦਾ ਦਾਇਮ ਬਵੱਦ ॥**
**ਬਾ ਖ਼ੁਦਾ ਕਾਇਮ ਬਵੱਦ ਕਾਇਮ ਬਵੱਦ ॥**

**ਟੀਕਾ**—ਹੇ ਭਾਈ ਐਸੇ ਨਿਸ਼ਚੈ ਕਰਕੇ ਜੋ ਕੋਈ ਵਾਹਿਗੁਰੂ ਕੀ ਭਗਤੀ ਵਿਖੇ ਹਮੇਸ਼ਾਂ ਇਸਥਿਤ ਹੂਆ ਹੈ ॥ ੧ ॥ ਓਹੁ ਸਾਥ ਵਾਹਿਗੁਰੂ ਦੇ ਕਾਇਮ ਹੂਆ ਹੈ॥੨॥ਭਾਵਅਭੇਦਹੂਆ ਹੈ ॥੨॥੨੮॥ ਆਪਨੇ ਜੋ ਕਹਾ ਕਿ ਭਗਤੀ ਵਾਲਾ ਹਰੀ ਸਾਥ ਅਭੇਦ ਹੋਤਾ ਹੈ ਅਰੁ ਹੂਆ ਹੈ ਏ ਤੋ ਨਿਸਚਤ ਹੂਆ ਪ੍ਰੰਤੂ ਇਸ ਸੰਸਾਰ ਕੀ ਉਤਪਤੀ ਕਿਸ ਸੇ ਮਾਨੇ ਮਾਯਾ ਤੋ ਜੜ ਰੂਪ ਆਪਨੇ ਕਹੀ ਹੈ ਉਤ੍ਰ ॥

**ਮੂ: ॥ ਈਂ ਦੂ ਆਲਮ ਜ਼ਰਏ ਅਜ਼ਨੂਰ ਓਸਤ ॥**
**ਮਿਹਰ ਮਹਿ ਮਸਅਲ ਕਸੇ ਮਜ਼ਦੂਰ ਓਸਤ ॥**

**ਟੀਕਾ**—ਹੇ ਭਾਈ ਏਹ ਦੋਨੋ ਲੋਕ ਉਸ ਵਾਹਿਗੁਰੂ ਕੇ ਚੇਤਨ ਸਰੂਪ ਸੇ ਪ੍ਰਗਟ ਹੁਏ ਹੈਂ ( ਭਾਵ ਮਾਯਾ ਆਪਨੇ ਆਪ [illegible] ਜੜ ਹੈ ਚੇਤਨ ਕੀ ਸਤਯਾ ਪਾ ਕਰ ਸੰਸਾਰ ਕੋ ਰਚਤੀ ਹੈ ਇਸ ਤੇ ਚੇਤਨ [illegible] ਰੂਪ ਸੇ ਜਗਤ ਕਹਾ ਹੈ ॥ ੨॥ਪ੍ਰਸਨ ਜਬ ਚੇਤਨ ਰੂਪ ਸੇ ਸੰਸਾਰ ਪਗਟ [illegible] ਹੂਆ ਤੌਬ ਚੇਤਨ ਰੂਪ ਕਾ ਹੀ ਜਗਤ ਮੈ ਪ੍ਰਕਾਸ ਹੋਨਾ [illegible] ਪਾਇ ਅਰੁ ਸਭ ਲੋਕ ਅਰੁ ਗ੍ਰੰਥ ਏਹ ਕਹਿਤੇ ਹੈ ਜੋ ਚੰਦ ਸੂਰਜ [illegible] ਜਗ ਮੈ ਪ੍ਰਕਾਸ ਕਰਤੇ ਹੈਂ ਇਸਤੇ ਏਹੀ ਈਸ੍ਰ ਹੈ ॥ਉਤ੍ਰ ॥ ਹੇ ਭਾਈ ਸੂਰਜ ਅਰੁ ਚੰਦ੍ਰਮਾਂ ਏ ਜੋ ਪ੍ਰਕਾਸ ਕਰਤੇ ਦੇਖੀਦੇ ਹੈ ਏਹ ਦੋਨੋਂ ਪ੍ਰਕਾਸਤਾ ਰੂਪੀ ਮਸਾਲਾਂ ਦੇ ਪਕੜਨੇ ਵਾਲੇ ਨੌਕਰ ਮਜੂਰ ਉਸ ਰਖਕ ਵਾਹਿਗੁਰੂ ਕੇ ਹੈ । ਭਾਵ ਵਾਹਿਗੁਰੂ ਕੇ ਪ੍ਰਕਾਸ ਸੇ ਪ੍ਰਕਾਸਤੇ ਹੈਂ ਆਪਣੇ ਆਪ ਜੜ ਹੈ ਇਸ ਤੇ ਏਹ ਈਸ੍ਰ ਨਹੀਂ ਪ੍ਰਮਾਨ ਸਭ ਮੈ ਜੋਤਿ ਜੋਤਿ ਹੈ ਸੋਇ ॥ ਤਿਸਦੈ ਚਾਨਣੇ ਸਭ ਮੈ ਚਾਨਣ ਹੋਇ ॥ ਧਨਾਸਰੀ ਮ: ੧ ॥ ਅਰੁਕਹਿਣੇ ਵਾਲਯੋ ਨੇ ਜੋ ਕਹਾ ਹੈ ਸੋ ਬਾਹਜ ਮੁਖ ਦ੍ਰਿਸਟੀ ਸੋਂ ਕਹਾ ਹੈ ॥ ੨ ॥ ੨੯॥ ਪਿਛੇ ਜੋ ਪ੍ਰਸਨ ਕੀਆ ਸੀ ਕਿ ਮਾਯਾ ਦੀ ਉਪਲਬਦੀ ਭੀ ਚਾਹੀਏ ਸਰੂਰ ੨ ਤਿਸਕਾ ॥ ਉਤ੍ਰ ॥

**ਮੂ: ਹਾਸ਼ਲੇ ਦੁਨੀਆਂ ਹਮੀ ਦਰਦੇ ਸਰ ਅਸਤ ॥**
**ਹਰਕਿ ਗ਼ਾਫ਼ਲ ਸ਼ੁਦ ਜ਼ਿ ਹਕ ਗਾਵੇ ਖਰ ਅਸਤ ॥**

Digitized by Panjab Digital Library | www.panjabdigilib.org

**ਟੀਕਾ**–ਵਾਹਿਗੁਰੂ ਨੂੰ ਭੁਲਾ ਕੈ ਜੋ ਪ੍ਰਾਪਤੀ ਮਾਯਾ ਦੀ ਕਰਨੀ ਹੈ ਏਹ ਨਿਸਰੇ ਪੀੜ੍ਹਾ ਸਿਰਦੀ ਹੈ) ਭਾਵ ਮਾਯਾ ਮੈ ਖਰਤ ਹੋਨੇ ਸੇ ਦੋਨੋ ਲੋਕਾਂ ਮੈ ਦੁਖ ਪ੍ਰਾਪਤਿ ਹੋਤੇ ਹੈਂ ਯਦਪ ਦੇਖਨੇ ਮਾਤ੍ਰ ਵਿਹਾਰ ਮੈ ਸੁਖ ਦਿਖਾਵਤੀ ਹੈ ਪ੍ਰੰਤੂ ਨਾਮ ਕੋ ਤਯਾਗ ਕੈ ਮਾਯਕ ਸੁਖੋਂ ਮੈ ਖਚਤ ਹੋਨੇ ਤੇ ਆਤਮਕ ਸੁਖ ਕਭੀ ਨਹੀਂ ਹੋਤਾ॥੧॥ਤਾਂਤੇ ਜੋ ਕੋਈ ਮਾਯਕ ਸੁਖੋ ਮੈ ਲਗਕਰ ਪ੍ਰਮਾਦੀ ਹੂਆ ਹੈ ਸਚੇ ਵਾਹਿਗੁਰੂ ਕੇ ਨਾਮ ਸੇ ਓਹੁ ਬੈਲ ਹੈ ਪੁਨਾ ਗਧਾ ਕਹੀਦਾ ਹੈ। ਭਾਵ ਜੈਸੇ ਪਸ਼ੂ ਕੋ ਖਾਨੇ ਪੀਨੇ ਕੀ ਅਰੁ ਵਿਸੇ ਕੀ ਗਜਾਤ ਹੋਤੀ ਹੈ ਅਰੁ ਪ੍ਰਮੇਸ਼ੂ ਕੇ ਜਾਨਨੇ ਕੀ ਗਜਾਤ ਨਹੀਂ ਹੋਤੀ ਤੈਸੇ ਮਾਯਕ ਸੁਖ ਭੋਗਨੇ ਵਾਲਯੋ ਕੋ ਹਰੀ ਕੀ ਗਜਾਤ ਨਹੀਂ ਹੋਤੀ ਇਸਤੇ ਪਸ਼ੂ ਸਮਾਨ ਕਹੇ ਹੈਂ ਪ੍ਰਮਾਨ–ਆਵਨ ਆਇ ਸ੍ਰਿਸਟਿ ਮੈ ਬਿਨ ਬੂਝੇ ਪਸੁ ਢੋਰ॥ ਗਉੜੀ ਬਾਵਨ ਅਖਰੀ ਮ:੫ ਸਲੋਕ॥੨॥੩੦॥ ਪਨਾ ਘੋੜਾ ਵਾਸਤੇ॥

ਮੂਲ॥ ਗ਼ਾਫ਼ਲਤ ਆਜ਼ਾਦੇ ਯਕ ਦਮ ਸਦ ਮਰਗਾਂ॥
ਜ਼ਿੰਦਗੀ ਯਾਦੱਸ਼ਤ ਨਿਜ਼ਦੇ ਆਕਲਾਂ॥

**ਟੀਕਾ**–ਪ੍ਰਮਾਦੀ ਹੋਣਾ ਉਸ ਵਾਹਿਗੁਰੂ ਸੇ ਇਕ ਸੁਆਸ ਮਾਤ੍ਰ ਭੀ ਸੌ ਮੌਤ ਜਾਣ) ਭਾਵ ਗਾਫਲ ਪੁਰਸ਼ ਪੁਨਾ ੨ ਸੈਕੜੇ ਵੇਰੀ ਜਨਮਤਾ ਮਰਤਾ ਹੈ ਤਾਂਤੇ ਭਗਤੀ ਕਰੀਏ॥੧॥ ਸੋ ਜੀਵਨ ਰੂਪ ਭਗਤੀ ਪਾਸ ਅਕਲਮੰਦਾਂ ਹੈ॥ ਭਾਵ ਅਭਯਾਸੀ ਸੰਤਾਂ ਪਾਸੋਂ ਪ੍ਰਾਪਤਿ ਹੋਤੀ ਹੈ॥੨॥੩੧॥ ਸਿਧਾਂਤ॥

ਮੂਲ॥ ਹਰ ਦਮ ਕਿ ਬੁਗੁਜ਼ਰਦ ਦਰ ਯਾਦਿਊ॥
ਬਾਖ਼ੁਦਾ ਕ਼ਾਇਮ ਬਵੱਦ ਬੁਨੀ ਯਾਦਿਊ॥

**ਟੀਕਾ**–ਜੋ ਜਿਸਕਾ ਹਰ ਇਕ ਸੁਆਸ ਗੁਜਰਦਾ ਹੈ ਉਸਕੀ ਯਾਦ ਗੀਰੀ ਅੰਦ੍ਰ॥੧॥ ਹੈ ਭਾਈ ਸਾਥ ਵਾਹਿਗੁਰੂ ਕੇ ਕਾਇਮ ਹੋਤੀ ਹੈ ਜੜ ਉਸਕੀ) ਭਾਵ ਉਸ ਜਗਯਾਸੂ ਕੀ ਪ੍ਰਮੇਸ਼੍ਰ ਮੈ ਅਤਿ ਦ੍ਰਿੜ੍ਹਤਾ ਹੋਤੀ ਹੈ॥੨॥੩੨॥ਪਿਛੇ ਜੋ ਭਗਤਿ ਤਿਨ ਪ੍ਰਕਾਰ ਕੀ ਕਹੀ ਹੈ ਉਸ ਮੈ ਸੇ ਏਕ ਤਨ ਦੀ ਭਗਤੀ ਕਾ ਕਰਨਾ ਔਰ ਫਲ ਕਹਤੇ ਹੈਂ:

ਮੂਲ॥ ਹਰ ਸਰੇ ਕੂ ਸਜਦ ਹੇ ਸੁਬਹਾਂਨ ਕਰਦ॥
ਹਕ ਮਰੋਰਾ ਸਾਹਿਬੇ ਈਮਾਂਨ ਕਰਦ॥

Digitized by Panjab Digital Library | www.panjabdigilib.org

**ਟੀਕਾ**–ਜੋ ਕੋਈ ਸਿਰਕਰਕੇ ਨਿਮਸਕਾਰ ਸੋਭਨੀਕ ਅਸਚਰਜ ਵਾਹਿਗੁਰੂ ਨੂੰ ਕਰਦਾ ਹੈ। ਭਾਵ ਗੁਰਾਂ ਨੂੰ ਸੰਤਾ ਨੂੰ ਨਿਮਸਕਾਰ ਕਰਦਾ ਹੈ ॥ ੧ ॥ ਸਚਾ ਵਾਹਿਗੁਰੂ ਨਿਸਚੇ ਕਰਕੇ ਉਸਕੇ ਤਾਂਈਂ ਮਾਲਕ ਧਰਮ ਦਾ ਕਰਦਾ ਹੈ) ਭਾਵ ਧਰਮ ਉਸਦਾਂ ਸਫਲਾ ਕਰਦਾ ਹੈ ਤਿਸਕਰ ਦੋਨੋ ਲੋਕਾਂ ਦੇ ਸੁਖ ਦੇਂਦਾ ਹੈ ਸੁਰਖੁਰੂ ਹੋਨੇ ਤੇ ॥ ਪ੍ਰਸਨ ਆਪਨੇ ਨਿਮਸਕਾਰ ਕਰਨੇ ਦਾ ਬਡਾ ਫਲ ਕਹਾ ਹੈ ਸੋ ਜੇਕਰ ਨਮਸਕਾਰ ਨਾਂ ਕਰੈ ਤਾਂ ਕਿਆਂ ਦੋਸ ਹੈ ਉਤ੍ਰ ਜੋ ਕੋਈ ਸਿਰ ਕਰਕੇ ਨਿਮਸਕਾਰ ਵਾਹਿਗੁਰੂ ਕੋ ਨਹੀਂ ਕਰਦਾ ॥ ੧ ॥ ਸਚਾ ਪ੍ਰਮੇਸ੍ਰ ਨਿਸਚੇ ਸੇ ਉਸ ਨੂੰ ਮਾਲਕ ਧਰਮ ਦਾ ਨਹੀਂ ਕਰਦਾ) ਭਾਵ ਝੂਠਾ ਤੇ ਹੰਕਾਰੀ ਹੋਨੇ ਤੇ ਚੌਰਾਸੀ ਮੈ ਫੇਰਦਾ ਹੈ ॥ ੨ ॥ ੩੩ ॥ ਪ੍ਰਸਨ ਆਪਨੇ ਸਿਰ ਨਾ ਨਿਵਾਨੇ ਕਾ ਜੋ ਬਡਾਂ ਦੋਸ ਦਿਖਾਯਾ ਹੈ ਇਸ ਮੈ ਕਿਆ ਹੇਤੂ ਹੈ ਸੋ ਕਹੀਏ ॥ ਉਤ੍ਰ ॥

**ਮੂਲ ॥ ਸਰ ਬਰਾਏ ਸਜਦਹ ਪੈਦਾ ਕਰਦਹ ਅੰਦ ॥**
**ਦਰਦ ਹਰ ਸਰ ਰਾ ਮਦਾਵਾ ਕਰਦਹ ਅੰਦ ॥**

**ਟੀਕਾ**—ਹੇ ਭਾਈ ਸਿਰ ਵਾਸਤੇ ਨਿਮਸਕਾਰਾਂ ਦੇ ਪ੍ਰਗਟ ਕੀਤਾ ਹੈ ॥ ਭਾਵ ਸਭ ਅੰਗ ਭਿਨ ੨ ਕਾਰਜ ਕੋ ਉਤਪਤਿ ਕੀਏਹੈਂ ਤਿਨੋਂ ਮੈ ਸਿਰ ਨਮਸਕਾਰ ਕਰਨੈ ਸੇ ਸਫਲਾ ਹੋਤਾ ਹੈ ॥ ੧ ॥ ਪੁਨਾ ਤਮਾਮ ਸਿਰਦੀ ਪੀੜਾਂ ਦਾ ਏਹ ਨਮਸਕਾਰ ਕਰਨੀ ਦਾਰੂ ਪੈਦਾ ਕੀਤਾ ਹੈ) ਭਾਵ ਕੈਸੇ ਭੀ ਕੋਈ ਕਠੋਰ ਚਿਤ ਹੋ ਉਸ ਆਗੇ ਜਾ ਨਿਮਸਕਾਰ ਕਰੀਏ ਤਾਂ ਓਹੁ ਪ੍ਰਸੰਨ ਹੋਕਰ ਨਰਮ ਦਿਲਹੋ ਜਾਤਾ ਹੈ ਇਸਤਰਾਂ ਸਭ ਬਲਾਂਵਾ ਦਫਾ ਹੋਕਰ ਸੁਖਾਂ ਦੀ ਪ੍ਰਾਪਤੀ ਹੋਤੀ ਹੈ ॥ ਅਰੁ ਨਾਂ ਕਰਨੇ ਸੇ ਦੁਖਾਂ ਕੀ ਪ੍ਰਾਪਤੀ ਹੋਤੀ ਹੈ ॥ ੨ ॥ ੩੪ ॥

**ਮੂਲ ॥ ਪਸ ਤੁਰਾ ਬਾਇਦਕੁਨੀ ਹਰਦਮ ਸਜੂਦ ॥**
**ਗ਼ਾਫਲ ਅਜ਼ਵੈ ਯਕ ਜ਼ਮਾਂ ਆਰਫ ਨਬੂਦ ॥**

**ਟੀਕਾ**—ਐਸਾ ਲਾਭਦਾਇਕ ਜਾਨਕਰ ਫੇਰ ਤੇਰੇ ਤਾਂਈ ਭੀ ਚਾਹੀਦਾ ਹੈ ਹਰ ਵਕਤ ਨਮਸਕਾਰ ਕਰਨੀ ਵਾਹਿਗੁਰੂ ਦੇ ਸੰਤਾਂ ਨੂੰ ਆਤੇ ਜਾਤੇ ਇਸਰੀਤੀ ਅਨਸਾਰ ॥ ੧ ॥ ਪ੍ਰਸਨ ॥ ਆਪਨੇ ਜੋ ਨਮਕਾਰ ਕਰਨੀ ਕਹੀ ਹੈ ਸੋ ਠੀਕ ਹੈ ਪ੍ਰੰਤੂ ਜਗਜਾਸੂ ਕੋ ਤਾਂ ਜਰੂਰ ੨ ਚਾਹੀਏ ਅਰੁ ਜਬ ਜਗਜਾਸਾ ਕਾਲਸੇ ਉਪ੍ਰਵਸਤਾ ਵਾਲਾ ਹੋ ਜਾਇ ਤਬ ਫੇਰ ਕਿਆ ਜਰੂਰਤ ਹੈ ਕਿਉਂ ਜੋ ਸਭ

Digitized by Panjab Digital Library | www.panjabdigilib.org

ਲੋਕ ਉਸਕੋ ਨਮਸਕਾਰਾਂ ਕਰਨੇ ਲਗ ਜਾਤੇ ਹੈਂ ।ਉਤ੍ਰ॥ ਹੇ ਭਾਈ ਉਸ ਪ੍ਰਮੇਸ੍ਰ ਕੀ ਤਰਫ ਅਰੁ ਗੁਰਾਂ ਕੀ ਤੇ ਸੰਤਾ ਕੀ ਤਰਫ ਨਮਸਕਾਰ ਕਰਨੇ ਸੇ ਗਯਾਨਵਾਨ ਭੀ ਇਕ ਸੁਆਸ ਮਾਤ੍ਰ (ਗਾਫਲ) ਪ੍ਰਮਾਦੀ ਨਹੀਂ ਹੋਤੇ ਤਾਂਤੇ ਜੇਕਰ ਆਪਨੇ ਆਪਕੋ ਤੂੰ ਗਯਾਨਵਾਨ ਕਹਾਂਵਦਾ ਹੈ ਤਾਂ ਤੂੰ ਭੀ ਪ੍ਰਮਾਦੀ ਨਾ ਹੋਹੁ ॥ ੨ ॥ ੩੫ ॥

**ਮੂ: ॥ ਹਰਕਿ ਗਾਫਲ ਸੁਦ ਚਰਾਂ ਆਕਲ ਬਵਦ ॥**
**ਹਰਕਿ ਗਾਫਲ ਗਸ਼ਤ ਓ ਜ਼ਾਹਲ ਬਵੱਦ (ਟੀ: ॥**

ਟੀਕਾ—ਹੇ ਭਾਈ ਐਸੇ ਜਾਨ ਬੂਝਕੈ ॥ ਜੋ ਕੋਈ ਗਾਫਲ ਹੂਆ ਹੈ ਗੁਰਾਂ ਸੰਤਾ ਸੇ ਓਹੁ ਕਿਆ ਅਕਲ ਵਾਲਾ ਹੈ) ਭਾਵ ਓਹੁ ਗਯਾਨਵਾਨ ਵਿਦਵਾਨ ਨਹੀਂ ਹੈ ॥ ੧ ॥ ਪੁਨਾ ਜੋ ਕੋਈ ਗਾਫਲ ਹੂਆ ਹੈ ਓਹੁ ਹਮਾਰੀ ਸਮਝ ਮੈ ਮੂਰਖ ਹੈ ਅਗਯਾਨੀ ਹੈ ॥ ੨ ॥ ੩੬ ॥ ਪ੍ਰਸਨ ਆਪਨੇ ਜੋ ਗਯਾਨਵਾਨ ਕਹੇ ਹੈ ਉਨਕਾ ਕੋਈ ਚਿੰਨ ਵਾ ਕਰਤਬ ਕਹੀਏ ਜਿਸ ਕਰ ਹਮ ਭੀ ਜਾਨ ਲੇਵੈਂ ॥ ਉਤ੍ਰ ॥

**ਮੂ: ॥ ਮਰਦੇ ਆਰਫ ਫਾਰਗ ਅਜ਼ ਚੂਨ ਚਰਾਂ ਸਤ ॥**
**ਹਾਸ਼ਲੇ ਉਮਰਸ਼ ਹਮੀ ਯਾਦੇ ਖ਼ੁਦਾਸਤ ਟੀ: ॥**

ਟੀਕਾ—ਗਯਾਨਵਾਨ ਪੁਰਸ ਨਿਆਰੇ ਰਹਿਤੇ ਹੈਂ ਸੰਕਲਪਾਂ ਵਿਕਲਪਾਂ ਸੈਂ । ਭਾਵ ਨਿੰਮਰ ਚਿਤ ਰਹਿਤੇ ਹੈਂ ਅਰੁ ਈਰਖਾ ਬਖੀਲੀ ਕਿਸੇ ਸੇ ਨਹੀਂ ਕਰਤੇ ॥ ੧ ॥ ਪੁਨਾ ਨਫਾ ਇਸ ਜੀਵਨੇ ਦਾ ਉਨਾਂ ਨੇ ਭੀ ਏਹੀ ਜਾਣਿਆ ਹੈ ਜੋ ਯਾਦਗੀਰੀ ਵਾਹਿਗੁਰੂ ਦੀ ਕਰਨੀ ਕਰਾਨੀ ਤੇ ਨਮ੍ਰ ਹੋਣਾ ॥ ੨ ॥ ੩੭ ॥

**ਮੂ: ॥ ਸਾਹਿਬੇ ਈਮਾਂ ਹੁਮਾਂ ਬਾਸ਼ਦ ਹੁਮਾਂ ॥**
**ਕੌਨ ਬਾਸ਼ਦ ਗਾਫਲ ਅਜ਼ ਵੈ ਯਕ ਜ਼ਮਾਂ ॥**

ਟੀਕਾ—ਸਿਧਾਂਤ ਮਾਲਕ ਧਰਮ ਦਾ ਓਹੁ ਹੈ ੨ ॥ ਭਾਵ ਓਹੁ ਸਨਮੁਖ ਧਰਮ ਵਾਲਾ ਕਹੀਦਾ ਹੈ ॥ ੧ ॥ ਜੋ ਨਹੀਂ ਹੋਤਾ ਪ੍ਰਮਾਦੀ ਉਸ ਕੀ ਭਗਤੀ ਸੇ ਇਕ ਸੁਆਸ ਮਾਤ੍ਰ ਭੀ ॥ ੨ ॥ ੩੮ ॥ ਪ੍ਰਮਾਦੀ ਜੀਵਾਂ ਦੀ

Digitized by Panjab Digital Library | www.panjabdigilib.org

ਅਵਸਥਾ ਬੀਚਾਰਕੈ ਭਾਈ ਜੀ ਦੁਖ ਕਾ ਬਚਨ ਸੰਗਤ ਕੋ ਸੁਨਾਤੇ ਹੈਂ ਮਤਾਂ ਭੂਲੇ ਹੋਏ ਸੁਨਕੈ ਸਮਝ ਜਾਵੈ।

**ਮੂੰ:॥ ਕੁਫਰ ਬਾਸ਼ਦ ਅਜ਼ ਖੁਦਾ ਗਾਫਲ ਸ਼ੁਦਨ ॥**
**ਬਰ ਲਿਬਾਸੇ ਦੁਨਯਵੀ ਮਾਇਲ ਸ਼ੁਦਨ ॥**

**ਟੀ:**—ਹੇ ਭਾਈਓ ਬਡਾ ਲੋਹੜਾ ਹੈ ਜੋ ਜੀਵਾਂ ਕਾ ਵਾਹਿਗੁਰੂ ਸੇ ਪ੍ਰਮਾਦੀ ਹੋਣਾ ਹੈ। ਭਾਵ ਆਪ ਭੁਲਨਾ ਤੇ ਹੋਰਾਂ ਕੋ ਹਰੀ ਤੇ ਭੁਲਾ ਦੇਣਾ ॥੧॥ ਪੁਨਾ ਹਰੀ ਨੂੰ ਭੁਲਾ ਕਰ ਜੋ ਮਾਯਾ ਦੇ (ਭੇਸ) ਚਮਤਕਾਰ ਖਾਨ ਪਾਨ ਪੈਰਾਨ ਆਦੀ ਸੁਖਾਂ ਕੇ ਉਪਰ ਜੇੜਾ ਮੋਹਤ ਹੋਣਾ ਹੈ ਇਹ ਭੀ ਬਡਾ ਲੋਹੜਾ ਹੈ। ਭਾਵ ਮਾਯਕ ਸੁਖੋਂ ਮੈਂ ਜੋ ਜੀਵ ਖਚਤ ਹੋਤੇ ਹੈਂ ਸੋ ਦੁਖੀ ਹੋਤੇ ਹੈਂ ਇਸਤੇ ॥੨॥ ੩੯॥ ਪ੍ਰਸ਼ਨ॥ ਆਪਨੇ ਮਾਯਕ ਪਦਾਰਥਾਂ ਮੈਂ ਦੁਖ ਹੋਨਾ ਕਹਾ ਹੈ ਅਰੁ ਪ੍ਰਤਖ ਸਭੀ ਸੁਖ ਦੇਖੀਦੇ ਹੈਂ ਕਿਉਂ ਜੋ ਮਾਯਾ ਬਿਨਾ ਕੋਈ ਸੁਖ ਨਹੀਂ ਦੇਖੀਤਾ ਇਸ ਤੇ ਆਪ ਸੋ ਦੁਖ ਹੋਨੇ ਕਾ ਕਾਰਨ ਨਿਰਨੇ ਸੇ ਕਹੀਏ॥ ਉਤ੍ਰ॥

**ਮੂੰ:॥ ਈਂ ਲਿਬਾਸੇ ਦੁਨਯਵੀ ਫਾਨੀ ਬੁਵਦ ॥**
**ਬਰ ਖੁਦਾਵੰਦੀਸ਼ ਅਰਜ਼ਾਨੀ ਬੁਵਦ ॥**

**ਟੀ:**—ਹੇ ਭਾਈ ਏਹ ਜੋ ਚਮਤਕਾਰ ਖਾਨ ਪਾਨ ਭੋਗ ਆਦੀ ਮਾਯਾ ਦੇ ਦੇਖੀਦੇ ਹੈ ਸੋ ਵਾਸਤਵ ਅੰਤ ਨੂੰ ਨਾਸ਼ ਰੂਪ ਹੈ। ਭਾਵ ਪਹਿਲੇ ਤੋ ਏਹ ਮਾਯਾ ਹੀ ਨਾਸ ਹੋਨੇ ਵਾਲੀ ਹੈ ਜਬ ਏਹੀ ਸਦਾ ਰਹਿਨੇ ਵਾਲੀ ਨਹੀਂ ਤਾਂ ਫੇਰ ਇਸ ਦੇ ਭੋਗ ਕਹਾਂ ਇਸਥਿਤ ਅਰੁ ਸੁਖ ਰੂਪ ਹੋਵੈਂਗੇ। ਯਦਪ ਕਿੰਚਤ ਮਾਤ੍ਰ ਸੁਖ ਦੇਖੀਤੇ ਹੈਂ ਪਰੰਤੂ ਅੰਤ ਕੋ ਨਾਸ ਹੋਜਾਨੇ ਵਾਲੇ ਹੈਂ ਪੁਨਾ ਜੋ ਬੀਚਾਰ ਕਰ ਦੇਖੀਏ ਤਾਂ ਹਰ ਵਖਤ ਦੁਖ ਰੂਪ ਹੈ ਮਾਯਾ ਕੈਸੇ ਜੋ ਪਹਿਲੇ (ਜਤਨ) ਦੁਖਾਂ ਸੇ ਕਮਾਈਦੀ ਹੈ ਪੁਨਾ ਰਖਨੇ ਮੇਂ ਜਤਨ ਕਰੀਦਾ ਹੈ ਪੁਨਾ ਚੋਰਾਂ ਆਦਿਕਾਂ ਕੇ ਲੈਜਾਨੇ ਸੇ ਦੁਖ ਹੋਤਾ ਹੈ ਐਸੀ ਦੁਖ ਰੂਪ ਮਾਯਾ ਮੇਂ ਖਚਤ ਹੋਨੇ ਵਾਲਿਯੋਂ ਕੋ ਪ੍ਰਲੋਕ ਮੇ ਬਡਾ ਦੁਖ ਹੋਤਾ ਹੋਤਾ ਹੈ ॥੧॥ ਪ੍ਰਸ਼ਨ॥ ਆਪ ਨੇ ਮਾਯਾ ਨਾਸ ਹੋਨੇ ਵਾਲੀ ਕਹੀ ਹੈ ਅਰੁ ਹੋਰ ਲੋਕ ਮਾਯਾ ਕੋ ਅਨਾਦੀ ਕਹਿਤੇ ਹੈਂ ਤਾਂਤੇ ਜੋ ਵਸਤੂ ਨਾਸ ਹੋਤੀ ਹੈ ਉਸ ਕੀ ਉਤਪਤੀ ਭੀ ਹੋਤੀ ਹੈ ਸੋ ਇਸ ਮਾਯਾ ਕੀ ਉਤਪਤੀ ਕਹਾਂ ਸੇ ਹੋਤੀ ਹੈ ਸੋ ਕਹੀਏ ਜੀ॥ ਉਤ੍ਰ॥ ਉਸ ਵਾਹਿਗੁਰੂ ਕੀ ਸਾਹਿਬੀ ਊਪਰ ਏ ਮਾਯਾ ਅਰੁ ਮਾਯਾ ਦਾ ਲਿਬਾਸ ਬਨਿਆ ਹੋਇਆ ਹੈ। ਭਾਵ ਮਾਯਾ

Digitized by Panjab Digital Library | www.panjabdigilib.org

ਕੀ ਉਤਪਤੀ ਵਾਹਿਗੁਰੂ ਕੀ ਇਛਿਆ ਸੇ ਹੈ ਤਾਂਤੇ ਜੋ ਇਛਿਆ ਉਤਪਤਿ ਹੋਤੀ ਹੈ ਓਹੁ ਨਵਿਰਤ ਭੀ ਹੋਜਾਤੀ ਹੈ ਇਸ ਪ੍ਰਕਾਰ ਉਤਪਤੀ ਅਰੁ ਨਾਸਤਾ ਹੋਤੀ ਹੈ ਵਾਸਤਵ ਤੇ ਏਹ ਮਾਯਾ ਚੇਤਨ ਕੀ ਸਤਜਾ ਪਾਕਰ ਇਸਥਿਤ ਦੇਖੀਤੀ ਹੈ ਅਰੁ ਚੇਸਟਾ ਕਰਤੀ ਹੈ ਪਰ ਆਪਨੇ ਆਪ ਜੜ ਰੂਪ ਹੈ ਚੇਤਨ ਸਤਜਾ ਬਿਨਾ ਇਸ ਮੇ ਕੁਛ ਨਹੀਂ ਹੋਸਕਤਾ ਅਰੁ ਨਾਂ ਇਸਥਿਤ ਰਹਿ ਸਕਤੀ ਹੈ। ਉਤਪਤੀ ਤੇ ਚੇਸਟਾ ਮੇ ਪ੍ਰਮਾਨ ਅਕਾਲ ਉਸਤਤਿ ਸਰਬਕਾਲ ਸਬ ਜਗ ਕੇ ਤਾਤਾ। ਤਾਂਤੇ ਭਯੋ ਤੇਜ ਬਖਯਾਤਾ। ਸੋਈ ਭਵਾਨੀ ਨਾਮ ਕਹਾਯੋ। ਜਿਨ ਸਗਰੀ ਇਹ ਸ੍ਰਿਸਟਿ ਬਨਾਯੋ ॥ ੨ ॥ ੪੦ ॥

## ਮੂਲ ॥ ਚੀਸਤ ਦੁਨੀਆਂ ਓ ਲਿਬਾਸ ਦੁਨਜਵੀ ॥
## ਅਜ਼ ਖੁਦਾ ਗਾਫਲ ਸੁਦੱਨ ਏ ਮੌਲਵੀ ॥

ਟੀ—ਪ੍ਰਸ਼ਨ ਮਾਯਾ ਕਿਆ ਚੀਜ ਹੈ ਅਰ ਮਾਯਾ ਦੇ ਚਮਤਕਾਰ ਭੋਗ ਕਿਆ ਹੈ ॥ ੧ ॥ ਉਤ੍ਰ ਵਾਹਿਗੁਰੂ ਸੇ ਜੇਹੜਾ ਗਾਫਲ ਹੋਣਾ ਹੈ ਏਹੀ ਮਾਯਾ ਅਰੁ ਏਹੀ ਭੋਗ ਹੈ ਐ ਬੁਧੀਮਾਨ ਭਾਵ ਪ੍ਰਮੇਸਰ ਕੋ ਤ੍ਯਾਗ ਕੇ ਜੋ ਖਾਨ ਪਾਨ ਆਦੀ ਭੋਗੋ ਮੇ ਖਚਤ ਹੋਜਾਣਾ ਏਹੀ ਮਾਯਾ ਹੈ ਇਸ ਕਰ ਜੀਵ ਦੁਖ ਭੋਗਤੇ ਹੈਂ ॥ ੨ ॥ ੪੧ ॥

## ਮੂਲ ॥ ਚੀਸਤ ਅਹਿਸਾਂ ਸਹਬਤੇ ਮਰਦਾਨ ਹਕ ॥
## ਆਂਕਿ ਮਖਾਨੰਦ ਅਜ਼ ਇਸ਼ਕਸ਼ ਸਬਕ ॥

ਟੀਃ—ਪ੍ਰਸਨ ਸਚੇ ਕੇ ਸੰਤਾਂ ਕੀ ਸੰਗਤਿ ਕਾ ਪਰਉਪਕਾਰ ਕਿਆ ਹੋ ਰਹਾ ਹੈ ਜਿਸ ਕਰ ਸੰਗਤਿ ਕਰਨੀ ਆਪ ਕੈਤੇ ਹੋ ॥ ੧ ॥ ਉਤ੍ਰ (ਓਹ ਜੋ) ਸੰਤ ਪੜਾਂਵਦੇ ਹੈਂ ਉਸ ਸਚੇ ਕੇ ਪ੍ਰੇਮ ਦਾ ਪਾਠ) ਭਾਵ ਜੋ ਸੰਤਾਂ ਕੀ ਸੰਗਤਿ ਕਰੈ ਉਸ ਕੋ ਹਰੀ ਦੇ ਪਰੇਮ ਕੀ ਪ੍ਰਾਪਤੀ ਕਾ ਉਪਦੇਸ ਕਰਤੇ ਹੈਂ ਏਹ ਸੰਗਤ ਕਰਨੇ ਕਾ ਪ੍ਰਉਪਕਾਰ ਹੈ ਇਸਕਰ ਦੋਨੋਂ ਲੋਕਾਂ ਮੇ ਸੁਖ ਹੋਤਾ ਹੈ ॥ ੨ ॥ ੪੨ ॥ ਪ੍ਰਿਛਲੇ ਪ੍ਰਸੰਗ ਕਾ ਸਿਧਾਂਤ ॥

## ਮੂਃ ਯਾਦਿ ਓ ਸਰਮਾਇਹੇ ਈਮਾਂ ਬਵੱਦ ॥
## ਹਰ ਗਦਾ ਅਜ਼ ਯਾਦਿ ਓ ਸੁਲਤਾਂ ਬਵੱਦ ॥

ਟੀਃ—ਯਾਦਗੀਰੀ ਉਸਵਾਹਿਗੁਰੂ ਕੀ ਪੂੰਜੀ ਧਰਮ ਦੀ ਹੈ॥ ਜਿਸਕਰ ਧਰਮ

Digitized by Panjab Digital Library | www.panjabdigilib.org

ਕੀਆ ਹੂਆ ਸਫਲਾ ਹੋਤਾ ਹੈ ॥ ੧ ॥ ਪੁਨਾ ਤਮਾਮ ਮੰਗਤੇ ਗ੍ਰੀਬ ਯਾਦਗੀਰੀ ਉਸਕੀ ਸੇ ਬਾਦਸ਼ਾਹ ਚਕ੍ਰਵਰਤੀ ਹੂਏ ਹੈਂ ॥ ਹੋਰ ਤਮਾਮ ਫਕੀਰ ਉਸਕੀ ਯਾਦਗੀਰੀ ਕਰਨੇ ਸੇ ਚਕ੍ਰਵਰਤੀ ਪਾਤਿਸਾਹ ਹੈਂ ॥ ੨ ॥ ੪੩ ॥

**ਮੂ: ਰੋਜ਼ ਸ਼ਬ ਦਰ ਬੰਦਗੀ ਬਾਸ਼ਦ ਸ਼ਾਦ ॥**
**ਬੰਦਗੀ ਓ ਬੰਦਗੀ ਓ ਯਾਦ ਯਾਦ ॥**

ਟੀਕਾ–ਕਿਉ ਜੋ ਦਿਨ ਰਾਤ ਅੰਦਰ ਭਗਤੀ ਦੇ ਆਨੰਦ ਰੈਂਹਤਾ ਹੈ ॥੧॥ ਇਸੀ ਤੇ ਭਗਤੀ ਉਸਕੀ ਕਰਤੇ ਹੈਂ ੨ ਯਾਦਗੀਰੀ ਸੇ ੨ ਤਾਂਤੇ ਆਪ ਭੀ ਯਾਦਗੀਰੀ ਸੇ ਭਗਤੀ ਕਰੋ ਜਿਸਕਰ ਪਾਤਸਾਹ ਹੋ ਜਾਵੋਗੇ ॥ ੨ ॥ ੪੪ ॥

**ਮੂ: ਚੀਸਤ ਸੁਲਤਾਨੀ ਓ ਦਰਵੇਸ਼ੀ ਬਿਦਾਂ ॥**
**ਯਾਦ ਆਂ ਜਾਂ ਆਫਰੀਨੇ ਇਨਸ ਜਾਂ ॥**

ਟੀਕਾ–ਪਾਤਸਾਹੀ ਕਿਆ ਵਸਤੂ ਹੈ ਅਰੁ ਦਰਵੇਸ਼ੀ ਫਕੀਰੀ ਕਿਆ ਜਾਣੀਏ ॥ ੧ ॥ ਉਤੂ (ਇਨਸ) ਮਨੁਖਾਂ ਅਰੁ (ਜਾਂ) ਦੇਵਤਿਆਂ ਦੀਆਂ ਜਾਨਾਂ ਜਿਸਨੇ ਬਣਾਈਆਂ ਹੈ ਉਸਕੀ ਯਾਦਗੀਰੀ ਕਰਨੀ ਜੋ ਹੈ ਏਹੀ ਬਾਦਸਾਹੀ ਹੈ ਅਰੁ ਏਹੀ ਸਚੀ ਫਕੀਰੀ ਹੈ । ਭਾਵ ਇਸਤੇ ਸੁਖ ਹੋਤਾ ਹੈ ਅਰੁ ਸੋਭਾ ਹੋਤੀ ਹੈ ਅਰੁ ਦੇਖਾਵੇ ਮਾਤ੍ਰ ਫਕੀਰ ਹੋਰ ਦੇਖੀਦੇ ਹੈਂ ਸੋ ਫਕੀਰ ਨਹੀਂ ਕੀਰ ਹੈ ਪ੍ਰਮਾਨ ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸ ॥ ਘਰ ਘਰ ਹੰਢੇ ਮੰਗਦੇ ਧ੍ਰਿਗ ਜੀਵਣ ਧ੍ਰਿਗ ਵੇਸ ॥ ਫਰੀਦਾ ॥ ਹੋਰ ਅਭਿਆਗਤ ਏਹ ਨ ਆਖੀਐ ਜੋ ਪਰ ਘਰ ਭੋਜਨ ਕਰੇਨ ॥ ਉਦਰੈ ਕਾਰਨ ਆਪਣੇ ਬਹਲੇ ਭੇਖ ਕਰੇਨ ਵਾਰਾਂ ਫਕੀਰ ਸਲੋਕ ਮ: ੩ ॥ ਹਰ ਇਕ ਮਹਾਤਮਾ ਨੇ ਫਕੀਰ ਪਦ ਕਾ ਅਰਥ ਕੀਤਾ ਹੈ ॥ ਫਫਾ ਕਹਿੰਦਾ ਹੈ ਜੋ ਫਾਕਾਕਰੁ ਸੰਤੋਖਰਖੁ: ਯਥਾ ਲਾਭ ਸੰਤੁਸਟਾ ਸਬਰ ਤੋਸਾ ਮਲਾਇਕਾ ॥ ਕਕਾ ਕੈਂਦਾ ਹੈ ਜੋ ਸੰਸਾਰ ਤੇ ਕਨਾਰਾ ਕਰੁ ਤਿਆਗ ਧਾਰਕੇ ਇਕੰਤ ਰਹੋ ॥ ਰਾਰਾ ਕਹਤਾ ਹੈ ਜੋ ਰਿਆਇਤ ਦਯਾ ਕਰੁ ਗੁਣ ਹੋਨ ਤਾਂ ਫਕੀਰ ਹੋਹੁ ਨਹੀ ਤਾਂ ਨਾ ਹੋਹੁ ॥ ੨ ॥ ੪੫ ॥ ਦ੍ਰਿੜਤਾ ਸਤੇ ਓਹੀ ॥

**ਮੂ: ਯਾਦਿ ਓ ਗਰ ਮੂਨਸੇ ਜਾਨੇਤੂ ਬਵੱਦ ॥**
**ਹਰਦੁ ਆਲਮ ਜ਼ੇਰ ਫੁਰਮਾਨੇਤੂ ਬਵੱਦ ॥**

Digitized by Panjab Digital Library | www.panjabdigilib.org

ਟੀਕਾ—ਹੇ ਭਾਈ ਯਾਦਗੀਰੀ ਉਸ ਵਾਹਿਗੁਰੂ ਕੀ ਜੇਕਰ ਦੌਲਤ ਜਾਨ ਤੇਰੀ ਦੀ ਹੋਵੈ। ਭਾਵ ਜੇ ਤੂੰ ਤਨ ਮਨ ਸੇ ਭਗਤੀ ਮੈ ਮਗਨ ਹੋ ਜਾਂਵੈ ॥ ੧ ॥ ਤਬ ਦੋਨੋ ਲੋਕ ਅਧੀਨ ਹੁਕਮ ਤੇਰੇ ਦੇ ਹੋਵੈਂ) ਭਾਵ ਸਭੀ ਤੇਰੀ ਆਗਜਾ ਮਨਨਗੇ ॥ ੨ ॥ ੪੬ ॥ ਪੁਨਾ ॥

**ਮੂਲ ॥ ਬਸ ਬਜ਼ੁਰਗੀ ਹਸਤ ਅੰਦਰ ਯਾਦਿ ਓ ॥**
**ਯਾਦਿ ਓ ਕੁਨ ਯਾਦਿ ਓ ਹਾਂ ਯਾਦਿ ਓ ॥**

ਟੀਕਾ—ਬੌਤ ਵਡਿਆਈ ਤੇ ਮਹਾਤਮਤਾਈ ਹੈ ਅੰਦਰ ਯਾਦਗੀਰੀ ਉਸ ਕੀ ਕੇ। ਭਾਵ ਯਾਦਗੀਰੀ ਸੇ ਪ੍ਰਾਪਤਿ ਹੋਤੀ ਹੈ ॥ ੧ ॥ ਜੇਕਰ ਤੈਨੂੰ ਵਡਿਆਈ ਦੀ ਕੁਛ ਲੋੜ ਹੈ ਤਾਂ ਭਗਤੀ ਉਸ ਕੀ ਕਰੁ ਤੇ (ਹਾਂ) ਖਬੂਦਾਰ ਹੁਸ਼ਿਆਰ ਹੋਕੈ ॥ ੨ ॥ ੪੭ ॥

**ਮੂਲ ॥ ਗਰ ਬਜ਼ੁਰਗੀ ਬਾਇਦ ਤੂ ਕੁਨ ਬੰਦਗੀ ॥**
**ਵਰਨਹ ਆਖ਼ਰ ਮੇਕਸ਼ੀ ਸ਼ਰਮਿੰਦਗੀ ॥**

ਟੀਕਾ ਪੁਨਾ ਹੇ ਭਾਈ ਜੇਕਰ ਕੋਈ ਮਰਾਤਬਾ ਚਾਹੁੰਦਾ ਹੈ ਤਾਂ ਬੰਦਗੀ ਕਰੁ ॥ ੧ ॥ ਪ੍ਰਸ਼ਨ ਮ੍ਰਾਤਬੈ ਵਾਸਤੇ ਜੇ ਕੋਈ ਹੋਰ ਸਾਧਨ ਕ ਲਏ ਅਰ ਭਗਤੀ ਨਾਂ ਕਰੈ ਤਾਂ ਕਿਆ ਹਾਨੀ ਹੈ ਉਤ੍ਰ ਹੇ ਭਾ ਜੇਕਰ ਹੋਰ ਸਾਧਨ ਕਰਦਾ ਰਹੇ ਮਰਾਤਬੇ ਵਾਸਤੇ ਅਰ ਭਗਤੀ ਕਰੈ ਤਾਂ ਅੰਤ ਨੂੰ ਸ਼ਰਮਿੰਦਗੀ ਖਿਚੇ ਗਾ। ਭਾਵ ਜੂਨਾ ਮੈ ਖਰਾਬ ਹੋਵੈਗ ਯਦਪ ਹੋਰ ਸਾਧਨਾਂ ਸੇ ਸੰਸਾਰਕ ਮ੍ਰਾਤਬਾ ਭੀ ਸੁਖ ਮਿਲ ਜਾਏ ਤੋ ਮਿਲ ਜ ਪ੍ਰੰਤੂ ਭਗਤੀ ਬਿਨਾ ਜਿਸ ਜਿਸ ਸੰਕਲਪ ਮੈ ਮਨ ਪਰਬਲ ਲਗਾ ਹੋ ਉਸੇ ਅਨੁਸਾਰ ਜੂਨੀਆਂ ਨੂੰ ਪਾਵੇਗਾ ਪ੍ਰਮਾਨ—ਅੰਤ ਕਾਲ ਜੋ ਲਛ ਸਿਮਰੈ ॥ ਐਸੀ ਚਿੰਤਾ ਮੈ ਜੇ ਮਰੈ ॥ ਸਰਪ ਜੂਨ ਵਲ ਵਲ ਅਵਤਰੈ ॥ ਗੂਜ ਤ੍ਰਿਲੋਚਨ ॥ ਐਸੇ ਹੋਰ ਭੀ ਜਾਨ ਲੈਣ ॥ ੨ ॥ ੪੮ ॥ ਪ੍ਰਸ਼ਨ ਧੋਲਾ ਪੇਲ ਇਕੋ ਵੇਰੀ ਤਾ ਭਗਤੀ ਨਹੀ ਹੋ ਸਕਦੀ ਤਾਂਤੇ ਭਗਤੀ ਕੀ ਪ੍ਰਾਪ ਕੋ ਪ੍ਰਿਥਮ ਕੌਨ ਸਾਧਨ ਕਰਨਾ ਚਾਹੀਦਾ ਹੈ ਸੋ ਕਹੀਏ ਜੀ ਉਤ੍ਰ ॥

**ਮੂੰ ਸ਼ਰਮ ਕੁਨ ਹਾਂ ਸ਼ਰਮ ਕੁਨ ਹਾਂ ਸ਼ਰਮ ਕੁਨ ॥**

ਟੀਕਾ—ਹੇ ਭਾਈ ਵੈਰਾਗ ਕਰੁ ਪਦਾਰਥਾਂ ਸੇ ਅਤੀ ਮਨ ਸੇ ਅਰੁ ਵੈਰਾਗ ਕਰੁ ਅਤੀ ਸਬੰਧੀਆਂ ਸੇ ਤ੍ਰਨਕਰ ਅਰੁ ਵੈਰਾਗ ਕਰੁ ਖ ਦਾਰ ਹੋਕੈ ॥

Digitized by Panjab Digital Library | www.panjabdigilib.org

ਲੋਕਾਂ ਮੈ ਬਾਣੀ ਕਰ ਕੇ ॥ ੧ ॥ ਪ੍ਰਸਨ ਵੈਰਾਗ ਦਾ ਸਾਧਨ ਕੌਨ ਹੈ ਪੈਲਾ ॥ ਉਤ੍ਰ ॥

**ਮੂ: ਈਂ ਦਿਲੇ ਚੂੰ ਸੰਗ ਖ਼ੁਦ ਰਾ ਨਰਮ ਕੁਨ ॥**

ਟੀਕਾ— ਏ ਦਿਲ ਜੋ ਹੈ ਮਾਨਿੰਦ ਪਥ੍ਰ ਦੇ ਹੋਯਾ ੨ ॥ ਖੁਟਿਆਈਆਂ ਮੈ ਲਗਕੇ ਭਲਿਆਈਆਂ ਕੀ ਭਰਕੇ ਸੋ ਇਸ ਆਪਣੇ ਦਿਲਕੇ ਭਾਈ ਨਰਮ ਕਰਨਾ । ਭਾਵ ਜਬ ਨਰਮ ਹੋਗਾ ਤਬ ਬਿਚਾਰ ਮੈ ਲਗੇਗਾ ॥ ੨ ॥ ੪੯ ॥ ਪ੍ਰਸ: ਨਰਮ ਕਰਨੇ ਦਾ ਲਖਨ ਕਹੀਏ ਜੀ ਉਤ੍ਰ ॥

**ਮੂ: ਮਾਇਨੀਏ ਨਰਮੀ ਗਰੀਬੀ ਆਮਦਹਿ ॥**

**ਦਰਦ ਹਰ ਕਸਰਾ ਤਬੀਬੀ ਆਮਦਹਿ ॥**

ਟੀਕਾ—ਅਰਥ ਨਰਮ ਕਰਨੇ ਦਾ ਏਹ ਹੈ ਜੋ ਰਿਦੇ ਮੇਂ ਗਰੀਬੀ ਆਵਣੀ ਏਹ ਨਰਮੀ ਹੈ ॥ ੧ ॥ ਪ੍ਰਸਨ ਗਰੀਬੀ ਧਾਰਨੇ ਸੇ ਕੌਨ ਸਾ ਲਾਭ ਹੋਤਾ ਹੈ ਉਤ੍ਰ ਹਰ ਇਕ ਪੀੜਾ ਦੀ ਹਕੀਮੀ ਆਈ ਹੈ ) ਭਾਵ ਈਰਖਾ ਥਖੀ ਲੀ ਕ੍ਰੋਧ ਆਦੀ ਰੋਗਾਂ ਦੀ ਦਵਾਈ ਹਰੀ ਨੇ ਭੇਜੀ ਹੈ ॥ ੨ ॥ ੫੦ ॥ ਪਰਸਨ ਐਸੇ ਪੂਰਨ ਸਾਧਨਾ ਵਾਲੇ ਸੰਤ ਸਦਾ ਪਰਮੇਸਰਦਾ ਭਜਨ ਕਰਦੇ ਹੈਂ ਅਰੁ ਗਤੂ ਪਰਮੇਸਰ ਕੋ ਸੁਆਮੀ ਬਡਾ ਪੂਜਨੀਯ ਮਾਨਤੇ ਹੈ ਪਰੰਤੂ ਕਬੀ ਅਪਨੀ ਬਡਿਆਈ ਪੂਜਾ ਕੋ ਭੀ ਚਾਹੁਤੇ ਹੈ ਕੇ ਨਹੀ ਕਿਉ ਜੋ ਪ੍ਰਤਖ ਤੌ ਸਭੀ ਕਰਾਉਂਦੇ ਦੇਖੀ ਦੇ ਹੈ ਉਤਰ ॥

**ਮੂ: ਹਕ ਪਰੱਸਤਾਂ ਖ਼ੁਦ ਪਰੱਸਤੀ ਚੂੰ ਕੁਨੰਦ ॥**

**ਸ਼ਰ ਬੁਲਿੰਦਾਂ ਮੈਲ ਪਸ਼ਤੀ ਚੂੰ ਕੁਨੰਦ ॥**

ਟੀਕਾ— ਸਭੇ ਵਾਹਿਗੁਰੂ ਕੇ ਪੂਜਨ ਵਾਲੇ ਜੋ ਸੰਤ ਹੈਂ ਓਹੁ ਅਪਨੀ ਪੂਜਾ ਕਬ ਕਰਾਂਵਦੇ ਹੈਂ) ਭਾਵ ਨਹੀ ਕਰਾਂਵਦੇ ॥ ਸਾਖੀ ਬਾਬਾ ਬੁਢਾ ਜੀ ਕੀ ॥ ੧ ॥ ਕਿਸ ਕਾਰਨ ਜੋ ਦ੍ਰਿਸਟਾਂਤ—ਜੈਸੇ ਗਰਦਨ (ਫਰਾਜ) ਉਚੀ ਗਰਦਨ ਵਾਲੇ ਬਾਦਸ਼ਾਹ ਇਛਿਆ ਨੀਚਤਾਈ ਦੀ ਕਭੀ ਕਰਦੇ ਹੈ ) ਭਾਵ ਪਾਤਿਸ਼ਾਹ ਲਬ ਕਰਕੇ ਵਿਸ਼ੇ ਦੇ ਟੋਕ੍ਰੇ ਚੁਕਨੇ ਦੀ ਕਬੀ ਇਛਿਆ ਕਰਦੇ ਨਹੀ ॥ ਐਸੇ ਸਾਧਨ ਸਪੰਨ ਪੂਰਨ ਸੰਤ ਵਾਹਿਗੁਰੂ ਦਾ ਭਜਨ ਕਰਨ ਵਾਲੇ ਹਰ ਪ੍ਰਮੇਸ਼੍ਰ ਦੇ ਸਾਮ੍ਹਣੇ ਔਰ ਤਿਨਾਂ ਦੀ ਪੂਜਾ ਹਟਾਕੇ ਆਪਨੀ ਪੂਜਾ ਕਰਾਵਣੀ ਰੂਪੀ ਨੀਚਤਾਈ

ਦੀ ਇਛਿਆ ਕਬ ਕਰਦੇ ਹੈ) ਭਾਵ ਨਹੀ ਕਰਦੇ ਕਿਉਂਜੋ ਆਪਨੀ ਪੂਜਾ ਕਰਾਉਣੇ ਦੀ ਇਛਿਆ ਕਰਨੀ ਵਿਸ਼ਟੇ ਕਾ ਟੋਕਰਾ ਚੁਕਣਾ ਹੈ ਇਸਤੇ ਸੋ ਸੰਤ ਨਹੀ ਚਾਹੁਦੇ ਕਭੀ ਭੀ ॥੨॥ ਪ੧॥

ਮੂ: ਖੁਦ ਪਰਸਤੀ ਖਤਰਏ ਨਾਪਾਕ ਤੋ ॥
ਆਂ ਕਿ ਜਾ ਕਰਦਹਿ ਬ ਮੁਸ਼ਤੇ ਖਾਕ ਤੋ ॥

ਟੀਕਾ—ਪੁਨਾ ਅਗੇ ਜਗਯਾਸੂਆਂ ਕੋ ਭੀ ਐਸੇ ਉਪਦੇਸ਼ ਕਰਤੇ ਹੈਂ ਹੇਭਾਈ ਆਪਣੀ ਪੂਜਾ ਕਰਵਾਣੇ ਦੀ ਇਛਿਆ ਕਰਨੀ ਏ ਅਪਵਿਤ੍ਰਤਾ ਹੈ ਤੇਰੇ ਕੋ) ਭਾਵ ਗੁਰ ਪ੍ਰਮੇਸ੍ਰ ਸੇ ਏ ਇਛਿਆ ਬੇਮੁਖ ਕਰਨੇ ਵਾਲੀ ਹੈ ਇਸਤੇ ॥ ੧ ॥ ਕਿਸ ਕਾਰਨ ਜੋ ਉਸ ਚੇਤਨ ਸ੍ਰੂਪਨੇ ਜਾਗਾ ਕੀਤੀ ਹੈ ਤੇਰੇ ਛੋਟੇ ਜੇਹੇ ਤੁਛ ਸ੍ਰੀਰ ਮੈ) ਭਾਵ ਖਾਕ ਆਦੀ ਕਿਣਕ ਭਰ ਤੇਰੇ ਤਤਕ ਸਰੀਰਮੈ ਆਪਨੀਸਥਿਤੀ ਕਰੀ ਹੈ ਜਿਸ ਕਰ ਤੂੰ ਸਭ ਚੇਸ਼ਟਾ ਕਰ ਰਹਿਆ ਹੈ ਖਾਨ ਪਾਨ ਆਦੀ ਅਰ ਹਰ ਜਾਗਾ ਤੂੰ ਆਦੂ ਪਾਵਦਾ ਹੈਂ ਆਪਣੇ ਆਪ ਤੂੰ ਕੁਛ ਨਹੀ ਕਰ ਸਕਤਾ ਇਸਤੇ ਆਪਣੀ ਪੂਜਾ ਕਰਾਨੇ ਦੀ ਇਛਿਆ ਤੂੰ ਨਾ ਕਰ ਇਸਕੋ ਹਟਾਕੇ ਗੁਰਪ੍ਰਮੇਸ੍ਰ ਦੀ ਪੂਜਾ ਕਰ ਅਰ ਸਭ ਤੇ ਕਰਾਇ ॥ ੨॥ ਪ੧ ॥ ਪ੍ਰਸ਼ਨ ਅਪਨੇ ਜੋ ਤੁਛ ਸ੍ਰੀਰ ਤਤਾਂ ਰਚਤ ਕਹਾ ਹੈ ਅਰ ਅਸਮਰਥ ਕਹਾ ਹੈ ਪੁਨਾ ਚੇਤਨ ਕੀ ਇਸਥਿਤ ਸ੍ਰੀਰ ਮੈ ਕਹੀ ਹੈ ਸੋ ਕੈਸੇ ਸ੍ਰੀਰ ਮੇ ਇਸਥਿਤੀ ਕਹੀ ਹੈ ਨਿਰਨਾ ਕਰ ਕਹੀਏ ਜੀ ॥ਉਤ੍ਰ॥

ਮੂ: ਜਿਸਮਿ ਤੋ ਅਜ਼ ਬਾਦ ਖਾਕੋ ਆਤਿਸ਼ ਅਸਤ ॥
ਕਤਰਹ ਆਬੋ ਓ ਨੂਰੇ ਜਾਤਸ਼ ਅਸਤ ॥

ਟੀਕਾ— ਸ੍ਰੀਰ ਤੇਰਾ ਤੁਛ ਹੈਰਕ ਪੌਣ ਮਿਟੀ ਅਗਨੀ ਜਲ ਚਾਰੋ ਤਤ ਸੇ ਬਨਾ ਹੂਆ ਹੈ) ਭਾਵ ਵਾਸਤਵਤੇ ਚਾਰੋ ਤਤ ਜੜ ਹੈਂ ॥ ੧ ॥ (ਓ) ਅਰ ਇਸ ਜੜ ਤਤਾਂ ਰਚਤ ਸ੍ਰੀਰ ਮੈ ਕਿਣਕਾਭਰ (ਨੂਰ) ਚੇਤਨ (ਜਾਤ) ਸ੍ਰੂਪ ਉਸ ਰਖਕ ਵਾਹਿਗੁਰੂ ਕਾ ਹੈ ॥ ੨ ॥ ਪ੨ ॥

ਮੂਲ ॥ ਖਾਨਹਏ ਤੂ ਅਜ਼ ਨੂਰ ਹਕ ਰੋਸ਼ਨ ਸ਼ੁਦਹ ।
ਯਕ ਗੁਲੇ ਬੂਈ ਕੁਨੂ ਗੁਲਸਨ ਸ਼ੁਦਹ ॥

Digitized by Panjab Digital Library | www.panjabdigilib.org

ਟੀਕਾ—ਭਾਂਤੇ ਦੇਖ ਏਹ ਸ੍ਰੀਰ ਰੂਪੀ ਘਰ ਭੇਰਾ ਸਚੇ ਦੇ ਪ੍ਰਕਾਸ ਸੇ ਪ੍ਰਕਾਸ-ਮਾਨ ਹੂਆ ਹੂਆ ਹੈ। ਭਾਵ ਚੇਤਨ ਸਤਿਆ ਸੇ ਸਭ ਚੇਸ਼ਟਾ ਕਰਤਾ ਹੈ ਫਿਰਨੇ ਤੁਰਨੇ ਬੋਲਨੇ ਖਾਨੇ ਪੀਨੇ ਕੀ ਇਸਤੇ ਪਰਮੇਸਰ ਕੋ ਬਡਾ ਮਾਨਕਰ ਤਿਸਕਾ ਭਜਨ ਕਰੀਏ ਜਿਸਤੇ ਸੁਰਖਰੂ ਹੋਕੇ ਮੋਖ ਹੋ ਜਾਵੈ ॥ ੧ ॥ ਹੋਰ ਦੇਖ ਇਸ ਚੇਤਨ ਸਤਿਆ ਬਿਨਾ ਪਹਿਲੇ ਏਹ ਸਰੀਰ ਇਕ ਨਿਕਾ ਜੇਹਾ ਫੂਲ ਥਾ ਮਿਲੇ ਹੋਏ ਰਕਤ ਬੀਜ ਕਾ ਜਬ ਚੇਤਨ ਕਾ ਪਰਕਾਸ ਹੂਆ ਤਬ ਹੁਣ ਬਾਗ ੨ ਹੂਆ ਹੈ। ਭਾਵ ਕੈਸਾ ਸੁੰਦਰ ਸਰੀਰ ਚਲਨੇ ਫਿਰਨੇ ਵਾਲਾ ਪਰ-ਫੁਲਤ ਹੂਆ ੨ ਹੈ ॥ ੨ ॥ ੫੪ ॥

(ਪਸ (ਨਾਮ ਫੇਰ) ਦਰੂਨੇ (ਨਾਮ ਅੰਦਰ) ਗੁਲਸ਼ਨੇ ਸਰੀਰ ਰੂਪੀ ਬਾਗ ਦੇ ਖੁਦ ਆਪਨੇ ਦੇ ਸੈਲ ਕੁਨ ਕਰ)

ਮੂਲ ॥ ਪਸ਼ ਦਰੂਨੇ ਗੁਲਸ਼ਨੇ ਖੁਦ ਸੈਰ ਕੁਨ ॥

(ਜਵੀ) (ਫਿਰ) (ਇਸੀ ਪ੍ਰਕਾਰ ਤੂੰ ਭੀ ਸਰੀਰ ਰੂਪੀ ਬਾਗ ਮੈਂ ਹੀ ਤੈਰਨਾ)

ਹਮ ਚੁ ਮੁਰਗੇ ਕੁਦਸ਼ ਦਰਵੇ ਤੈਰ ਕੁਨ ॥

(ਚੁ ਜੈਸੇ) ਮੁਰਗੇ (ਨਾਮ ਪੰਛੀ) ਕੁਦਸ (ਨਾਮ ਉਤਰਦਾ) ਦੈ (ਨਾਮ ਉਸ ਬਾਗ ਦੇ ਅੰਦਰ) ਤੈਰ (ਨਾਮ ਉਡਨਾ ਕਨਕਰ)

(ਟੀਕਾ—ਹੇ ਭਾਈ ਜਬ ਤੂੰ ਐਸੇ ਜਾਣ ਲੀਆ ਹੈ ਜੋ ਹਰੀ ਨੇ ਏਹ ਬਾਗ ਬਨਾਯਾ ਹੈ ਅਰੁ ਹਰੀ ਇਸ ਮੈ ਬੈਠ ਰਹਾ ਹੈ ਤਬ ਫਿਰ ਤੂੰ ਆਪਣੇ ਸਰੀਰ ਰੂਪੀ ਬਾਗ ਦੇ ਅੰਦਰ ਜਰੂਰ ਸੈਲ ਕਰ। ਭਾਵ ਬਾਹੇ ਬਿਰਤੀ ਰੋਕਕੈ ਅੰਤਰ ਮੁਖ ਹੋਹੁ ॥ (ਚੁ) ਜੈਸੇ ਇਕ ਪਵਿਤਰ ਪੰਛੀ ਭੀ ਅੰਦਰ ਉਸ ਬਾਗਦੇ ਉਡਣਾ ਕਰਦਾ ਹੈ। ਭਾਵ ਓਹੁ ਪੰਛੀ ਬਾਗ ਮੈ ਹੀ ਉਤਪਤਿ ਹੋਤਾ ਹੈ ਅਰੁ ਬਾਗ ਮੈ ਹੀ ਸਦਾ ਰੈਂਦਾ ਹੈ ਓਹ ਪੰਛੀ ਬਾਗ ਤੇ ਬਾਹਰ ਨਹੀਂ ਜਾਂਦਾ ਐਸੇ ਤੂੰ ਪੁਨਾ ੨ ਅੰਤਰਮੁਖ ਬਿਰਤੀ ਕਰ ਬਾਹਰ ਮੁਖ ਨਾ ਹੋਹੁ ॥ ੨ ॥ ੫੫ ॥ ਪ੍ਰਸਨ ਅੰਤਰ ਮੁਖ ਬਿਰਤੀ ਕਰਨੇ ਕਾ ਕਿਆ ਫਲ ਹੋਤਾ ਹੈ ਸੋ ਕਹੋ ॥ ਉਤ੍ਰ ॥

(ਲਖਾਂ) (ਹਜ਼ਾਰਾਂ) (ਖੁਲਦ ਹਿ ਨਾਮ ਸੁਖ) (ਗੋਸ਼ਹ ਨਾਮ ਇਕਾਂਤ ਮੈਂ ਅਸ ਹੈ)

ਮੂ: ॥ ਸਦ ਹਜ਼ਾਰਾਂ ਖੁਲਦਹਿ ਗੋਸ਼ਹ ਅਸ ॥

ਹਰਦੂ ਆਲਮ ਦਾਨਏ ਅੰਜ਼ ਖੋਸ਼ਹ ਅਸ ॥

(ਦਾਣੂੰ) (ਮਾਇਆ) (ਸਿਟਾ)

ਟੀਕਾ—ਲਖਾਂ ਸੁਰਗ ਆਦੀ ਸੁਖ ਅੰਦਰ ਇਕਾਂਤ ਦੇ ਹੈਂ। ਭਾਵ ਹਰੀ ਮੈ ਧਿਆਨ ਲਗਾਨੇ ਸੇ ਮਿਲਤੇ ਹੈਂ ਸਰਬ ਸੁਖ ॥ ੧ ॥ ਏਹ ਜੋ ਦੋਨੋ ਲੋਕ ਦੇਖਦਾ ਹੈਂ ਏਹ ਮਾਯਾ ਰੂਪੀ ਸਿਟੇ ਦੇ ਇਕ ਦਾਨੇ ਸੇ ਬਣੇ ਹੂਏ ਹੈਂ। ਭਾਵ ਸਿਟਾ ਬੀਜ ਤੇ ਹੋਤਾ ਹੈ ਅਰੁ ਬੀਜ ਰੂਪ ਹਰੀ ਹੀ ਹੈ ਭਾਂਤੇ ਮਾਯਕ ਦ੍ਰਿਸਟੀ ਤਯਾਗਕੇ ਹਰੀ ਕਾ ਹੀ ਧਿਆਨ ਕਰੁ ॥ ੨ ॥ ੫੬ ॥ ਪ੍ਰਸਨ ਜੋ ਆਪਨੇ ਪੰਛੀ ਕਹਾ ਹੈ ਸਦਾ ਵਿਚੇ ਬਾਗਦੇ ਰੈਂਦਾ ਹੈ ਸੋ ਉਸਦਾ ਖਾਣਾ ਪੀਣਾ ਕਿਆ

Digitized by Panjab Digital Library | www.panjabdigilib.org

ਹੈ ਜਿਸਕੇ ਆਸਰੇ ਜੀਂਵਦਾ ਹੈਂ ਅਰੁ ਉਡਦਾ ਫਿਰਦਾ ਹੈ । ਉਤਰ ॥

ਕੂਤਿ ਆਂ ਮੁਰਗੇ ਮੁਕਦਸ ਯਾਦਿ ਓ ॥
ਯਾਦਿ ਓ ਹਾਂ ਯਾਦਿ ਓ ਹਾਂ ਯਾਦਿ ਓ ॥

ਟੀਕਾ—ਖੁਰਾਕ ਉਸ ਪਵਿਤਰ ਪੰਛੀ ਦੀ ਯਾਦਗੀਰੀ ਉਸਕੀ ਹੈ ॥ ਭਾਵ ਪਰਮੇਸਰ ਦੀ ਯਾਦਗੀਰੀ ਕਰਨੇ ਸੇ ਜੀਂਵਦਾ ਹੈ ਤੈਸੇ ਜੀਵ ਭੀ ਯਾਦਗੀਰੀ ਸੇ ਹੀ ਚੇਸਟਾ ਕਰਦਾ ਹੈ ਤੇ ਸਾਂਤਿ ਰੂਪ ਰਹਿਤਾ ਹੈ ॥ ੧ ॥ ਤਾਤੇ ਹੇ ਭਾਈ ਤੂੰ ਭੀ (ਯਾਦਗੀਰੀ) ਭਗਤੀ ਉਸਕੀ ਅਤੇ ਫਰ ਭਗਤੀ ਉਸ ਵਾਹਿਗੁਰੂ ਕੀ ਖਬਰਦਾਰ ਹੋਕੇ ਕਰ ਭਗਤੀ ਉਸਕੀ ਮਨ ਤਨ ਬਾਣੀ ਸੇ ਕਰ ॥ ੨ ॥ ਪ੭ ॥ ਸਿਧਾਂਤ ॥

ਮੂ: ਹਰ ਕਸੇ ਕੋ ਮਾਇਲੇ ਯਾਦੇ ਖੁਦਾਸਤ ॥
ਖਾਕ ਰਾਹ ਸਤੂਤੀਆਇ ਚਸ਼ਮਿ ਮਾਸਤ ॥

ਟੀਕਾ—ਜੋ ਕੋਈ (ਮੋਹਿਤ) ਆਸ਼ਕ ਹੂਆ ਹੈ ਵਾਹਿਗੁਰੂ ਕੀ ਭਗਤੀ ਊਪਰ। ਭਾਵ ਸੁਆਸ ੨ ਭਗਤੀ ਕਰਤਾ ਹੈ ॥ ੧ ॥ ਉਸਕੇ ਰਸਤੇ ਕੀ ਖਾਕ ਸੁਰਮਾਂ ਮੇਰੇ ਨੇਤ੍ਰੋਂ ਕਾ ਹੈ। ਭਾਵ ਉਨਕੇ ਚਰਨਾਂ ਕੀ ਧੂੜੀ ਜੇ ਮਿਲੇ ਤੂੰ ਨੇਤ੍ਰਹਾਂ ਵਿਚ ਪਾਂਵਦਾ ਹਾਂ ਮੈ ॥ ੨ ਪ੮ ॥

ਮੂ: ਗਰ ਤੁਰਾ ਯਾਦੇ ਖੁਦਾ ਹਾਸਿਲ ਸ਼ਵੱਦ ॥
ਹਲਿ ਹਰ ਮੁਸ਼ਕਲ ਤੁਰਾ ਏ ਦਿਲ ਸਵਦ।

ਟੀਕਾ—ਹੇ ਪਿਆਰੇ ਜੇਕਰ ਤੇਰੇ ਤਾਈ ਵਾਹਿਗੁਰੂ ਕੀ ਭਗਤੀ ਪ੍ਰਾਪਤਿ ਹੋਵੈ ॥ ੧ ॥ (ਏ ਦਿਲ) ਐ ਪਿਆਰੇ ਤਾਂ ਤਮਾਮ ਮੁਸ਼ਕਲਤਾਈਆਂ ਪੀੜਾਂ ਸੇ ਤੇਰਾ ਛੁਟਣਾ ਹੋਵੈ ॥ ੨ ॥ ਪ੯ ॥ ਉਸੀ ਕਾ ਨਿਰਨਾ ਕਰ ਕਹਤੇ ਹੈ ॥

ਮੂ: ਹਲਿ ਹਰ ਮੁਸ਼ਕਲ ਹਮੀ ਯਾਦੇ ਖੁਦਾਸਤ ॥
ਹਰਕਿ ਯਾਦੇ ਹਕ ਕੁਨਦ ਜ਼ਾਤੇ ਖੁਦਾਸਤ ॥

ਟੀਕਾ—ਭੀ ਵਾਹਿਗੁਰੂ ਕੀ ਭਗਤੀ ਕਰਨੇ ਸੇ ਤਮਾਮ ਦੁਖਾਂਸੇ ਛੁਟਣਾ ਹੋਤਾ ਹੈ॥੧॥ਕਿਸਤਰਾ ਛੁਟਣਾ ਹੋਤਾ ਹੈ॥ਜੋ ਕੋਈ ਸਚੇ ਕੀ ਭਗਤੀ ਕਰਤਾ ਹੈ

Digitized by Panjab Digital Library | www.panjabdigilib.org

ਓਹ ਸਭੋ ਵਾਹਿਗੁਰੂ ਕਾ ਸਰੂਪ ਹੀ ਹੈ ॥ ਪਰਮਾਣ ਹਰਿ ਹਰਿ ਕਰੇ ਸੋ ਹਰਿ ਹੀ ਜੇਹਾ ॥ ਭਾਵ ਜੈਸੇ ਹਰੀ ਦੁਖਾਂ ਤੇ ਰਹਿਤ ਹੈ ਤੈਸੇ ਓਹ ਭੀ ਦੁਖਾਂ ਤੇ ਰਹਿਤ ਜਾਨੋ ॥ ੨ ॥ ੬੦ ॥

**ਮੂ: ਦੂਰ ਹਕੀਕਤ ਗੈਰਿ ਹਕ ਮਨਜ਼ੂਰ ਨੇਸਤ ॥**
**ਕੀਸਤੋਇ ਜ਼ਾਂ ਕਿ ਸਰਾਪਾ ਨੂਰ ਨੇਸਤ ॥**

ਟੀਕਾ— ਵਿਹ ਕਥਾ ਬਾਰਤਾ ਦੇ ਬਿਨਾ ਸਤ ਨਾਮ ਸੇ ਹੋਰ ਕਰਮ ਮਨਜ਼ੂਰ ਨਹੀ ਹੈ ਹੋਰ ਭੁਗਤਾ ਦੇ ਵਿਲਦੇ ਅੰਦਰ ਬਿਨਾ ਸਤਨਾਮ ਸੇ ਕਿਸੇ ਕਰਮ ਕਾ ਗਰਹਣ ਨਹੀ ਹੈ। ਭਾਵ ਇਸਤੇ ਜੋ ਹਰਿ ਬਿਨਾ ਅਵਰ ਕ੍ਰਿਆ ਬਿਰਥੇ। ਬਿਅਰਥ ਹੈ ਅਰੁ ਪੀੜਾ ਰੂਪ ਹੈ ਸਾਰਾ ਸਬਦ ਐਸੇ ਜਾਨ ॥ ਅਬਲਤੋ ਕਰਮ ਕੀਤੇ ਹੋਏ ਰਸਤੇ ਮੈ ਜਮਲੁਟ ਲੈਂਦੇ ਹੈ ਪਾਨੀ ਆਦੀ ਵਸਤੂ ਰੋਚਕ ਭਰ ਦੇਕਰ ਜੇ ਕਰ ਕੋਈ ਕਰਮ ਬਾਕੀ ਰਹਿ ਭੀ ਜਾਵੈ ਤਾਂ ਉਸਕਾ ਕਿੰਚਤ ਕਾਲ ਸੁਰਗ ਸੁਖ ਮਿਲਤਾ ਹੈ ਸੋ ਭੋਗ ਕਰ ਗਿਰਾਇਮਾਨ ਹੋ ਜਾਤਾ ਹੈ ਇਸਤਰਾਂ ਹਰੀ ਕੀ ਸਭਾ ਮੈ ਕਦਾਚਿਤ ਪੌਹਚਤਾ ਹੀ ਨਹੀ ਤਬ ਮਨਜ਼ੂਰ ਕੈਸੇ ਹੋਵੇ ਜੋ ਮਨਜ਼ੂਰ ਹੋਤਾ ਤਾਂ ਪੌਹਚਤਾ ਤਾਂਤੇ ਨਾਮ ਜਪਨਾ ਮਨਜ਼ੂਰ ਹੈ ਇਸਤੇ ਨਾਮ ਵਾਲੇ ਊਆਂ ਪਹੁਚਤੇ ਹੈਂ ਤੂੰ ਭੀ ਪੂਰਨ ਜਾਨਕੇ ਨਾਮ ਜਪ ॥ ੧ ॥ ਪ੍ਰਸਨ ਆਪਨੇ ਜੋ ਪੂਰਨ ਕਹਾ ਹੈ ਸੋ ਕਿਸੇ ਇਕ ਜੀਵ ਮੇਂ ਵਾ ਵਸੇਸ ਅੰਗ ਮੈ ਪੂਰਨ ਹੋਗਾ ਸਭ ਮੈ ਕੈਸੇ ਮਾਨੈ ॥ ਉਤ੍ਰ (ਏ ਜਾਂ) ਐ ਮੇਰੇ ਪਿਆਰੇ ਓਹੁ ਕੌਣ ਹੈ ਜੋ ਜਿਸ ਦੇ ਸਿਰ ਸੇ ਪੈਰਾਂ ਤੋੜਾਂ ਚੇਤਨ ਸਰੂਪ ਨਹੀਂ ਹੈ। ਭਾਵ ਤੇਰੇ ਕਿਆ ਸਭ ਦੇ ਸਭ ਅੰਗਾਂ ਮੈ ਪੂਰਨ ਹੈ ॥ ੨ ॥ ੬੧ ॥

**ਮੂਲ ॥ ਕਤਰਏ ਨੂਰੀ ਸਰਾਪਾ ਨੂਰ ਬਾਸ ॥**
**ਬੁਗੁਜ਼ਰ ਅਜ਼ ਗਮ ਦਾਇਮਾ ਮਸਰੂਰ ਬਾਸ ॥**

ਟੀਕਾ—ਹੇ ਚੇਤਨ ਦੀ ਅੰਸ ਸਿਰ ਸੇ ਪੈਰਾਂ ਤੋੜੀ ਚੇਤਨ ਕਾ ਹੀ ਪ੍ਰਕਾਸ ਹੈ ਏਹ ਨਿਸਚੇ ਜਾਣ ਤੂੰ ॥ ੧ ॥ ਤਾਂਤੇ ਗਮ ਸੇ ਲੰਘ ਕਰਕੇ ਹਮੇਸਾਂ ਖੁਸਬਾਸ ਰਹੋ। ਭਾਵ ਅਨੰਦ ਰਹੋ। ਏਹ ਗਮ ਹੀ ਆਨੰਦ ਮੈ ਪ੍ਰਤਬੰਧਕ ਹੈ ਤਾਤੇ ਇਸਕੇ ਤਜਾਨੇ ਸੇ ਸੁਖ ਹੋਤਾ ਹੈ ॥ ੨ ॥ ੬੨ ॥ ਪੁਨਾ ਕਹੈਂ ॥

**ਤੌਬ ਕੈ ਦਰ ਬੰਦਗੀ ਬਾਸ਼ੀ ਮੁਦਾਮ ॥**
**ਬੁਗੁਜ਼ਰ ਅਜ਼ ਗਮ ਯਾਫ਼ਿ ਹਕ ਕੁਨ ਵਲ ਸ਼ਲਾਮ ॥**

Digitized by Panjab Digital Library | www.panjabdigilib.org

ਟੀਕਾ– ਹੇ ਭਾਈ ਕਬ ਤੂੰੜੀ ਗਮ ਰੂਪੀ ਬੰਦੀ ਖਾਨੇ ਅੰਦਰ ਹੋਵੇਗਾ ॥ ਕਿਹਾ ਹਮੇਸਾਂ ਬੈਠ ਹੀ ਰਹੇਗਾ ਏ ਦੁਖ ਰੂਪ ਹ ॥੧॥ ਤਾਂਤੇ ਲੈਘ ਕਰਮੀਮ ਸੇ ਸਚੇ ਦੀ ਭਗਤੀ ਕਰ ਅਰੁ ਸੰਸਾਰਕ ਵਿਸਆਂ ਵਲ ਨਿਮਸਕਾਰ ਕਰ ਦੇਹ) ਭਾਵ ਸਭ ਤਰਾਂ ਦੇ ਰਸ ਤਜਾਗ ਦੇਹੁ ॥ ੨ ॥ ੬੩ ॥

) ਪ੍ਰਸਨ) ਗੀਮ, ਕਿਆ ਬਾਸਦ ਹੈ) ਉਤਰ)

## ਮੂ: ਗਮ ਕਿ ਬਾਸ਼ਦ ਗ਼ਫ਼ਲਤ ਅਜ਼ ਯਾਦੇਖ਼ੁਦਾਹ ॥

ਪ੍ਰਸਨ ਆਪਨੇ ਜੋ ਗੀਮਦਾ ਤਜਾਗਨਾ ਕਹਤਾਹੈ ਦੁਖ ਰੂਪ ਕਹ ਕਰ ਸੋ ਗੀਮ ਕਿਆ ਵਸਤੂ ਹੈ ਓਹੁ ਕਹੋ ਜਿਸ ਕੋ ਜਾਨ ਕੈ ਤਜਾਗ ਦੇਵੋਂ ਉਤਰ ਹੇ ਭਾਈ ਵਾਹਿਗੁਰੂ ਕੀ ਭਗਤੀ ਸੇ ਜੋ ਗਾਫਲ ਹੋਣਾ ਹੈ ਏਸਦਾ ਨਾਮ ਗੀਮ ਹੈ ਤਾਤੇ ਇਸਦੇ ਤਜਾਗਨੇ ਸੇ ਖੁਸੀ ਹੋਤੀ ਹੈ ॥

) ਪ੍ਰਸਨ) ਚੀਕਿਆ ਅਸਤੇ) ਸਾਦੀ ਨਾਮ ਖੁਸੀ) ਉਤਰ) ਆਨਾਮਊਸ ਬੇਮੁਨਤਹਾ ਕੀ ਜੋ ਜਾਣਗੀ ਚੀਰਖ਼ਨੀਏ)

## ਮੂ: ਚੀਸਤ ਸ਼ਾਦੀ ਯਾਦਿਆਂ ਬੇ ਮੁਨਤਹਾ ॥

ਟੀਕ–ਪ੍ਰਸਨ ਖੁਸੀ ਕਿਆ ਵਸਤੂ ਹੈ ਉਤਰ ਭਗਤੀ ਉਸ ਬੇਮੁਨ ਤਹਾ ਕੀ ਜੋ ਕਰਨੀ ਏਹੀ ਖੁਸੀ ਹੈ ਕਿਉ ਜੋ ਭਗਤੀ ਕਰ ਜਨਮ ਮਰਨ ਦੇ ਦੁਖਤੇ ਛੁਟੀਦਾ ਹੈ ਦੁਖਾਂਤੇ ਛੁਟਨਾ ਹੀ ਖੁਸੀ ਕਹੀਤੀ ਹੈ ॥ ੬੪ ॥

) ਸਨ) ) ਮੈਨਾ ਭਾਵ ਅਰਥ) ਬੇਮੁਨਤਹਾ ਕਾ) ਦਾਨੀ– ਨਾਮ ਜਾਨਤਾਂ ਅਸਤੇ) ਜੋ ਚੀਨਾਮ ਕਿਆ ਹੈ

## ਮੂ: ਮਾਇਨੀਇ ਬੇਮੁਨਤਹਾ ਦਾਨੀ ਕਿ ਚੀਸਤ ॥

ਟੀਕਾ–ਜਬ ਜਗਯਾਸੂਨੇ ਭਗਤੀ ਸੋ ਮੋਖ ਸੁਨੀ ਤਬ ਸੁਨ ਕੈ ਮਗਨ ਹੋਗਿਆ ਐਸੇ ਮਗਨ ਹੋਏ ਕੋ ਦੇਖਕੈ ਭਾਈ ਜੀ ਆਪਹੀ ਪਰਸਨਕਹ ਤੇ ਭਏ ॥ ਪ੍ਰਸਨ ਅਰਥ ਬੇਮੁਨਤਹਾ ਦਾ ਜਾਣਦਾ ਹੈ ਕਿਆ ਹੈ '। ਜਬ ਜਗਾਸੂ ਨਾ ਬੋਲਤਾ ਤਬ ॥

ਆਨਾਮਹਿ ਜੋ ਨਹੀ ਆਜਦ ਆਵਦਾ) ਵਿਚ) ਮਰਨੇ) ਜੀਸਤ ਜੀਵਨੇਦੇ

## ਮੂ: ਆ ਕਿ ਓ ਨਿਯਾਇਦ ਬੇ ਕੈਦੇ ਮਰਗੁ ਜੀਸਤ ॥

ਟੀਕਾ–ਉਤਰ ਓਹੁ ਜੋ ਨਹੀ ਆਂਵਦਾ ਵਿਚ ਕੈਦ ਮਰਨੇ ਜੀਵਣ ਦੀ ਉਸ ਬੇਮੁਨਤਹਾ ਦਾਂ ਏਹ ਅਰਥ ਹੈ ॥ ੬੫ ॥ ਸਿਧਾਂਤੁ ॥

ਸੌਦਾਇ ਨਾਮ ਧਜਾਨ) ਅੰਦਰ) ਸਿਰੂ) ਤਮਾਮ ਪੁਰਸ਼) ਇਸਤ੍ਰੀ

## ਮੂ: ਦਰ ਸੁਰੇ ਹਰ ਮਰਦ ਜ਼ਨ ਸੌਦਾਇ ਓਸਤ ॥

ਵਿਚ ਦੁਨੀਏ ਸੋਰਸ ਕਾਬਾ) ਗੋਗਾ ਇਨਾਮ ਰੌਰ ਰੌਲਾ)

## ਦਰਦੋ ਆਲਮ ਸ਼ੋਰਸ਼ ਗੌਗਾਇ ਓਸਤ ॥

ਟੀਕਾ– ਤਮਾਮ ਪੁਰਸਾਂ ਔ ਇਸਤ੍ਰੀਓ ਕੇ ਸਿਰਦੇ ਅੰਦਰ ਧਿਆਨ ਉਸਕਾ ਹੈ ) ਭਾਵ ਸਭ ਲੋਕਪਰਮੇ ਸਰ ਸੇਮੰਗ ਰਹੇ ਹੈ ਕੋਈ ਇਸਤਰੀ ਪੁਤਰ

Digitized by Panjab Digital Library | www.panjabdigilib.org

ਧਨ ਕੋਈ ਪਤਭਤਾ ਕੋਈ ਮੋਖ ਮੰਗ ਰਹੇ ਹੈਨ ॥੧॥ ਅੰਦਰ ਦੋਨੋ ਲੋਕਾ ਦੇ ਸੋਰ ਸਰਾਬਾ ਅਰੁ ਡੰਡ ਰੋਲਾ ਉਸਕਾ ਹੈ । ਭਾਵ ਵਾਹਿਗੁਰੂ ਕੀ ਸਤਿਆਕਰ ਸਭੀ ਬੋਲ ਚਾਲ ਰਹੇ ਹੈਂ ॥ ਅਰ ਸਭ ਬਿਹਾਰ ਰਹੇ ਹੈਂ ਪ੍ਰਮਾਨ ਸਭੀ ਘਟ ਬੋਲੈ ਰਾਮ ਬਿਨ ਕੋ ਬੋਲੇ ਰੇ॥੨ ॥੬੬॥ ਪ੍ਰਸਨ ਐਸੇ ਬ੍ਰਹਮ ਕਾ ਉਤ੍ਰ ॥

**ਮੂ: ਮੰਜਲੇ ਉ ਬਰ ਜ਼ਬਾਨੇ ਔਲੀਆ ਸਤ ॥**
**ਰੋਜ਼ ਸ਼ਬ ਕਾਂਦਰ ਦਿਲਸ਼ ਯਾਦੇ ਖੁਦਾਸਤ ॥**

ਟੀਕਾ—ਟਿਕਾਣਾ ਉਸ ਵਾਹਿਗੁਰੂ ਕਾ ਉਪਰ ਰਸਨਾ ਸੰਤਾ ਕੀ ਕੇ ਹੈ ॥੧॥ ਪ੍ਰਸਨ ਜਗਤ ਤੇ ਜੁਦਾ ਸੰਤਾ ਕੀ ਰਸਨਾ ਪਰ ਕੈਸੇ ਟਿਕਾਨਾ ਮਾਨੈ ॥ ਉਤਰ ਦਿਨ ਰਾਤ ਜੋ ਅੰਦਰ ਦਿਲਦੇ ਓਹੁ ਸੰਤ ਸੁਆਸ ੨ ਯਾਦਗੀਰੀ ਵਾਹਿਗੁਰੂ ਕੀ ਕਰਦੇ ਹੈਂ ਇਸਤੇ ਟਿਕਾਣਾ ਜਾਨ ॥ ੨ ॥ ੬੭ ॥ ਪੁਨਾ ॥

**ਮੂ: ਚਸ਼ਮ ਓ ਬਰ ਗੈਰ ਹਰਗਿਜ਼ ਵਾ ਨ ਸ਼ਦ ॥**
**ਕਤਰਏ ਓ ਜੁਜ਼ ਸੂਏ ਦਰਿਯਾ ਨ ਸ਼ੁਦ ॥**

ਟੀਕਾ—ਨੇਤ੍ਰ ਉਨਕੇ ਬਿਨਾ ਭਜਨ ਔ ਵਾਹਿਗੁਰੂ ਕੇ ਹੋਰ ਕਿਸੀ ਉਪ੍ਰ ਦਾਚਿਤ ਖੁਲਦੇ ਨਹੀ ਹੈਂ । ਭਾਵ ਵਾਹਿਗੁਰੂ ਤੇ ਬਿਨਾ ਹੋਰ ਕਿਸੇ ਦਾ ਧਜਾਨ ਭੀ ਕਰਦੇ ॥ ੧ ॥ ਪੁਨਾ ਰਿਦਾ ਉਨਾ ਸੰਤਾਂ ਕਾ ਬਿਨਾ ਤਰਫ ਦਰਿਆਇ ਕੀ ਨਹੀ ਹੋਤਾ । ਭਾਵ ਸੰਤਾ ਕਾ ਰਿਦਾ ਵਾਹਿਗੁਰੂ ਬਿਨਾ ਹੋਰ ਤਰਫ ਨਹੀ ਹੋਤਾ ਇਸਤੇ ॥ ੨ ॥ ੬੮ ॥

**ਮੂ: ਬੰਦਏ ਓ ਸਾਹਿਬੇ ਹਰ ਦੋ ਸਰਾਂ ॥**
**ਕੌਨ ਬੀਨਦ ਗੈਰ ... ਕਸੇ ਕਿਬਰੀਆਂ ॥**

ਓਹ ਬੰਦੇ ਸਾਹਿਬ ਦੋਨੋ ਲੋਕਾਂ ਕੇ ਹੈਂ । ਭਾਵ ਉਨਾਂ ਕਾ ਹੁਕਮ ਕੋਈ ਨਹੀਂ ਮੋੜ ਸਕਦਾ ॥ ੧ । ਕਿਉਂ ਜੋ ਨਹੀਂ ਦੇਖਦੇ ਬਿਨਾ ਸਰੂ ਵਾਹਿਗੁਰੂ ਕੇ ਹੋਰ ਦਾ ਸਰੂਪ ॥ ਸਾਖੀ ਤ੍ਰਿਲਕੇ ਭਗਤ ਕੀ ॥ ੨ ॥ ਐਸੇ ਨੇਸਟਾ ਵਾਲੇ ਸੰਤ ਅਗੇ ਜਗਯਾਸੂਆਂ ਕੋ ਜੈਸੇ ਉਪਦੇਸ਼ ਕਰਤੇ ਹੈਂ ਸੋ ਭਾਈ ਜੀ ਕਹਤੇ ਹੈ ॥ ॥ ੨ ॥ ੬੯ ॥

Digitized by Panjab Digital Library | www.panjabdigilib.org

**ਮੂ:) ਈਂ ਜ਼ਹਾਨੋ ਆਂ ਜ਼ਹਾਂ ਫ਼ਾਨੀ ਬਵੱਦ ॥**
**ਗ਼ੈਰ ਯਾਦ ਸ ਜ਼ੁਮਲਹ ਨਾਦਾਨੀ ਬਵੱਦ ॥**

ਟੀਕਾ—ਹੇ ਭਾਈ ਏਹ ਲਕ ਅਰੁ ਓਹੁ ਲੋਕ ਨਾਸਰੂਪ ਹੈ। ਭਾਵ ਨੇ ਲੋਕ ਲੋਕਾਂ ਕੋ ਨਾਸ ਰੂਪ ਜਾਣ ਜਬ ਦੋਨੋ ਨਾਸਰੂਪ ਹੈਂ ਤਬ ਫੇਰ ਲੋਕਕ ਸੁਖ ਔ ਪਦਾਰਥੋਂ ਕਾ ਸੰਕਲਪ ਨਾ ਕਰੀਏ॥੧॥ ਪ੍ਰਸ਼ਨ ਦੋਨੋ ਲੋਕਾਂ ਕੇ ਸੁਖ ਔ ਪਦਾਰਥੋਂ ਕੋ ਅਛੇ ੨ ਸਿਆਣੇ ਚਾਹ ਰਹੇ ਹੈ ਤਿਸਕਰ ਅਨੇਕ ਕਰਮੋ ਮੇ ਲਗਤੇ ਹੈ ਉਤਰ ਬਿਨਾ ਭਗਤੀ ਉਸ ਪ੍ਰਮੇਸ੍ਰ ਕੀ ਕੇ ਤਮਾਮ ਕਰਮਾਂ ਵਾਲੇ ਮੂਰਖ ਹੈਂ। ਭਾਵ ਇੰਦ੍ਰਿਆਂ ਦੇ ਸੁਖਾਂ ਵਾਸਤੇ ਹੋਰ ਕਰਮਾਂ ਮੈ ਲਗਕੇ ਜਿਨਾ ਨੇ ਭਗਤੀ ਭੁਲਾ ਦਿਤੀ ਹੈ ਓਹੁ ਮੂਰਖ ਕਹੀਤੇ ਹੈਂ॥੨॥੭੦॥

**ਮੂ: ਯਾਦ ਕੁਨ ਹਾ ਤਾ ਤੂਾਨੀ ਯਾਦ ਕੁਨ ॥**
**ਖ਼ਾਨਹ ਰਾ ਅਜ਼ ਯਾਦ ਹਕ ਆਬਾਦ ਕੁਨ ॥**

ਟੀਕਾ—ਤਾਂਤੋਂ ਹੇ ਭਾਈ ਜਬ ਤੁਕ ਭਗਤੀ ਕਰ ਸਕੇ ਖਬਰਦਾਰ ਹੋਕਰ ਤਬ ਤਕ ਭਗਤੀ ਕਰੁ॥੧॥ ਪੁਨਾ ਸ਼ਰੀਰ ਰੂਪੀ ਘਰ ਕੋ ਭਾਈ ਸਚੇ ਕੀ ਭਗਤੀ ਸੇ ਵਸਾਵਣਾ ਕਰੁ॥੨॥੭੧॥

**ਮੂ: ਈਂ ਦਿਲੇ ਤੋ ਖ਼ਾਨਏ ਹਕ ਬੂਦਹ ਅਸਤ ।**

ਟੀਕਾ—ਇਸ ਕਾਰਨ ਵਸੋਂ ਕਰੋ ਜੋ ਏਹ ਦਿਲ ਤੇਰਾ ਜੋ ਹੈ ਏਹ ਘਰ ਸਚੇ ਦਾ ਬਣਿਆਂ ਹੂਆ ਹੈ। ਭਾਵ ਸਚੇ ਨੇ ਬਨਾਯਾ ਹੈ ਅਰੁ ਸਦਾ ਇਸ ਮੇ ਵਸਦਾ ਹੈ॥

**ਮੂ: ਮਨਚਿ ਗੋਇਮ ਹਕ ਚੁਨੀ ਫ਼ਰਮੂਦਹ ਅਸਤ ॥**

ਟੀਕਾ—ਕੇਵਲ ਇਕ ਮੈਨੇ ਕਿਆ ਕਹਿਆ ਹੈ ਸਚੇ ਨੇ ਭੀ ਐਸੇ ਹੀ ਕਹਣਾ ਹੈ। ਭਾਵ ਪ੍ਰਮਾਨ ਸਭਿ ਘਟਿ ਮੇਰੇ ਹਉ ਸਭਨਾ ਅੰਦਰਿ॥ ਵਾਰਾਂ ਤੇ ਵਧੀਕ ਸਲੋਕ ਮ: ੧॥ ੨॥੭੨॥

**ਮੂ: ਸਾਹਿਬਾ ਤੋ ਹਮ ਨਸ਼ੀਨੋ ਹਮ ਜ਼ੁਬਾਂ ॥**
**ਤੋ ਬਸੂਏ ਨਾਕਸੇ ਹਰ ਕਸ ਦਵਾਂ ॥**

Digitized by Panjab Digital Library | www.panjabdigilib.org

ਟੀਕਾ—ਤਾਂਤੇ ਦੇਖ ਐਸਾ ਸਮ੍ਰਥ ਪਾਤਿਸਾਹ ਵਾਹਿਗੁਰੂ ਸਾਥ ਤੇਰੇ ਬੈਠੀ ਹੈ ਨਿਸਚੇ ਸੋ ਅਰੁ ਭੀ ਰਸਨਾ ਸੇ ਗਲਾਂ ਕਰਦਾ ਹੈ ਸਾਥ ਤੇਰੇ। ਭਾਵ ਸਭ ਐਸੇ ਕਹਤੇ ਹੈਂ ॥੧॥ ਅਰੁ ਫੇਰ ਤੂੰ ਹਰ ਕਿਸੇ ਖਾਲੀ ਤੁਛੇ ਕੀ ਤਰਫ ਦੌੜਦਾ ਹੈ। ਭਾਵ ਪ੍ਰਮੇਸ੍ਰ ਕੋ ਛਡਕੇ ਦੇਵਤਿਆਂ ਸੇ ਮੰਗਤਾ ਹੈ ਜਿਨਾਂ ਕੋ ਖੁਦ ਦਾ ਹੈ। ਪ੍ਰਮਾਣ ਸਤਿਗੁਰੂ ਸਾਹਿਬ ਛਡਕੇ ਮੰਗਤਿਆਂ ਨੂੰ ਮੰਗਣ ਜਾਹੀ। ਵਾਰ ਭਾਈ ਗੁਰਦਾਸ ਕੀ ॥

## ਮੂ: ਵਾਇ ਤੋ ਬਰ ਜਾਨ ਤੋ ਅਹਿਵਾਲ ਤੋ ॥
## ਵਾਇ ਬਰ ਈ ਗਫਲਤ ਅਫਆਲ ਤੋ ॥

ਟੀਕਾ—ਤਾਂਤੇ ਹੇ ਭਾਈ ਅਫਸੋਸ ਹੈ ਤੇਰੇ ਬੋਲਨੇ ਉਪ੍ਰ ਅਰੁ ਅਫਸੋਸ ਹੈ ਤੇਰੀ ਜਾਨ ਉਪਰ ਅਰੁ ਅਫਸਸ ਹੈ ਤੇਰਿਆ ਕਰਤੁਬਾਂ ਉਪਰ ॥੧॥ ਪੁਨਾ ਅਫਸੋਸ ਹੈ ਤੇਰੀ ਪ੍ਰਮਾਦਤਾਂ ਉਪਰ ਅਰੁ ਅਫਸੋਸ ਹੈ ਤੇਰੇ ਬਦਫੈਲਾਂ ਕੁਸੰਗਤ ਉਪਰ। ਭਾਵ ਪ੍ਰਮੇਸਰ ਕੋ ਤ੍ਯਾਗ ਕੈ ਹੋਰ ਤਰਫ ਲਗਨੇ ਸੇ ਤੇਰੇ ਕੋ ਅੰਤ ਨੂੰ ਕਸਟ ਹੋਗਾ ॥੨॥੭੪॥ ਪ੍ਰਸਨ ਪ੍ਰਮੇਸਰ ਕੀ ਤਰਫ ਲਗਨੇ ਕੀ ਰੀਤੀ ਕਹੀਏ ਅਰੁ ਜੋ ਤਤ੍ਰਪਰ ਹੂਆ ੨ ਹੈ ਉਸਕਾ ਲਖਨ ਕੈਸੇ ਜਾਨੀਏ ਹੈ ਸੋ ਭੀ ਕਹੋ ਉਤ੍ਰ ॥

## ਮੂ: ਹਰਕਸੇ ਕੋ ਤਾਲਬੇ ਦੀਦਾਰ ਸੁਦ ॥
## ਪੇਸ ਚਸਮਸ ਜੁਮਲਹ ਨਕਸ ਯਾਰ ਸੁਦ ॥

ਟੀਕਾ—ਹੇ ਭਾਈ ਜੋ ਕੋਈ ਇਛਿਆਵਾਨ ਸਰੂਪ ਕਾ ਹੂਆ ਹੈ। ਭਾਵ ਬ੍ਰਹਮ ਸਰੂਪ ਦੇਖਾ ਚਾਹੁਤਾ ਹੈ ॥੧॥ ਉਸ ਕੇ ਨੇਤ੍ਰਾਂ ਅਗੇ ਤਮਾਮ ਸੰਸਾਰ ਸਰੂਪ ਪ੍ਰਮੇਸ੍ਰ ਕਾ ਦ੍ਰਿੜ ਹੋਤਾ ਹੈ। ਪ੍ਰਮਾਨ ਸਭ ਗੋਬਿੰਦ ਹੈ ੨ ਗੋਬਿੰਦ ਬਿਨ ਨਹੀ ਕੋਈ। ਸਾਖੀ ਫਤਯਾਦ ਕੋ ਸੀਰੀਦਾਰ ਫਲੂਦੇ ਕਾ ਸਬਦ ਸੀਰੀ ਸਮਮਾਲੂਮ ਹੋਤਾ ਥਾ ਹੋਰ ਮਜਨੂੰ ਕੋ ਸਭ ਤਰਫ ਲੇਲੀ ਕੇ ਘਰ ਹੀ ਪ੍ਰਤੀਤ ਹੋਤੇ ਥੇ। ਭਾਵ ਐਸੇ ਜਾਣਤਾ ਹੈ ਔ ਦੇਖਤਾ ਹੈ ਪ੍ਰਪਕ ਦ੍ਰਿਸਟੀ ਹੱਛੇ ਤੈ ਜੈਸੇ ਮੀਰ ਦੈਂਤ ਜਹਾਂ ਕਹਾਂ ਰਾਮਚੰਦ ਧਨਖਬਾਨ ਲੀਆ ਹੂਆ ਭੈ ਰੂਪ ਚਿੰਤਨ ਸੇ ਦੇਖਤਾ ਸੀ ਐਸੇ ਚਿੰਤਨ ਕੀ ਬਹੁਲਤਾ ਸੇ ਨਿਗਾ ਆਵਤਾ ਹੈ ॥੨॥੭੫॥

## ਮੂ: ਦਰਮਿਆਨੇ ਨਕਸ ਨਕਾਸ ਅਸਤ ਬਸ ॥
## ਈਂ ਸੁਖਨ ਰਾ ਦਰ ਨਿਜ਼ਾਬਦ ਬੁਲ ਹਵਸ ॥

Digitized by Panjab Digital Library | www.panjabdigilib.org

ਟੀਕਾ—ਬੀਚ ਸ੍ਰੀਰਰੂਪੀ ਪ੍ਰਤਲੀਆਂ ਦੇ ਸ੍ਰੀਰਾਂ ਦੇ ਬਨਾਨੇ ਵਾਲਾ ਹਰੀ ਬਸਤਾ ਹੈ । ਭਾਵ ਬਯਾਪਕ ਹੈ ਐਸੇ ਨਿਸਚਾ ਹੋਤਾ ਹੈ ਅਰੁ ਪ੍ਰਪਕ ਦ੍ਰਿਸਟੀ ਹੋਤੀ ਹੈ ਤਿਨਾਂ ਦੀ ॥ ੧ ॥ ਸ੍ਰੀਰਾਂਮੈ ਜੋ ਬਯਾਪਕਰੂਪ ਕਹਯਾ ਹੈ ਇਸ ਬਰਨ ਕੇ ਤਾਂਈ ਅੰਦਰ ਦਿਲਦੇ ਨਹੀ ਪਾ ਸਕਦਾ ਮਾਲਕ ਇਛਿਆ ਦਾ । ਭਾਵ ਪਦਾਰਥਾਂ ਦੇ ਸੁਖਾਂ ਦੀ ਇਛਿਆ ਵਾਲਾ ਪੁਰਸ ਇਸ ਭੇਦ ਨੂੰ ਨਹੀ ਜਾਣ ਸਕਦਾ ਜਿਸ ਨੂੰ ਪ੍ਰੇਮ ਹੋਵੈ ਓਹੁ ਜਾਨ ਸਕਦਾ ਹੈ ॥ ੨ ॥ ੧੬ ॥

## ਮੂ: ਗਰ ਤੂ ਮੇਖਾਨੀ ਜ਼ਿ ਇਸ਼ਕੇ ਹਕ ਸਬਕ ।

ਟੀਕਾ—ਹੇ ਭਾਈ ਜੇਕਰ ਤੂੰ ਜਾਣਿਆਂ ਚਾਹੁਤਾ ਹੈ ਤਾਂ ਪਰੇਮ ਸੇ ਸਚ ਦਾ ਪਾਠ ਪੜ ॥ ਪ੍ਰਸਨ ਸਚ ਦਾ ਓਹ ਕੇਹੜਾ ਪਾਠ ਹੈ ਜਿਸ ਕੇ ਪੜਨੇ ਤੇ ਜਾਣਿਆ ਜਾਤਾ ਹੈ ਸੋ ਕਹੀਏ ਜੀ ਉਤ੍ਰ ॥

## ਮੂ: ਯਾਦ ਹਕ ਕੁਨ ਯਾਦ ਹਕ ਕੁਨ ਯਾਦ ਹਕ ॥

ਟੀਕਾ—ਯਾਦਗੀਰੀ ਸਚੇ ਦੀ ਕਰੁ ੩ ਤ੍ਰਿਨਕਾਲ । ਭਾਵ ਜਬ ਯਾਦਗੀਰੀ ਕਰੇਂ ਤਾਂ ਜਾਣ ਲਏਗਾ ੨ ॥ ੧੭ ॥ ਐਸੇ ਸੁਨਕੈ ਜਗਯਾਸੂ ਮਗਨ ਹੋ ਗਿਆ ਤਬ ਭਾਈ ਜੀ ਪ੍ਰਸ਼੍ਰਪ੍ਰਕਾਰ ਸੇ ਫੇਰ ਜਗਯਾਸੂਆਂ ਕੋ ਬੁਲਾਨੇ ਵਾਸ ਆਪ ਹੀ ਪ੍ਰਸਨ ਕਰਤੇ ਹੈ ॥

## ਮੂ: ਏ ਬਿਰਾਦਰ ਯਾਦਿ ਹਕ ਦਾਨੀ ਕਿ ਚੀਸਤ
## ਅੰਦਰੂਨੇ ਜੁਮਲਹ ਦਿਲਹਾ ਜਾਇ ਕੀਸਤ ।

ਟੀਕਾ—ਐ ਭਾਈ ਯਾਦਗੀਰੀ ਸਚੇ ਵਾਹਿਗੁਰੂ ਦੀ ਜਾਣਦਾ ਹੈਂ ਕਿਆ ਚੀਜ ਹੈ ॥੧॥ ਪੁਨਾ ਅੰਦਰ ਤਮਾਮ ਦਿਲਾਂ ਦੇ ਜਗਾ ਕਿਸ ਕੀ ਹੈ ਆਪ ਜਾਣਦੇ ਹੋ ॥ ੨ ॥ ੧੮ ॥ ਮਗਨ ਹੋਏ ੨ ਜਗਯਾਸੂ ਨੇ ਉਤਰ ਜਬ ਨਾਂ ਦੀਆਂ ਤਬ ਫੇਰ ਆਪ ਹੀ ਉਨ ਪ੍ਰਸਨੋ ਕਾ ਉਤਰ ਕਹਤੇ ਭਏ ॥

## ਮੂ: ਹੂੰ ਦਰੂਨੇ ਜੁਮਲਹ ਦਿਲਹਾ ਜਾਇ ਓਸਤ ॥
## ਖਾਨਏ ਦਿਲ ਮੰਜ਼ਲੋ ਮਾਵਾਇ ਓਸਤ ।

ਟੀਕਾ—ਹੇ ਭਾਈ ਐਸੇ ਜਾਨ ਜੋ ਅੰਦਰ ਸਮਗਰ ਦਿਲਾਂ ਦੇ ਜਾਗਾ ਉਸ ਪ੍ਰਮੇਸਰ ਕੀ ਹੈ ॥ ੧ ॥ ਪੁਨਾ ਦਿਲਰੂਪੀ ਘਰ ਦਾ ਥਾਂ ਅਰੁ ਦੇਸ ਉਸੀ ਕਾ

Digitized by Panjab Digital Library | www.panjabdigilib.org

ਹੀ ਬਣਿਆ ਹੈ ਸਭੀ ਕਹਤੇ ਹੈਂ ॥ ੨ ॥ ੮੯ ॥ ਇਸੀ ਕੀ ਅਨਵਾਦ ਅਰੂ ਸਿਖਿਆ ਕਹੇ ਹੈਂ ॥

**ਮੂ: ਚੂੰ ਬਿਦਾਂਨਿਸਤੀ ਕਿ ਦਰ ਦਿਲਹਾ ਖੁਦਾਸਤ ॥**
**ਪਸ ਤੂ ਰਾ ਆਦਾਬ ਹਰ ਦਿਲ ਮੁਦਿਆਸਤ ॥**

ਟੀਕਾ—ਹੇ ਭਾਈ ਜਬ ਐਸੇ ਜਾਣ ਲਿਆ ਹੈ ਤੈਂ ਜੋ ਅੰਦਰ ਤਮਾਮ ਦਿਲਾਂ ਦੇ ਵਾਹਿਗੁਰੂ ਹੈ ॥ ੧ ॥ ਤਬ ਫੇਰ ਤੇਰੇ ਤਾਂਈ ਅਦਬ ਕਰਨਾ ਤਮਾਮ ਜੀਵਾਂ ਦਾ ਚਾਹੀਦਾ ਹੈ ॥ ੨ ॥ ੯੦ ॥ ਅਬ ਅਗੇ ਪੈਲੇ ਪ੍ਰਸਨ ਦਾ ਉਤ੍ਰ ਕਹਤੇ ਹੈਂ ॥

**ਮੂ: ਯਾਦਿ ਹਕ ਈਂ ਨਸਤ ਦੀਗਰ ਯਾਦ ਨੇਸਤ ॥**
**ਹਰਕਿ ਰਾ ਈਂ ਗਮ ਨ ਬਾਸ਼ਦ ਸ਼ਾਦ ਨੇਸਤ ॥**

ਟੀਕਾ—ਯਾਦਗੀਰੀ ਕਰਨੀ ਸਚੇ ਵਾਹਿਗੁਰੂ ਦੀ ਏਹੀ ਹੈ ਜੋ ਦੂਸਰੇ ਦੇਵੀ ਦੇਵਤੇ ਆਦੀ ਕੀ ਯਾਦਗੀਰੀ ਨਾਂ ਕਰਨੀ ॥ ੧ ॥ ਜਿਸ ਕਿਸੀ ਕੋ ਇਸ ਬਾਤ ਦਾ ਧਿਆਨ ਨਹੀਂ ਹੈ ਉਸ ਕੋ ਕਭੀ ਬ੍ਰਹਮਾਨੰਦ ਪਰਾਪਤਿ ਨਹੀਂ ਹੋਤਾ । ਭਾਵ ਜਿਸਕੀ ਉਪਾਸਨਾ ਕਰੇਗਾ ਉਸ ਕਾ ਹੀ ਰੂਪ ਹੋਗਾ ਸੋ ਦੇਵੀ ਦੇਵਤਾ ਨਾਸ ਰੂਪ ਹੈ ਤੇ ਤਿਨਾਂ ਕੀ ਬਭੂਤੀ ਭੀ ਨਾਸ ਰੂਪ ਹੈ ਤਾਤੇ ਨਾਸ ਰੂਪ ਪਦਾਰਥ ਸੇ ਸਦਾ ਦਾ ਆਨੰਦ ਨਹੀਂ ਮਿਲਤਾ ਸਦਾ ਕਾ ਆਨੰਦ ਏਕ ਬ੍ਰਹਮ ਸੇ ਹੀ ਹੋਤਾ ਹੈ ਕਿਉਂਜੋ ਬ੍ਰਹਮ ਨਾਸ ਤੇ ਰਹਿਤ ਹੈ ਉਪਾਸਨਾ ਕਰਤਾ ਕੋ ਭੀ ਨਾਸ ਤੇ ਰਹਿਤ ਕਰ ਦੇਤਾ ਹੈ ਤਾਂਤੇ ਸਰਬ ਕੋ ਤਿਆਗ ਕਰ ਇਕ ਹਰੀ ਮੈ ਤਤਪਰ ਹੋਨਾ ਚਾਹੀਏ । ਧਜ਼ਾਨ ॥ ੨ ॥ ੯੧ ॥ ਪ੍ਰਸਨ ਭਗਤੀ ਆਦੀ ਸਾਧਨ ਸਭੀ ਜਗਜਾਸਾਕਾਲ ਮੈ ਕਰਨੇ ਤੋ ਜਰੂਰ ੨ ਚਾਹੀਦੇ ਹੈ ਪਰੰਤੂ ਜਬ ਗਜ਼ਾਨ ਅਵਸਥਾ ਮੈ ਹੋਜਾਵੇ ਤਬ ਫੇਰ ਭਗਤੀ ਕਰਨੇ ਸੇ ਕਿਆ ਲਾਭ ਹੈ ਬਿਅਰਥ ਹੈ ਕਰਨਾ ।

**ਮੂ: ਜ਼ਿੰਦਗੀਏ ਆਰਫਾਂ ਯਾਦੇ ਖੁਦਾਸਤ ॥**
**ਅਜ਼ ਖੁਦਾ ਦੂਰਸਤ ਹਰਕਸ ਖੁਦ ਨੁਮਾਸਤ ।**

Digitized by Panjab Digital Library | www.panjabdigilib.org

ਟੀਕਾ—ਹੇ ਭਾਈ ਭਗਤੀ ਵਾਹਿਗੁਰੂ ਕੀ ਜੋ ਹੈ ਏਹੀ ਗਯਾਨਵਾਨੋਂ ਕੀ ਜੀਵਨ ਰੂਪ ਹੈ। ਭਾਵ ਭਗਤੀ ਕਰਨੇ ਮੈ ਹੰਕਾਰ ਨਹੀਂ ਫੁਰਦਾ ਅਰ ਭਗਤੀ ਬਿਨਾ ਪੁਰਸ ਹੰਕਾਰੀ ਹੋਜਾਤਾ ਹੈ ਅਰੁ ਹੰਕਾਰ ਦੁਖਾਂ ਕਾ ਕਾਰਨ ਹੈ ਇਸ ਤੇ ਗਿਆਨਵਾਨ ਭੀ ਭਗਤੀ ਕਰਤੇ ਹੈਂ ਤਿਆਗਤੇ ਨਹੀ ॥ ੧ ॥ ਕਿਉਂਕਿ ਜੋ ਕੋਈ ਭਗਤੀ ਕੋ ਤਿਆਗਕੇ ਆਪਣੇ ਆਪ ਕੋ ਬਡਾ ਕਰ ਦਿਖਾਂਵਦਾ ਹੈ ਕਿ ਮੈ ਹੀ ਹਰਤਾ ਕਰਤਾ ਹਾਂ ਓਹ ਵਾਹਿਗੁਰੂ ਸੇ ਦੂਰ ਹੈ। ਭਾਵ ਕਦੀ ਬ੍ਰਹਮ ਕੋ ਨਹੀ ਪਾਂਵਦਾ ਓਹੁ ਹੰਕਾਰੀ ਹੋਨੇ ਸੇ ਜਨਮਾਂ ਕੋ ਪਾਵਤਾ ਹੈ ॥ ੨ ॥ ੯੨ ॥ ਸਿਧਾਂਤ ਜਿਸ ਸਰੀਰ ਕੋ ਪਾਕਰ ਹੰਕਾਰ ਕਰਤੇ ਹੈਂ ਤਿਸ ਪਰ ਦ੍ਰਿਸਟਾਂਤ ਕਹਤੇ ਹੈਂ

**ਮੂ: ਚੀਸਤ ਗੋਯਾ ਮੁਸ਼ਤ ਖਾਕੇ ਬੇਸ਼ ਨੇਸਤ ॥**
**ਆਂ ਹਮ ਅੰਦਰ ਇਖ਼ਤੀਆਰੇ ਖੇਸ਼ ਨੇਸਤ ॥**

ਟੀਕਾ—(ਗੋਯਾ) ਭਾਈ ਜੀ ਕਹਤੇ ਹੈ ਦੇਖ ਏਹ ਸਰੀਰ ਕਿਆ ਚੀਜ ਹੈ ਮੁਠੀ ਮਿਟੀ ਕੀ ਹੈ ਪਰ ਮਿਟੀ ਭੀ ਚੰਗੀ ਨਹੀ ਹੈ) ਭਾਵ ਤਤੋਂ ਕਾ ਬਿਕਾਰ ਹੈ ਸਰੀਰ ਅਰ ਖਰਾਬ ਹੋਣੇ ਵਾਲਾ ਹੈ।੧। ਫਿਰ ਓਹ ਸਰੀਰ ਭੀ ਆਪਣੇ ਅਖਤਿਆਰ ਦੇ ਵਿਚ ਨਹੀ ਹੈ) ਭਾਵ ਸਭ ਤਰਾਂ ਸੇ ਪਰਾਧੀਨ ਰਹਿਤਾ ਹੈ ਤਾਂਤੇ ਫਿਰ ਅਭਿਮਾਨ ਹੋਕਰ ਭਗਤੀ ਕਰੀਏ ਜਿਸ ਕਰ ਬ੍ਰਹਮ ਕੀ ਪਰਾਪਤੀ ਹੋਨੇ ਸੇ ਜਨਮਾਂ ਤੇ ਛੂਟ ਜਾਂਵੇ।੨।੯੩। ਪ੍ਰਸਨ ਆਪਨੇ ਜੋ ਬ੍ਰਹਮ ਕੀ ਪਰਾਪਤੀ ਕਹੀ ਹੈ ਸੋ ਬ੍ਰਹਮ ਕੀ ਪਰਾਪਤੀ ਵਾਲੇ ਗਯਾਨਵਾਨਾਂ ਕੀ ਕੌਨ ਮਹੱਤਤਾ ਹੋਤੀ ਹੈ ਅਰੁ ਉਨਾਂ ਕਾ ਮਰਾਤਬਾ ਕਿਆ ਹੋਤਾ ਹੈ। ਉਤਰ ॥

**ਮੂ: ਹਕ ਕਿ ਹਫਤਾਦੋ ਦੁ ਮਿਲਤਹ ਆਫਰੀਦ ॥**
**ਫਿਰਕਹੇ ਨਾਜ਼ੀ ਅਜ਼ੀਹਾਂ ਬਰ ਗੁਜ਼ੀਦ ॥**

ਟੀਕਾ—ਸਚੇ ਵਾਹਿਗੁਰੂ ਨੇ ਜੋ ਸਤਰ ਦੋ ਬਹੱਤਰ ਪੰਥ ਬਨਾਏ ਹੈਂ) ਭਾਵ ਪ੍ਰਗਟ ਕੀਤੇ ਹੈਂ।੧। ਤਾਂਤੇ ਇਨਾਂ ਸਭਨਾਂ ਸੇ ਉਪਰ ਪੰਥ ਗਯਾਨਵਾਨ ਸੰਤਾਂ ਦਾ ਗੁਜਰਿਆ ਹੈ) ਭਾਵ ਸਭਨਾਂ ਕਾ ਸਰੋਮਣੀ ਕੀਤਾ ਹੈ।੨।੯੪। ਪ੍ਰੋਢਤਾ ਵਾਸਤੇ ਫੇਰ ਕਹਤੇ ਹੈ।

**ਮੂ: ਫਿਰਕਹੇ ਨਾਜ਼ੀ ਬਿਦਾਂ ਬੇਇਸਤਬਾਹ ॥**
**ਹਸਤ ਹਫਤਾਦੋ ਦੁ ਮਿਲਤ ਰਾ ਪਨਾਹ ॥**

Digitized by Panjab Digital Library | www.panjabdigilib.org

ਟੀਕਾ—(ਬੇਇਸਤਬਾਹ) ਨਿਸਚੇ ਕਰਕੇ ਤੂ ਜਾਣ ਜੋ ਪੰਥ ਗਿਆਨਵਾਨ ਸੰਤਾਂ ਦਾ ਹੈ ।੧। ਓਹ ਬਹਤੁਰ ਪੰਥਾਂ ਦਾ ਆਸਰਾ ਹੈ) ਭਾਵ ਜਬ ਭੀੜਾ ਆਬਨਤੀ ਹੈ ਤਬ ਓਹ ਸਕਤੀ ਦਿਖਾ ਕਰ ਸਹਾਇਤਾ ਕਰਤੇ ਹੈਂ ਜਿਸ ਕਰ ਛੇਤ ਭੀੜਾਂ ਦੂਰ ਹੋਕਰ ਲੋਕ ਮਾਨਨੇ ਲਗ ਜਾਤੇ ਹੈਂ।੨।੯੫। ਹੋਰ ਮਹੱਤਤਾ ਤਿਨਾਂ ਦੀ ਕਹਤੇ ਹੈ।

ਮੂ: ਮਰਦਮਾਨਸ ਹਰ ਯਕੇ ਪਾਕੀਜ਼ਹ ਤਰ ॥
ਖ਼ੂਬ ਰੋ ਓ ਖ਼ੂਬ ਖ਼ੋ ਓ ਖ਼ੁਸ਼ ਸਿਯਰ ॥

ਟੀਕਾ—ਐਸੇ ਸੰਤ ਵਾਹਿਗੁਰੂ ਕੇ ਪਿਆਰੇ ਜੋ ਹੈਂ ਓਹ ਹਰ ਇਕ ਸੇ ਅਤੀ ਪਵਿਤ੍ਰ ਹੈ।੧। ਪੁਨਾ ਵਾਹਿਗੁਰੂ ਕੇ ਪਿਆਰੇ ਹੋਨੇ ਤੇ ਚੰਗੀ ਸੁੰਦਰ ਸੂਰਤ ਹੈ ਉਨਾਂ ਕੀ ਅਰੁ ਚਾਲ ਹੈ ਉਨ ਕੀ ਅਰੁ ਚੰਗਾ ਸੁਭਾਵ ਹੈ ਉਨਾਂ ।।੨।੯੬॥

ਮੂ: ਪੇਸ਼ ਸ਼ਾਂ ਜੁਜ਼ ਯਾਦ ਹਕ ਮਨਜ਼ੂਰ ਨੇਸਤ ॥
ਗ਼ੈਰ ਹਰਫ਼ ਬੰਦਗੀ ਦਸਤੂਰ ਨੇਸਤ ॥

ਟੀਕਾ—ਅਗੇ ਉਨਾਂ ਕੇ ਬਿਨਾਂ ਭਗਤੀ ਸਚੇ ਕਾ ਸੇ ਹੋਰ ਕੋਈ ਬਚਨ ਮਨਜੂਰ ਨਹੀਂ ਹੈ।੧। ਪੁਨਾ ਬਿਨਾ ਅਖਰ ਭਗਤੀ ਦੇ ਹੋਰ ਰੀਤੀ ਕਹਨਾਂ ਦੀ ਨਹੀ) ਭਾਵ ਭਗਤੀ ਕਰਨੀ ਤੇ ਪੜਨੀ ਤੇ ਸੁਨਨੀ ਤੇ ਭਗਤੀ ਸੁਨਾਵਣੀ ਕਰਤੇ ਹੈ ਹੋਰ ਕਰਮ ਚਾਹੁਦੇ ਹੀ ਨਹੀ।੨।੯੭॥

ਮੂ: ਮੇਰਿਕਦ ਅਜ਼ ਹਰਫ਼ ਸ਼ਾਂ ਕੰਦੋ ਨਬਾਤ ॥
ਬਾਰਦ ਅਜ਼ ਹਰਿ ਮੂਇ ਸ਼ਾਂ ਆਬੇ ਹਯਾਤ ॥

ਟੀਕਾ— ਇਸੀਤੇ ਚੋਵਤਾ ਹੈ ਉਨਾਕੇ ਬਚਨੋ ਸੇ ਰੋਆ ਮਿਸ੍ਰੀ ਕਾ। ਭਾਵ ਉਨਾਕੇ ਬਚਨਾਸੇ ਭਗਤੀ ਕਾਹੀ ਕਥਨ ਉਪਜਤਾਹੈ ਪੁਨਾ ਉਨਾ ਕੇ ਤਮਾਮ ਰੋਮਾਸੇ ਬਰਸਤਾ ਹੈ ਅੰਮ੍ਰਿਤ । ਭਾਵ ਸੁਆਸ ੨ ਸੇ ਨਾਮ ਕਾ ਉਚਾਰਨ ਹੋਤਾ ਹੈ॥੨॥੯੮॥

ਮੂ: ਫ਼ਾਰਗ ਅੰਦ ਅਜ਼ ਬੁਗ਼ਜ਼ ਕੀਨਹ ਵ ਜ ਹਸਦ ॥

Digitized by Panjab Digital Library | www.panjabdigilib.org

**ਬਰ ਨਮੇਆਇੰਦ ਜ਼ਿ ਏਸਾਂ ਫੈਲ ਬਦ ॥**

ਟੀਕਾ—ਇਸੀਤੇ ਓਹ ਸੰਤ ਨਿਆਰੇ ਹੈਂ ਗੁਸੇ ਸੇ ਅਰੁ ਦੁਸਮਨੀਸੇ ਅਰੁ ਚੁਗਲੀ ਈਰਖਾ ਬਖੀਲ਼ੀ ਸੇ ॥ ੧ ॥ ਪੁਨਾ ਬਾਹਰ ਨਹੀ ਆਂਵਦਾ ਉਨਾ ਸੇ ਕਰਮ ਬੁਰਾ । ਭਾਵ ਕੋਈ ਬੁਰਾ ਕਰਮ ਨਹੀ ਕਰਦੇ ਈਸਵਰ ਅਰੁ ਗੁਰਾ ਕੀ ਆਗਜ਼ਾ ਮੈ ਵਰਤ ਦੇ ਹਨ ॥ ੨ ॥ ੮੯ ॥

**ਮੂ: ਹਰ ਕਸੇ ਰਾ ਇਜ਼ਤੋ ਹੁਰਮਤ ਕੁਨੰਦ ॥**
**ਮੁਫ਼ਲਸੇ ਰਾ ਸਾਹਿਬੇ ਦੌਲਤ ਕੁਨੰਦ ॥**

ਟੀਕਾ—ਜਿਸ ਕਿਸੀਕੋ ਪਤ ਵਾਲਾ ਅਰੁ ਵਡਿਆਈ ਵਾਲਾਂ ਕਰਦੇ ਹੈਂ ਸਕਤੀ ਦੇ ਕਰ ॥੧॥ ਪੁਨਾ ਨਦਾਰਦਾਂ ਨਿਰਗੁਨਾਂ ਕੇ ਤਾਂਈ ਦੈਵੀਗੁਨਾਂ ਰੂਪੀ ਦੌਲਤ ਦਾ ਮਾਲਕ ਕਰਦੇ ਹੈ ॥ ੨ ॥ ੯੦ ॥

**ਮੂ: ਮੁਰਦਹੇ ਰਾ ਆਬਹੈਂਵਾ ਮੇਦਿਹਦ ॥**
**ਹਰ ਦਿਲੇ ਪਯ ਮੁਰਦਹ ਰਾ ਜਾਂ ਮੇਦਿਹਦ ॥**

ਟੀਕਾ—ਮਰਿਆ ਹੋਯਾਂ ਕੇ ਤਾਂਈ ਅੰਮ੍ਰਿਤ ਦੇਤੇ ਹੈਂ । ਭਾਵ ਜੋ ਵਹਿਗੁਰੂ ਕੀ ਤਰਫ ਤੇ ਮਰੇ ਹੋਏ ਹੈ ਉਨਾ ਕੋ ਨਾਮ ਦੇ ਕਰ ਜਿੰਦਾ ਕਰ ਦੇਤੇ ਹੈਂ ॥ ੧ ॥ ਪੁਨਾ (ਹਰ) ਤਮਾਮ ਮੁਰਦੇ ਕੇ (ਪਯ) ਮਾਨਿੰਦ ਦਿਲਾਂ ਵਾਲਿਆਂ ਂ ਜਿੰਦਗੀ ਦੇਤੇ ਹੈਂ । ਭਾਵ ਪ੍ਰਮਾਦੀ ਪੁਰਸਾਂ ਕੌ ਜਨਮ ਮਰਨ ਤੇ ਰੈਤ ਕਰ ਦੇ ਹੈਂ ਸਿਖਯਾ ਦੇ ਕਰ॥ ੨ ॥ ੯੧ ॥

**ਮੂ: ਸਬਜ਼ ਮੇਸਾਜ਼ੰਦ ਚੋਬੇ ਖ਼ੁਸ਼ਕ ਰਾ ॥**
**ਬੂਇ ਮੇ ਬਖ਼ਸ਼ੰਦਰੰਗ ਬੇ ਮੁਸ਼ਕ ਰਾ ॥**

ਟੀਕਾ— ਹਰਾ ਕਰਦੇ ਦੇ ਹੈ ਸੁਕੀ ਹੋਈ ਲਕੜ ਕੌ । ਭਾਵ ਪਰਖਤ ਗੁਰੂ ਰਾਮ ਦਾਸ ਕੇ ਸਿਖ ਭਾਈ ਮਾਧੋ ਸੋਢੀ ਕੀ ਸਾਖੀ ਅਰੁ ਅੰਤ੍ਰੀਵ ਅੰਤਾ ਕਰਨ ਨੂੰ ਆਨੰਦ ਵਾਲਾ ਕਰ ਦੇਦੇ ਹੈ ॥ ੧ ॥ ਪੁਨਾ ਭਗਤੀ ਤੇ ਰੈਤ ਪੁਰਸ਼ਾਂ ਤਾਂਈ ਪਰੇਮਾ ਭਗਤੀ ਰੂਪੀ ਸੁਗੰਧੀ ਬਖਸ ਦੇਦੇ ਹੈ ॥ ੨ ॥ ੯੨ ॥

**ਮੂ: ਜ਼ੁਮਲਹ ਅਸਰਾਫ਼ਿੰਦ ਦਰ ਜ਼ਾਤੋ ਸਫ਼ਾਤ ॥**

Digitized by Panjab Digital Library | www.panjabdigilib.org

## ਤਾਲਬੇ ਜ਼ਾਤੰਦ ਖ਼ੁਦ ਹਮ ਐਨ ਜ਼ਾਤ ॥

ਟੀਕਾ– ਤਮਾਮ ਲੋਕਾਂ ਕੇ ਅੰਦਰ ਸੰਤ ਸਰਾਫ ਹੈ ਸਰੂਪ ਅਰੁ ਸਿਫਤ ਪਰਖਨੇ ਦੇ ਵਾ ਤਮਾਮ ਤਰਾਂ ਸੇ ਸੰਤ ਸਰਾਫਹੈਂ ਅੰਦਰ ਸਰੂਪ ਅਰੁ ਸਿਫਤਪਰਖਨੇ ਦੇ । ਭਾਵ ਬ੍ਰਹਮ ਸਰੂਪ ਨੂੰ ਜਾਣਦੇ ਹੈਂ ਅਰੁ ਦਸਦੇ ਹਨ।ਪੁਨਾ ਸਿਫਤ ਪ੍ਰਮੇਸਰ ਦੀ ਕਰਦੇ ਹੈ ਅਰੁ ਕਰਾਵਦੇ ਹੈਂ ਅਰੁ ਕਰਨ ਵਾਲਿਆਂ ਨੂੰ ਜਾਣਦੇ ਹੈਂ ॥ ੧ ॥ ਪੁਨਾ ਦੇਖਨੇ ਅਰੁ ਵਰਤਨੇ ਮੈ ਇਛਿਆਵਾਨ ਬ੍ਰਹਨ ਸਰੂਪ ਦੇ ਹੈਦੇ ਹੈਂ ਆਪ ਭੀ ਥੌੜੇ ਵਾਸਤਵ ਤੇ ਜਿਉ ਤਿਉ ਬ੍ਰਹਮ ਦਾ ਸਰੂਪ ਹੀ ਹੈ ਸੰਤ ਓਹੁ ॥ ੨ ॥ ੯੩ ॥

## ਮੂੰ ਖ਼ੋਇ ਸ਼ਾਂ ਇਲਮੋ ਅਦਬ ਰਾ ਮਜ਼ਹਰ ਅਸਤ ॥
## ਰੋਇ ਸ਼ਾਂ ਰੌਸ਼ਨ ਜ਼ਿ ਮਿਹਰੇ ਅਨਵਰ ਅਸਤ ॥

ਟੀਕਾ–ਸੁਭਾਵ ਉਨਾਂ ਕਾ ਵਿਦਿਆ ਅਰੁ ਅਦਬ ਕਰਨੇ ਦਾ ਟਿਕਾਣਾ ਹੈ ॥ ੧ ॥ ਪੁਨਾ ਸੂਰਜ ਕੇ ਪ੍ਰਕਾਸ ਸੇ ਭੀ ਅਧਿਕ ਮੁਖ ਉਨਾ ਕਾ ਪ੍ਰਕਾਸਤਾ ਹੈ। ਭਾਵ ਪ੍ਰਕਾਸ ਚੇਤਨ ਸੇ ॥ ੨ ॥ ੯੪ ॥ ਪ੍ਰਸਨ ਜਿਨਾ ਸੰਤਾਂ ਕੀ ਆਪਨੇ ਪੁਨਾ ੨ ਮਹੱਤਤਾ ਕਹੀ ਹੈ ਸੋ ਤਿਨਾਂ ਕਾ ਨਿਜਮ ਕਰ ਕੋਈ ਪੰਥ ਭੀ ਹੈ ਜੇ ਹੈ ਤਾ ਕਹੋ ਜਿਸਕਰ ਹਮਲੋਕ ਜਾਨ ਲੇਵੈਂ ਸੁਖੇਨ ਬਾਹਰਲੇ ਚਿੰਨ ਤੋਂ ਕਿਉ ਜੋ ਅੰਦਰਲੇ ਚਿੰਨ ਤਾਂ ਕੋਈ ਜਾਨਤਾ ਹੈ ॥ ਉਤ੍ਰ ॥

## ਮੂੰ ਮਿਲਤੇ ਸ਼ਾਂ ਕੌਮਿ ਮਸਕੀਨਾਂ ਬਵੱਦ ॥
## ਹਰ ਦੂਆਲਮ ਸਾਇਕੇ ਈਂਨਾ ਬਵੱਦ ॥

ਟੀਕਾ– ਪੰਥ ਉਨਾਂਕਾ ਕੁਲ ਪਦਤੀ ਗਰੀਬਾ ਦੀ ਹੈ। ਭਾਵ ਦੇਖਨ ਮੈ ਗਰੀਬ ਰੈਤੇ ਹੈ ਸਭ ਤਰਾ ਸੇ ਆਪਣਾ ਆਪ ਨਹੀ ਜਨਾਵਤੇ ॥ ਪ੍ਰਮਾਨ ਛਪਤਸਾਧ ਜਿਹ ਨਾਮ ਅਧਾਰਾ। ਭਾਵ ਗੁਪਤ ਰੈਤੇ ਹੈਂ ॥ ਰਾਮ ਅਵਤਾਰ ਕਾਂ ਮੰਗਲ ॥ ੧ ॥ ਏਹ ਦੋਨੋ ਲੋਕ ਪਰੇਮੀ ਉਨਾਕੇ ਹੋ ਰਹੇ ਹੈ । ਭਾਵ ਦਰਸਨ ਕਰਨਾ ਚਾਹੁਤੇ ਹੈਂ ॥ ੨ ॥ ੯੫ ॥ ਪੁਨਾ

## ਮੂੰ ਕੌਮਿ ਮਸਕੀਂ ਕੌਮਿ ਮਰਦਾਨੇ ਖ਼ੁਦਾਸਤ ॥
## ਈਂ ਹਮਹਿ ਫਾਨੀ ਓ ਆਂ ਦਾਇਮ ਬਕਾਸਤ ॥

Digitized by Panjab Digital Library | www.panjabdigilib.org

ਟੀਕਾ– ਕੁਲ ਗਰੀਬਾਂ ਦੀ ਜੋ ਹੈ ਏਹੀ ਕੁਲ ਪਧਤੀ ਵਾਹਿਗੁਰੂ ਕੇ ਸੰਤਾਂ ਕੀ ਹੈ ॥ ੧ ॥ ਉਨਾ ਦੀ ਨਿਗਾਂ ਮੈ ਐਸਾ ਨਿਸਚਾ ਹੈ ਏ ਜੋ ਸੰਸਾਰ ਦੇਖੀਦਾ ਹੈ ਏਹ ਤਮਾਮ ਨਾਸ ਰੂਪ ਹੈ ਅਰੁ ਓਹ ਵਾਹਿਗੁਰੂ ਹਮੇਸ ਬਾਕੀ ਰੈਨੇ ਵਾਲਾ ਹੈ ਅਥਵਾ ਏਹ ਜੋ ਸੰਸਾਰ ਦੇਖੀਦਾ ਹੈ ਏਹ ਹੰਕਾਰੀ ਹੋਨੇ ਤੇ ਤਮਾਮ ਸੰਸਾਰ ਨਾਸਰੂਪ ਹੈ ਅਰੁ ਓਹ ਸੰਤ ਨਿਰਅਭਿਮਾਨ ਹੋਨੇ ਤੇ ਹਮੇਸ਼ ਬਾਕੀ ਹੈ । ਭਾਵ ਨਾਸ ਹੋਨੇ ਤੇ ਰੈਹਤ ਹੈ ॥ ੨ ॥ ੯੬ ॥

**ਮੂ: ਸੁਹਬਤੇ ਸ਼ਾਂ ਖ਼ਾਕ ਰਾ ਅਕਸੀਰ ਕਰਦ ॥**
**ਲੁਤਫ ਸ਼ਾਂ ਬਰ ਹਰ ਦਿਲੇ ਤਾਸ਼ੀਰ ਕਰਦ ॥**

ਟੀਕਾ—ਸੰਗਤਿ ਉਨਾਂ ਕੀ ਮਿਟੀ ਕੋ ਭਾਂਇ ਪਾਰਸ ਕੀਆ ਅਰੁ ਕਰਤੀ ਹੈ । ਭਾਵ ਤੁਛ ਜੀਵਾਂ ਕੋ ਅਮੋਲਕ ਪ੍ਰਮੇਸਰ ਰੂਪ ਕੀਆ ਹੈ ਅਰੁ ਅਬ ਕਰਤੀ ਹੈ ॥ ੧ ॥ ਪੁਨਾ ਬਾਣੀ ਉਨਕੀ ਉਪ੍ਰ ਤਮਾਮ ਦਿਲਾਂ ਦੇ ਅਸਰ ਕਰਤੀ ਹੈ ਭਾਵ ਜੋ ਸੁਨਤਾ ਹੈ ਓਹੁ ਕੁਕਰਮਾਂ ਤੇ ਹਟਕੈ ਸੁਭ ਪਾਸੇ ਲਗ ਜਾਤਾ ਹੈ । ੨ ॥ ੯੭ ॥

**ਮੂ: ਹਰਕਿ ਬਾ ਏਸਾਂ ਨਸ਼ੀਨਦ ਯਕ ਦਮੇ ॥**
**ਰੋਜ਼ ਫਰਦਾ ਰਾ ਕੁਜਾ ਦਾਰਦ ਗ਼ਮੇ ॥**

ਟੀਕਾ—ਤਾਂਤੇ ਜੋ ਕੋਈ ਐ ਪਿਆਰੇ ਸਾਥ ਉਨਾ ਸੰਤਾਂ ਕੇ ਬੈਠਾ ਇਕ ਦਮ ਭਰ ਭੀ । ਭਾਵੰ ਥੋੜਾ ਕਾਲ ਭੀ ਜਿਸਨੇ ਸੰਗਤ ਕੀਤੀ ਹੈ ॥ ੧ ॥ ਓਹ ਕਲ੍ਹਦੇ ਦਿਨ ਦਾ ਕਬ ਗਮ ਰਖਦਾ ਹੈ । ਭਾਵ ਸਭ ਪਦਾਰਥਾਂ ਤੇ ਅਬ ਹੋ ਜਾਤਾ ਹੈ ਫੇਰ ਏਹ ਚਿੰਤਾ ਨਹੀ ਰੈਂਦੀ ਜੋ ਆਜ ਤੋ ਹਮਕੋ ਅਮਕੇ ਨੇ ਖਾਨ ਪਾਨ ਦੀਆ ਹੈ ਅਰੁ ਕਲਕੋ ਕੌਨ ਦੇਵੈਗਾ ॥ ੨ ॥ ੯੮ ॥ ਪ੍ਰਸ਼ਨ ਆਪਨੇ ਤੋ ਦ੍ਰਿੜ ਕਰਾ ਦੀਆ ਸੰਗਤ ਕਰਨੇ ਸੇ ਅਰੁ ਸੰਤਾਂ ਕੇ ਬਚਨਾਂ ਮੇ ਅਰੁ ਕ੍ਰਿਪਾ ਸੇ ਪ੍ਰਾਪਤੀ ਹੋਨੀ ਸਭ ਵਸਤੂ ਦੀ ਪ੍ਰੰਤੂ ਕਈ ਕ ਕੈਤੇ ਹੈਂ ਕੇ ਜੋ ਕੁਛ ਪ੍ਰਾਪਤੀ ਹੋਤੀ ਹੈ ਸੋ ਆਪਣੇ ਪੁਰਖਾਰਥ ਸੇ ਹੋਤੀ ਹੈ ॥

**ਮੂ: ਆਂ ਚਿਦਰ ਸੁਦ ਸਾਲਹੇ ਉਮਰੇ ਨਿਯਾਫਤ ॥**
**ਸੁਹਬਤੇ ਸ਼ਾਂ ਹਮ ਚੁ ਖ਼ੁਰਸ਼ੈਦ ਸ ਬਿਤਾਫਤ ॥**

ਟੀਕਾ—ਇਨਾ ਜੀਵਾ ਨੇ ਸੰਗਤ ਤੇ ਬਿਨਾ ਆਪਣੇ ਆਪ ਜੋ ਕਈ

Digitized by Panjab Digital Library | www.panjabdigilib.org

ਜਪ ਤਪਾਦੋ ਉਪਾਉ ਕੀਤੇ ਅੰਦਰ ਸੈਂਕੜੇ ਸਾਲ ਅਵਸਥਾ ਦੀ ਦੇ ਪ੍ਰਭੂ ਨਾ ਪਾਯਾ ਉਸ ਪ੍ਰਮੇਸਰ ਕੋ ॥ ੧ ॥ ਅਰੁ ਸੰਗਤਿ ਉਨਾਂ ਸੰਤਾਂ ਕੀ ਜਿਸਨੇ ਕੀਤੀ ਹੈ ਉਸਨੂੰ ਨਿਸਚੇ ਸੇ ਮਾਨਿੰਦ ਸੂਰਜ ਦੇ ਪ੍ਰਕਾਸਮਾਨ ਕੀਆ। ਭਾਵ ਪ੍ਰਾਪਤੀ ਵਾਲਾ ਕੀਆ ਹੈ ॥ ੨ ॥੯੯॥ ਪ੍ਰਸ਼ਨ ਅਬ ਆਪਣੇ ਚਿਤ ਦਾ ਨਿਸਚਾ ਕਹਿਏ ਜੀ ਆਪ ਕੀ ਕੈਸੇ ਦ੍ਰਿੜਤਾ ਹੈ ਜਿਸਕੋ ਸੁਨਕੇ ਹਮ ਭੀ ਵੈਸੇ ਧਾਰਨ ਕਰ ਲਏਂ ਦ੍ਰਿੜ ॥ ਉਤ੍ਰ ॥

**ਮੂ: ਮਾਂ ਕਿ ਅਜ਼ ਇਹਸ਼ਾਨ ਸ਼ਾਂ ਸ਼ਰਮਿੰਦਹ ਏਮ ॥**
**ਬੰਦਏ ਇਹਸ਼ਾਨ ਸ਼ਾਂ ਬੰਦਹ ਏਮ ॥**

ਟੀਕਾ—ਹੇ ਭਾਈ ਜੋ ਹਮ ਤੇ ਪ੍ਰਉਪਕਾਰ ਉਨਕੇ ਸੇ ਲਜਿਆਂਮਾਨ ਭਾਵ ਸੰਤਾ ਕੇ ਪ੍ਰਉਪਕਾਰ ਕਾ ਬਦਲਾ ਕੁਛ ਨਹੀ ਦੇ ਸਕਦੇ ਹਮ ਕੈਸੇ ਓਹ ਸ ਲੋਕ ਮੈ ਭੀ ਅੰਦਰਲੇ ਬਾਹਰਲੇ ਸਤਰੂਆਂ ਸੇ ਛੁਡਾਵਤੇ ਹੈ ਅਰ ਪ੍ਰਲੋਕ ਕਾ ਜਮੋ ਕੀ ਤਾੜਨਾ ਸੇ ਛੁਡਾਤੇ ਹੈਂ ਐਸੇ ॥ ੧ ॥ ਤਾਂਤੇ ਸੁਨੀਏ ਵਾਹਿਗੁਰੂ ਪ੍ਰਉਪਕਾਰ ਜਾਨਨੇ ਵਾਲੇ ਜੋ ਸੰਤ ਹੈ ਉਨਾ ਦਾਂ ਮੈ ਦਾਸ ਹਾਂ ਮੇਰਾ ਤੂੰ ਏ ਸਚਾ ਹੈ।੨।੧੦੦।

**ਮੂ: ਸਦ ਹਜ਼ਾਰਾਂ ਹਮਚੁ ਮਨ ਕਰਬਾਨਿ ਸ਼ਾਂ ॥**
**ਹਰਚਿ ਗੋਇਮ ਕਮ ਸ਼ਵੱਦ ਦਰਸ਼ਾਨਿ ਸ਼ਾਂ ॥**

ਟੀਕਾ—ਹੇ ਭਾਈ ਏਕ ਹਮਾਰੀ ਕਿਆ ਬਾਤ ਹੈ। ਸੈਂਕੜੇ ਹਜਾਰਾਂ ਹਮਾਰੇ ਆਨੰਦ ਨਿਸਚੇ ਸੇ ਵਾਰਨੇ ੨ ਉਨ ਕੇ ਉਪਰ ਹੋਤੇ ਹੈਂ। ਭਾਵ ਵਾਰਨੇ ਮੈ ਹੋਇ ਹੈ॥ ਏਕ ਤੋ ਹਮਾਰੇ ਸ੍ਰੀਖੇ ਉਨਕੇ ਉਪਰੋਂ ਵਾਰ ੨ ਸੁਟੀਦੇ ਹੈਂ ਕਿਸਤੇ ਜੋ ਸੰਤ ਸਬ ਬਾਤੋ ਸੇ ਸਪੰਨ ਹੈ ਅਰੁ ਹਮ ਤੁਛ ਹੈ। ਦੂਜਾ ਹਮਾਰੇ ਸ੍ਰੀਖੇ ਉਨਾਂ ਉਪਰੋ ਬਲਿਹਾਰ ੨ ਜਾਤੇ ਹੈਂ ਕਿਉ ਜੋ ਹਮ ਤੋ ਪ੍ਰਮੇਸਰ ਕੇ ਉਪਕਾਰ ਜਾਨਕੇ ਉਸਕਾਂ ਭਜਨ ਨਹੀ ਕਰਤੇ ਅਰੁ ਓਹੁ ਸੰਤ ਹਰੀ ਕੇ ਉਪਕਾਰਾਂ ਕੋ ਜਾਨ ਕਰ ਲਗ ਰਹੇ ਹੈਂ।੧। ਤਾਂਤੇ ਜੋ ਕੁਛ ਉਪਮਾ ਕਵਾਂ ਮੈ ਓਹੁ ਘਟ ਹੀ ਹੈ ਅੰਦਰ ਵਡਿਆਈ ਉਨਕੀ ਕੇ।੨।੧੦੧। ਕਿਸ ਕਾਰਨ ਕੈਣਾ ਘਟ ਹੈ ਸੋ ਕਹੀਤੇ ਉਤ੍ਰ।

**ਸ਼ਾਂਨ ਸ਼ਾਂ ਬੇਰੂੰ ਬਵਦ ਅਜ਼ ਗੁਫਤ ਗੂੰ ॥**

Digitized by Panjab Digital Library | www.panjabdigilib.org

ਜਾਮਏ ਸਾਂ ਪਾਕ ਹਸ਼ਤ ਅਜ਼ ਸੁਸਤ ਸੂੰ ॥

ਟੀਕਾ—ਹੈ ਭਾਈ ਵਡਿਆਈ ਉਨਕੀ ਬਾਹਰ ਹੈ ਕਹਨੇ ਕਹਾਵਨੇ ਸੇ ਕਹੀ ਨਹੀ ਜਾਤੀ ॥ ੧ ॥ ਪੁਨਾ ਸ਼ਰੀਰ ਉਨਕਾ ਪਵਿਤ੍ਰ ਹੈ ਧੋਣੇ ਧਵਾਵਨੇ ਸੇ ਪ੍ਰਮਾਨ ਸਾਧ ਭਲੇ ਅਣਨਾਤਿਆਂ ॥ ੨ ॥ ੧੦੨ ॥ ਪੁਨਾ ਜਗਜਾਸੂਆ ਕੋ ਐਸੇ ਉਪਦੇਸ ਕਰਤੇ ਹੈ:

ਮੂ: ਦਾਂ ਯਕੀਂ ਤਾ ਚੰਦ ਈਂ ਦੁਨੀਆਂ ਬਵੱਦ ॥

ਆਖ਼ਰ ਸੁ ਕਾਰੇ ਤੂ ਬਾ ਮੌਲਾ ਬਵੱਦ ॥

ਟੀਕਾ— ਏਹ ਦੁਨੀਆਂ ਕਥ ਥੋੜੀ ਹੈ ਨਿਸਚੇ ਕਰਕੇ ਜਾਣ । ਭਾਵ ਪਿਆਰੇ ਜਿਸ ਦੁਨੀਆਂ ਮੈ ਤੂੰ ਪਰੀਤਿ ਕਰ ਰਹਿਆ ਹੈ ਨਿਸਚੇ ਜਾਣ ਏਹ ਨਾ ਰੂਪ ਹੈ ਤਾਂਤੇ ਇਸਕੀ ਪਰੀਤਿ ਤਜਾਗ ਕੈ ਅਸਥਿਰ ਰੂਪ ਹਰੀ ਕੀ ਤਰਫਲ ਕਿਸ ਕਾਰਨ ਜੋ ॥ ੧ ॥ ਓੜਕ ਨੂੰ ਤੁਸ ਵਾਹਿਗੁਰੂ ਸ਼ਜਾਧੌਕ ਮਾਥੈ ਤਰਾ ਹੈ । ਭਾਵ ਵਾਹਿਗੁਰੂ ਕੇ ਸਨਮੁਖ ਹੀ ਤੇਰਾ ਨਿਆਉ ਹੋਨਾ ਹੈ ਇਸਤੇ ॥ ੧੦੩ ॥ ਪ੍ਰਸਨ ਪੀਛੇ ਤੇ ਪ੍ਰਮੇਸਰ ਤੇ ਭੁਲ ਕਰ ਮਾਯਾ ਮੈ ਲਗਨੇ ਸੇ ਅਵਸਥਾ ਬੀਤ ਗਈ ਹੈ ਅਬ ਕੈਸੇ ਲਗਨਾ ਹੋਵੇ ਪ੍ਰਮੇਸਰ ਕੀ ਤਰਫ ਜੈਸੇ ਕੋਈ ਪਿਛੇ ਕਰਦੇ ਹੋਵੈ ਤਾ ਉਸੀ ਮੈ ਹੀ ਲਗਨਾ ਹੋਵੇ ਹੈ ਫੇਰ ਭੀ ॥ ਉਤ੍ਰ ॥

ਮੂ: ਪਸ ਜ਼ਿ ਅਵਲ ਕੁਨ ਹਦੀਸੇ ਸ਼ਾਹਿ ਰਾ ॥

ਪੈਰਵੀ ਕੁਨ ਹਾਦੀਏ ਈਂ ਰਾਹਿ ਰਾ ॥

ਟੀਕਾ—ਹੇ ਭਾਈ ਜੋ ਅਵਸਥਾ ਬੀਤ ਗਈ ਸੋ ਬੀਤ ਗਈ ਅਬ ਫੇਰ ਮੁੜ ਸੇ ਕਰਨੇ ਲਗ ਜਾ ਹਰੀ ਦੀ ਭਗਤੀ ਤਾਈ ) ਸਾਖੀ ਲਹਤਾਂ ਗਿਨਣ ਵਾਲੇ ਕੀ ਸਮ । ੧ । ਪ੍ਰਸਨ ਭਗਤੀ ਕਰਨੇ ਕਾ ਰਸਤਾ ਕਹਾ ਸੇ ਮਿਲਤਾ ਹੈ ਸੋ ਕਹੀਏ । ਉਤਰ ਢੂਢਣਾ ਕਰ ਦਿਖਾਲਨ ਵਾਲੇ ਜੋ ਹੈਂ ਇਸ ਭਗਤੀ ਰੂਪੀ ਰਸਤੇ ਕੇ ਤਾਂਈ ) ਭਾਵ ਸਤਿ ਗੁਰਾਂ ਦੁਆਰੇ ਮਿਲਤਾ ਹੈ ਜਬ ਮਿਲ ਕਰ ਭਗਤੀ ਕਰੈਗਾ ਉਨਾਂ ਦੇ ਅਨਸਾਰ ॥ ੨ ॥ ੧੦੪ ॥

ਮੂ: ਤਾ ਤੂ ਹਮ ਯਾਬੀ ਮੁਰਾਦੇ ਕਿਬਰੀਆ ॥

ਲਜ਼ਤੇ ਯਾਬੀ ਜ਼ਿ ਸ਼ੌਕੇ ਕਿਬਰੀਆ ॥

Digitized by Panjab Digital Library | www.panjabdigilib.org

ਟੀਕਾ— ਤਾਂਤੂੰ ਭੀ ਪਾਵੇਂਗਾ ਫਲ ਉਮਤ ਦਾ ਹਰੀ ਰੂਪੀ। ਭਾਵ ਹਰੀ ਕੀ ਸਾਖਾਤ ਕਾਰਤਾ ਪਾਵੈਂਗਾ।੧। ਫੇਰ ਅਗੇ ਜਿਉ ੨ ਭਗਤੀ ਮੈ ਪਰੇਮ ਕਰੇਂਗਾ ਤਿਉ ੨ ਪਰੇਮ ਸੇ ਹਰੀ ਕਾ ਆਨੰਦ ਪਾਵੇਗਾ ॥੨॥੧੦੫॥ ਸਿਧਾਂਤ।

**ਮੂ: ਜ਼ਾਹਲ ਇੰਜ਼ਾਂ ਸਾਹਿਬੇ ਦਿਲ ਮੇਸ਼ਵੰਦ ॥**
**ਗਰ ਕਿ ਦਰੀਯਾ ਓ ਬ ਸਾਹਲ ਮੇਸ਼ਵੰਦ ॥**

ਟੀਕ— ਇਸ ਭਗਤੀ ਕੇ ਕਰਨ ਸੇ ਅਰੁ ਗੁਰਾਂ ਕੀ ਸੰਗਤ ਸੇ ਮੂਰਖ ਭੀ ਬਡੇ ਦਿਲ ਵਾਲੇ ਹੋਤੇ ਹੈ। ਪੁਨਾ ਜੋ ਪੁਰਸ ਡੁਬੇ ਹੂਏ ੨ ਹੈ ਸੰਸਾਰਰੂਪੀ ਦਰਿਯਾਉ ਮੈ ਉਹ ਉਪਰ ਕੰਢੇ ਦੇ ਹੋਤੇ ਹੈ।੧। ਭਾਵ ਪਾਰਲੇ ਕਨਾਰੇ ਹਰੀ ਕੇ ਪਾਵਤੇ ਹੈ ॥੨॥੧੦੬॥

**ਮੂ: ਨਾਕਸ ਇੰਜ਼ਾਂ ਆਰਫ਼ੇ ਕਾਮਲ ਬਵੰਦ ॥**
**ਯਾਫ਼ਤਿ ਔਲਾਂ ਹਰ ਕਿ ਰਾ ਹਾਸਿਲ ਸ਼ਵਦ ॥**

ਟੀਕਾ— ਨਿਰਸਾਧਨ ਪੁਰਸ ਭੀ ਗੁਰਾਂ ਦੀ ਇਸ ਭਗਤੀ ਰੂਪੀ ਜਗਾ ਮੈਂ ਪਰਾਪਤਿ ਹੋਣੇ ਸੇ ਪੂਰਨ ਗਯਾਨਵਾਨ ਹੋਤੇ ਹੈਂ।੧। ਪੁਨਾ ਭਗਤੀ ਵਾਹਿਗੁਰੂ ਦੀ ਜਿਸ ਕਿਸੀ ਕੇ ਤਾਂਈ ਪਰਾਪਤਿ ਹੋਤੀ ਹੈ ਉਸਕੇ ਤਾਂਈ ਵਾਹਿਗੁਰੂ ਦੀ ਪ੍ਰਾਪਤੀ ਹੋਤੀ ਹੈ ॥੨॥੧੦੭॥

**ਮੂ: ਈਂ ਅਦਬ ਤਾਜ਼ਸਤ ਬਰ ਅਫਰਾਕ ਕਸ ॥**
**ਆਂ ਕਿ ਗ਼ਾਫਲ ਨੇਸਤ ਅਜ਼ ਹਕ ਯਕ ਨਫਸ ॥**

ਟੀਕਾ— ਏਹ ਅਦਬ ਦਾ ਛਤ੍ਰ ਉਪਰ ਚੋਟੀ ਉਸ ਕਿਸੀ ਕੇ ਹੋਤਾ ਹੈ। ਭਾਵ ਸੰਤ ਗੁਰੂ ਗਯਾਨਵਾਨ ਏਹ ਮਰਾਤਬਾ ਉਸਕੋ ਮਿਲਤਾ ਹੈ ॥੧॥ ਜੋ ਉਸ ਮਰੇ ਸੇ ਗਾਫਲ ਨਹੀਂ ਹੋਤਾ ਇਕ ਸੁਆਸ ਭੀ ॥੨॥੧੦੮॥

**ਮੂ: ਹਰਕਿਸੇ ਰਾ ਨੇਸਤ ਈਂ ਦੌਲਤ ਨਸੀਬ ॥**
**ਦਰਦ ਸਾਂ ਰਾ ਨੇਸਤ ਗ਼ੈਰ ਅਜ਼ ਹਕ ਤਬੀਬ ॥**

ਟੀਕਾ—ਹਰਿ ਕਿਸੀ ਕੇ ਤਾਈ ਏਹ ਭਗਤੀ ਰੂਪੀ ਦੌਲਤ ਪਰਾਪਤਿ ਨਹੀ ਹੋਤੀ ਭਾਵ ਜਗਯਾਸਾ ਵਾਲੇ ਭਗਤਾ ਕੌ ਪਰਾਪਤਿ ਹੋਤੀ ਹੈ ਤਿਸਤੇ ਭਗਤ

Digitized by Panjab Digital Library | www.panjabdigilib.org

ਸੁਖ ਪਾਵਤੇ ਹੈਂ ਜੈਸੇ ਜਿਸ ਕੋ ਮਾਯਾ ਮਿਲੇ ਓਹ ਸੁਖ ਪਾਵਤਾ ਹੈ ਜਿਸ ਕੋ ਨਾ ਮਿਲੇ ਓਹ ਦੁਖ ਪਾਵਤਾ ਹੈ ਐਸੇ ਭਗਤੀ ਤੇ ਬਿਨਾ ਜੀਵ ਦੁਖ ਪਾਤੇ ਹੈਂ ॥ ੧ ॥ ਉਸ ਦੁਖ ਦਾ ਨਹੀ ਹੈ ਬਿਨਾ ਸਚੇ ਸੇ ਹਕੀਮ ਹੋਰ ਕੋਈ ਭਾਵ ਕਿਉਂਜੋ ਸਚੇ ਦੀ ਕ੍ਰਿਪਾ ਸੇ ਗੁਰੂ ਮਿਲਤਾ ਹੈ ਅਰੁ ਗੁਰੂ ਭਗਤੀ ਕਾ ਉਪਦੇਸ਼ ਕਰਤੇ ਹੈਂ ।੨।੧੦੯।

**ਮੂ: ਦਾਰੂਏ ਹਰ ਦਰਦ ਰਾ ਯਾਦੇ ਖ਼ੁਦਾਸਤ ॥**
**ਜ਼ਾਂਕਿ ਦਰ ਹਰ ਹਾਲਿ ਹਕ ਦਾਰਦ ਰਵਾਸਤ ॥**

ਟੀਕਾ—ਤਾਂਤੇ ਹੇ ਭਾਈ ਦਾਰੂ ਤਮਾਮ ਦੁਖਾਂ ਦਾ ਭਗਤੀ ਵਾਹਿਗੁਰੂ ਦੀ ਹੈ ਪਰਮਾਨ ਸਰਬ ਰੋਗ ਕਾ ਅਉਖਧ ਨਾਮ ੧ ॥ ਇਸੀ ਵਾਸਤੇ ਅੰਦਰ ਹਰ ਹਾਲਤ ਦੇ ਸਦਾ ਨਾਮ ਨੂੰ ਹੀ ਮਨਜ਼ੂਰ ਰਖਦੇ ਹੈਂ । ਭਾਵ ਸੰਤ ਜਨ ਔਖ ਸੌਖ ਮੇਂ ਨਾਮ ਦਾ ਹੀ ਜਪਣਾ ਜਪਾਣਾ ਕਰਤੇ ਹੈਂ ॥ ਪਰਮਾਨ ਅਵਰ ਉਪਾਉ ਸਭ ਤਿਆਗ ਕੈ ਦਾਰੂ ਨਾਮ ਲੀਆ ॥ ੨ ॥ ੧੧੦ ॥ ਪ੍ਰਸਨ ਆਪਨੇ ਜੋ ਗੁਰਾਂ ਸੇ ਭਗਤੀ ਕੀ ਪ੍ਰਾਪਤੀ ਕਹੀ ਹੈ ਉਨਾ ਗੁਰਾਂ ਕਾ ਕੋਈ ਚਿੰਨ ਭੀ ਕਹੀਏ ਜਿਸ ਕਰ ਜਾਨ ਲਵੇਂ ॥ ਉਤ੍ਰ ॥

**ਮੂ: ਮੁਰਸ਼ਦੇ ਕਾਮਿਲ ਹੁਮਾਂ ਬਾਸ਼ਦ ਹੁਮਾਂ ॥**
**ਕਜ਼ ਕਲਾਮਸ਼ ਬੂਇ ਹਕ ਆਇਦ ਅਯਾਂ ॥**

ਟੀਕਾ— ਹੇ ਭਾਈ ਪੂਰਨ ਗੁਰੂ ਓਹ ਹੈਂ ੨ ॥ ੧ ॥ ਜੋ ਜਿਸਕੀ ਬਾਨੀ ਸੇ ਉਸ ਸਚੇ ਕੀ ਭਗਤੀ ਰੂਪੀ ਸੁਗੰਧੀ ਪਰਗਟ ਆਵਦੀ ਹੈ । ੨ ॥ ੧੧੧ ॥

**ਮੂ: ਹਰਕਿ ਆਇਦ ਪੇਸ਼ ਸ਼ਾਂ ਚੂੰ ਜ਼ੱਰਹ ਵਾਰ ॥**
**ਸ਼ੂਦ ਗਰਦਦ ਹਮ ਚੁ ਮਿਹਰੇ ਨੂਰ ਬਾਰ ॥**

ਟੀਕਾ—ਜੋ ਕੋਈ ਆਇਆ ਹੈ ਅਗੇ ਉਨਾਕੇ ਮਾਨਿੰਦ ਰੇਚਕ ਵਸਤੂ ਦੇ ਭਾਵ ਜੋ ਗੁਰਾਂ ਪਾਸ ਆਯਾ ਹੈ ਹੰਗਤਾ ਤੇ ਰਹਤ ਹੋਕਰ ਅਰੁ ਜੋ ਤੁਛ ਨਿਰਗੁਣ ਨਿਰਸਾਧਨ ਪੁਰਸ਼ ਭੀ ॥ ੧ ॥ ਸੋ ਸੀਘਰ ਹੂਆ ਹੈ ਨਿਸਚੇ ਕਰ ਮਾਨਿੰਦ ਪ੍ਰਕਾਸ ਕਰਨੇ ਵਾਲੇ ਸੂਰਜ ਦੇ ॥ ੨ ॥ ੧੧੨ ॥

**ਮੂ: ਜ਼ਿੰਦਗੀ ਈਂ ਨਸਤ ਬੇਚੂਨੋ ਚਰਾਸਤ ॥**

Digitized by Panjab Digital Library | www.panjabdigilib.org

ਬੁਗੁਜ਼ਰਦ ਈਂ ਉਮਰ ਦਰ ਯਾਦੇ ਖੁਦਾਸਤ ॥

ਟੀਕਾ— ਤਾਤੇ ਹੇ ਭਾਈ ਏਹੀ ਜੀਵਣਾ ਸਫਲਾ ਹੈ ਨਿਸਚੇ ਕਰਕੇ ॥ ੧ ਜੋ ਗੁਜਰੇ ਇਹ ਅਵਸਥਾ ਅੰਦਰ ਭਗਤੀ ਵਾਹਿਗੁਰੂ ਕੀ ਕੇ ॥ ੨ ॥ ੧੧੩ ॥ ਪ੍ਰਸਨ ਆਪਨੇ ਤਾਂ ਵਾਹਿਗੁਰੂ ਦੀ ਭਗਤੀ ਕਰਨੀ ਬਸੇਸ ਕਹੀ ਹੈ ਅਰੁ ਕਈ ਜੀਵ ਐਸੇ ਕਹਤੇ ਹੈਂ ਜੋ ਹੋਰ ਕੌਨ ਮੇਰੇ ਬਿਨਾ ਪੂਜਨੇ ਜੋਗ ਹੈ ਕਿਉ ਜੋ ਮੈ ਹੀ ਪ੍ਰਮੇਸਰ ਹਾਂ ਮੇਰੇ ਬਿਨਾ ਹੋਰ ਕੋਈ ਪ੍ਰਮੇਸਰ ਨਹੀ ਹੈ ਤਾਂਤੇ ਮੇਰੀ ਹੀ ਪੂਜਾ ਕਰੋ ਮੇਰੀ ਹੀ ਭਗਤੀ ਕਰੋ ॥ ਉਤ੍ਰ ॥

ਮੂ: ਖੁਦ ਪਰੱਸਤੀ ਕਾਰ ਨਾਦਾਂ ਆਮਦਹਿ ॥

ਹਕ ਪਰਸਤੀ ਜ਼ਾਤ ਈਂ ਮਾਂ ਆਮਦਹਿ ॥

ਟੀਕਾ— ਆਪਣੀਪੂਜਾ ਭਗਤੀ ਕਰਾਉਣੀ ਕਾਰ ਮੂਰਖਾ ਨੂੰ ਆਈ ਹੈ ਭਾਵ ਮੂਰਖ ਆਪਣੀ ਪੂਜਾ ਭਗਤੀ ਕਰਾਂਵਦੇ ਹੈਂ ॥ ੧ ॥ ਵਾਹਿਗੁਰੂ ਦੀਪੂਜਾ ਭਗਤੀ ਕਰਾਵਣੇ ਕਾ ਸਹੂਰ ਧਰਮ ਵਾਲਿਆ ਨੂੰ ਆਯਾ ਹੈ । ਭਾਵ ਧਰਮਵਾਲੇ ਵਾਹਿਗੁਰੂ ਦੀ ਹੀ ਪੂਜਾ ਭਗਤੀ ਕਰਦੇ ਕਰਾਂਵਦੇ ਹੈਂ ॥ ੨ ॥ ੧੧੪ ॥

ਮੂ: ਹਰ ਦਮੇ ਗ਼ਫਲਤ ਬਵੱਦ ਮਰਗੇ ਅਜ਼ੀਮ ॥

ਹਕ ਨਿਗਹਿ ਦਾਰਦ ਜ਼ਿ ਸੈਤਾਨੇ ਰਜ਼ੀਮ ॥

ਟੀਕਾ—ਸਿਧਾਂਤ ਜਿਸ ਸੁਆਸ ਵਿਚ ਪਰਮਾਦਤਾ ਹੋਵੈ ਸੋ ਮੌਤ ਹੈ ਬਡੀ ਭਾਰੀ । ਭਾਵ ਹਠੀ ਤੇ ਪਰਮਾਦੀ ਹੋਣਾ ਮੌਤ ਤੁਲ ਜਾਣਤੇ ਅਰੁ ਹੋਰਾ ਕੌ ਜਣਾਵਤੇ ਹੈਂ ਕਿਉ ਜੋ ਕੇ ਪਰਮਾਦੀ ਹੋਨੇ ਕਰ ਹੰਕਾਰੀ ਹੋਜਾਤਾਹੈ ਅਰੁ ਹੰਕਾਰ ਸੇ ਪੁਨਾ ੨ ਜਮਣਾ ਮਰਣਾ ਪ੍ਰਾਪਤਿ ਹੋਤਾ ਹੈ ।.੧ ॥ ਤਾਤੇ ਸਚਾ ਵਾਹਿਗੁਰੂ ਕ੍ਰਿਪਾ ਦ੍ਰਿਸਟੀ ਰਖੇ ਕੁਸੰਗੀਆ ਕਪਤਿਆ। ਸੋਭਾਵੇਹ ਜੋ ਇਨਾ ਕੁਸੰਗੀਆਂ ਕੀ ਸੰਗਤ ਸੇ ਪ੍ਰਮਾਦਤਾ ਹੋਤੀ ਹੈ ਇਸਤੇ ਇਨਾ ਕੀ ਸੰਗਤ ਸੇ ਬਚਾਵੈ ॥ ੨ ॥ ੧੧੫ ॥ ਐਸੇ ਸੁਨਕੈ ਜਗਯਾਸੂ ਮੌਨ ਹੋਗਏ ਤਿਨਕੀ ਮੌਨਤਾ ਕੋ ਦੇਖ ਕੈ ਦ੍ਰਿੜਤਾ ਵਾਸਤੇ ਅਰੁ ਬੁਲਾਨੇ ਵਾਸਤੇ ਫੇਰ ਆਪਨੇ ਆਪ ਪ੍ਰਉਪਕਾਰ ਦ੍ਰਿਸਟੀ ਲੈਕਰ ਕਹਨੇ ਲਗੇ ਭਾਈ ਜੀ ॥

ਮੂ: ਆਂਕਿ ਰੋਜ਼ੋ ਸ਼ਬ ਬ ਯਾਦਸ਼ ਮੁਬਤਲਾਸਤ ॥

## ਈਂ ਮਤਾ ਅੰਦਰ ਦੁਕਾਨੇ ਔਲੀਆ ਸਤ ॥

ਟੀਕਾ—ਹੇ ਭਾਈ ਓਹ ਜੋ ਰਾਤ ਦਿਨੇ ਊਪਰ ਭਗਤੀ ਉਸਕੀ ਕੇ ਮੋਹਤ ਹੋ ਰਹੇ ਹੈਂ। ਭਾਵ ਭਗਤੀਪ੍ਰੇਮ ਸੇ ਜੋ ਕਟਤੇ ਹੈਂ ॥ ੧ ॥ ਏਹ ਨਾਮ ਭਗਤੀ ਰੂਪੀ ਪ ਦਾਰਥ ਬੀਚ ਸਤ ਸੰਗਤਿ ਦੁਨਾ ਸੰਤਾਂ ਕੀ ਕੇ ਹੈ ॥ ੨ ॥ ੧੧੬ ॥

## ਮੂ: ਕਮਤਰੀਨੇ ਬੰਦਏ ਦਰਗਾਹਿ ਸਾਂ ॥
## ਬਿਹਤਰ ਅਸਤ ਅਜ਼ ਬਾਦ ਸ਼ਾਹਾਨੇ ਜ਼ਹਾਂ ॥

ਟੀਕਾ—ਪਰੰਤੂ ਹੇ ਭਾਈ ਉਸ ਵਾਹਿਗੁਰੂ ਕੀ ਦਰਗਾਹਿ ਦੇ ਬੰਦੇ ਬਹੁਤ ਥੋੜੇ ਹੈਂ ਭਾਵ ਪਦਪ ਪ੍ਰਾਪਤੀ ਵਾਲੇ ਸੰਤ ਦੇਖਨ ਮੈਲਿਬਾਸ ਕਰਕੇ ਧੰਨਕਟਕੇ ਗਰੀਬ ਦੇਖੀਦੇ ਹੈਂ ਇਸਤੇ ॥ ੧ ॥ ਪਰ ਸੰਸਾਰ ਦੇ ਬਾਦ ਸਾਵਾਂ ਸੇ ਬੋਤ ਚੰਗੇ ਹੈਂ। ਭਾਵੇਹ ਜੋ ਬਾਦਸਾਹ ਅਨਿਸਥਰ ਧੰਨ ਵਾਲੇ ਹੈਂ ਅਰੁ ਸੰਤ ਭਗਤ ਇਸਥਿਰ ਧੰਨ ਵਾਲੇ ਹੈਂ ॥ ੨ ॥ ੧੧੭ ॥

## ਬਸ ਬਜ਼ੁਰਗੀ ਅੰਦ ਫ਼ਿਦਾਇ ਰਾਹਿ ਸਾਂ ॥
## ਸੁਰਮਏ ਚਸਮਮ ਜ਼ਿ ਖਾਕੇ ਰਾਹਿ ਸਾਂ ॥

ਟੀਕਾ—ਬੋਤ ਵਡਿਆਈ ਵਾਲੇ ਬਾਦਸਾਹ ਭੀ ਉਨਕੇ ਜਾਨੇ ਵਾ ਰਸਤੇ ਊਪਰੋ ਕੁਰਬਾਨ ੨ ਹੋਤੇ ਹੈਂ ॥ ੧ ॥ ਇਸ ਵਾਸਤੇ ਜੋ ਉਨਾਂ ਕੇ ਚ ਵਾਲੇ ਰੰਸਤੇ ਸੇ ਧੂੜੀ ਸੁਰਮਾਂ ਨੇਤ੍ਰਾਂ ਕਾ ਹੈ। ਭਾਵੇਹ ਜੋ ਜਿਸਨੇ ਧੂੜੀ ਲੇ ਨੇਤ੍ਰਾਂ ਮੈ ਪਾਈ ਹੈ ਉਸੁ ਕੋ ਦਿਬਜੋਤਾ ਪ੍ਰਾਪਤਿ ਹੋਈ ਹੈ ॥ ੨ ॥ ੧੧੮ ॥

## ਹਮ ਚੁਨੀ ਪਿੰਦਾਰ ਖਦ ਰਾ ਏ ਅਜੀਜ਼ ॥
## ਤਾ ਸਵੀ ਏ ਜਾਨਿ ਮਨ ਮਰਦੇ ਤਮੀਜ਼ ॥

ਟੀਕਾ—ਐਸੇ ਸੁਨਕੇ ਮੋਨ ਹੋ ਗਏ ਜਬ ਤਬ ਭਾਈ ਜੀ ਆਪ ਕਹਨੇ ਲਗੇ ਜਗਸਾਸੂਆਂ ਕੀ ਦ੍ਰਿੜਤਾ ਕੋ ॥ ਹੇ ਭਾਈ ਜੈਸੇ ਸੰਤ ਭਗਤੀ ਕਰ ਅਰੁ ਬਿਚਾਰ ਸੇ ਮ੍ਰਾਤਬੇਵਾਲੇ ਹੋਏ ਹੈਂ ॥ ਭੀ ਐਸੇ ਹੀ ਢੂੰਢਣਾ ਕਰ ਆਪਣੇ ਆਪ ਤਾਂਈ ਐ ਪਿਆਰੇ। ਭਾਵੇਹ ਜੋ ਆਪਨੇ ਆਪਕੋ ਬਿਚਾਰ ਮੈ ਕਿਆ ਵਸਤੂ ਹਾਂ ਅਰੁ ਮੇਰਾ ਇਸ ਜਗ ਮੈ ਆਵਨੇ ਕਾ ਕਿਆ ਕਾਰਨ ਹੈ ਅਰੁ ਮੈਨੂੰ ਕਿਆ ਕੰਮ ਕਰਨਾ ਜੋਗ ਹੈ ਐਸੇ ਜਬ ਬਿਚਾਰੈਂ ॥ ੧ ॥ ਤਾਂ ਤੂੰ

Digitized by Panjab Digital Library | www.panjabdigilib.org

ਭੀ ਹੋਵੇਂ ਐ ਪਿਆਰੇ ਮੇਰੇ ਸੰਤ ਪੂਰਨ ਬਿਰਾਰ ਵਾਲਾ ॥ ੨ ॥ ੧੧੯ ॥

**ਮੂੰ: ਸਾਹਿਬਾਂ ਰਾ ਬੰਦਹ ਬਿਸੀਯਾਰ ਆਮਦਹਿ ।**
**ਬੰਦਹ ਰਾ ਬਾ ਬੰਦਗੀ ਕਾਰ ਆਮਦਹਿ ॥**

ਟੀਕਾ—ਗੁਰਾਂ ਔਤਾਰਾਂ ਕੀ ਸੇਵਾ ਵਾਸਤੇ ਦਾਸ ਬੌਤ ਆਏ ਹੈਂ ਅਹੁ ਦਾਸਾਂ ਕੇ ਤਾਂਈ ਸਾਥ ਭਗਤੀ ਦੇ ਕੰਮ ਆਯਾ ਹੈ ਹਰੀ ਸੇਂ ਜਿਸਕਰ ਆਪ ਭੀ ਸੁਰਖਰੂ ਰਹੇਂ ਭਗਤੀ ਕਰ ਅਰੁ ਅਗੇ ਜੀਵਾਂ ਕਾ ਭੀ ਉਧਾਰ ਕਰੇ ॥ ੨ ॥ ੧੨੦ ॥

**ਮੂੰ: ਪਸ ਤੁ ਰਾ ਬਾਇਦ ਕਿ ਖਿਜ਼ਮਤ ਗਾਰ ਸਾਂ ॥**
**ਬਾਸੀ ਓ ਹਰਗਿਜ਼ ਨ ਬਾਸੀ ਯਾਰ ਸਾਂ ॥**

ਟੀਕਾ—ਜਬ ਐਸਾ ਹੁਕਮ ਆਯਾ ਹੋਯਾ ਜਾਨਤਾ ਹੈਂ ਤਾ ਫੇਰ ਤੇਰੇ ਕੋ ਚਾਹੀਦਾ ਹੈ ਜੋ ਸੇਵਾ ਕਰਨੇ ਵਾਲਾ ਉਨਾ ਸੰਤਾ ਕਾ (ਬਾਸ) ਹੋਹੁ ॥ ੧ ॥ (ਓ) ਅਰੁ ਕਦਾਚਿਤ ਭੁਲ ਕੇ ਭੀ ਨਾ ਹੋਹੁ ਬਰਾਬਰੀ ਵਾਲਾ ਉਨਾਂ ਕਾ) ਭਾਵੇਹ ਜੋ ਸੰਤ ਪਦ ਪਾਕਰ ਫੇਰ ਭੀ ਸੰਤਾਂ ਗੁਰਾਂ ਕੀ ਬਰਾਬਰੀ ਨਾਂ ਕਰੀ । ੨ । ੧੨੧ । ਪ੍ਰਸਨ ਜੇਕਰ ਸੰਤ ਪਦ ਪਾਲੀਆ ਤਾਂ ਫੇਰ ਬਰਾਬਰੀ ਕਰਨੇ ਮੈ ਕਿਆ ਦੋਸ ਹੈ । ਉਤ੍ਰ

**ਮੂੰ: ਗਰਚਿ ਯਾਰੀ ਦਿਹਨ ਗੈਰ ਅਜ਼ ਸਾਂ ਕਸੇ ਸਤ ॥**
**ਲੇਕਿ ਦਰ ਗੁਫਤਨ ਹੁਮੀ ਐਬੇ ਬਸਸਤ ॥**

ਟੀਕਾ—ਹੇ ਭਾਈ ਯਦਪ ਸੰਤਪਦ ਭੀ ਦੇਣੇ ਵਾਲਾ ਬਿਨਾਂ ਉਨਾਂ ਸੇ ਕੋਈ ਨਹੀ ਹੈ । ੧ । ਐਪਰ ਤੌ ਭੀ ਏਹ ਬਾਤ ਅੰਦਰ ਕਹਣੇ ਦੇ ਦੋਸ ਭਾਰੀ ਹੈ) ਭਾਵੇਹ ਜੋ ਕਹਣਾ ਹੈ ਕੇ ਮੈ ਭੀ ਪੂਰਨ ਸੰਤ ਹਾਂ ਇਸ ਕੈਨੇ ਮੈ ਬੌਤ ਪਾਪ ਹੈ ਕਿਸ ਤੇ ਜੋ ਇਸ ਕਰ ਹੰਕਾਰ ਸਿਧ ਹੋਤਾ ਹੈ ਤੇ ਹੰਕਾਰ ਕਰਨਾ ਕਹੀ ਭੀ ਅੰਗੀਕਾਰ ਨਹੀਂ ਹੈ । ਪ੍ਰਮਾਣ ਹਰਿ ਜੀ ਹੰਕਾਰ ਨ ਭਾਵਈ ਵੇਦ ਕੂਕ ਸੁਣਾਵੈ । ਸਾਖੀ ਸੇਰ ਤੇ ਗਿਦੜ ਲੂਬੜੀ ਕੀ । ੨ । ੧੨੨ ।

**ਮੂੰ: ਜ਼ਰਹ ਰਾ ਦੀਦਮ ਕਿ ਖੁਰਸ਼ੈਦੇ ਜ਼ਹਾਂ ॥**
**ਸ਼ੁਦ ਜ਼ਿ ਫੈਜ਼ੇ ਸੁਹਬਤੇ ਸਾਹਿਬ ਦਿਲਾਂ ॥**

Digitized by Panjab Digital Library | www.panjabdigilib.org

ਟੀਕਾ—ਦੇਖੀਏ ਮਹੱਤਤਾ ਤੁਛ ਜੀਵਾਂ ਤਾਈਂ ਦੇਖਿਆ ਹੈ ਮੈਨੇ ਸੁ ਸੂਰਜ ਸੰਸਾਰ ਦੇ ਹੂਏ ਹੈਂ) ਭਾਵੇਂ ਹ ਜੋ ਤੁਛ ਸਾਤਾਂ ਕੇ ਲੋਕ ਥੇ ਜਿਨ ਕੋ ਜ਼ਾਲਮ ਬਾਦਸ਼ਾਹ ਨੰਗਾ ਅੰਨ ਬਸਤ੍ਰ ਨਹੀਂ ਖਾਨੇ ਪੈਨਨੇ ਦੇਤੇ ਸੇ ਤੇ ਨਾ ਕੋਈ ਖੁਸੀ ਕਰਨੇ ਦੇਤੇ ਥੇ ਸੋ ਆਜ ਰਾਜੇ ਤੇ ਮਰਾਤਬਿਆਂ ਵਾਲੇ ਹੋਕਰ ਸਰਬ ਆਨੰਦ ਭੋਗਤੇ ਹੈ ਸਾਖੀ ਗੁਰੂ ਹਰਿ ਰਾਇ ਜੀ ਦੀ ਤੇ ਟਪਰੀ ਵਾਸ ਕਾਲੇ ਦੀ।੧ ਏਹ ਕੇਵਲ ਬਡੇ ਦਿਲ ਵਾਲਿਆਂ ਕੀ ਸੰਗਤ ਕੇ ਪ੍ਰਤਾਪ ਸੇ ਹੂਏ ਹੈਂ।੨ ੧੨੩

**ਮੂੰ: ਕਰਮ ਸਾਹਿਬ ਦਿਲ ਕਿ ਹਕ ਬਿਸਨਾਸਦਸ ॥**
**ਕਜ਼ ਲਕਾਇਸ ਸ਼ੌਕਿ ਹਕ ਮੇਬਾਰਦਸ ॥**

ਟੀਕਾ—ਜੇਕਰ ਸੰਗਤ ਕਰੈ ਤਾਂ ਸਾਹਿਬਾ ਦਿਲਾਂ ਦੀ ਕ੍ਰਿਪਾ ਸੇ ਸਚ ਪਛਾਣੀਦਾ ਹੈ ॥੧॥ ਕਿਉ ਜੋ ਬਾਣੀ ਉਨ ਕੀ ਸੇ ਪਰੇਮ ਸਚੇ ਦਾ ਬਰਸ ਦਾ ਹੈ ॥੨॥੧੨੪॥

**ਮੂੰ: ਸੁਹਬਤੇ ਸਾਂ ਸ਼ੌਕ ਹਕ ਬਖ਼ਸ਼ਦ ਤੁਰਾ ॥**
**ਅਜ਼ ਕਿਤਾਬੇ ਹਕ ਸ਼ਬਕ ਬਖ਼ਸ਼ਦ ਤੁਰਾ ॥**

ਟੀਕਾ—ਪੁਨਾ ਸੰਗਤ ਉਨਾਂ ਕੀ ਪਰੇਮ ਸਚੇ ਦਾ ਬਖਸੇਗੀ ਤੇਰੇ ਤਾਂਈਂ ਤਾਂਤੇ ਸੰਗਤ ਕਰ।੧। ਪੁਨਾ ਸਚ ਕੇ ਗ੍ਰੰਥ ਸੇ ਸੰਥਾ ਬਖਸਨਗੇ ਤੇਰੇ ਤਾਂਈ। ਭਾਵ ਸਚ ਦੀ ਸਿਫਤ ਸੁਣਾਨਗੇ ਔ ਸਚ ਦੀ ਪ੍ਰਾਪਤੀ ਦਸਨਗੇ ॥੨ ੧੨੫॥

**ਮੂੰ: ਜ਼ੱਰਹ ਰਾ ਖ਼ੁਰਸ਼ੈਦ ਅਨਵਰ ਮੇ ਕੁਨੰਦ ॥**
**ਖ਼ਾਕ ਰਾ ਅਜ਼ ਹਕ ਅਨਵਰ ਮੇ ਕੁਨੰਦ ॥**

ਟੀਕਾ—ਦੇਖੀਏ ਤੁਛ ਨਿਰਸਾਧਨ ਜੀਵਾਂ ਕੇ ਤਾਂਈ ਸੂਰਜ ਪ੍ਰਕਾਸ ਨੇ ਵਾਲਾ ਕਰਦੇ ਹੈਂ। ਭਾਵ ਗਿਆਨਵਾਨ ਸਮਰਥ ਕਰਦੇ ਦੇ ਹੈਂ।੧। ਪੁਨਾ ਧੂੜੀ ਕੇ ਤਾਂਈ ਸਚੇ ਨਾਮ ਸੇ ਪ੍ਰਕਾਸ਼ ਨੇ ਵਾਲਾ ਕਰਦੇ ਹਨ। ਭਾਵ ਜੜ ਤਤਾਂ ਰਚਤ ਸ੍ਰੀਰ ਕੋ ਨਾਮ ਜਪਾ ਕਰ ਚੇਤਨ ਰੂਪ ਕਰ ਦੇ ਦੇ ਹਨ ॥ ੨ ॥ ੧੨੬॥

**ਮੂੰ: ਜਿਸ਼ਮ ਦੀਂ ਖ਼ਾਕੀ ਉ ਦਰ ਵੈ ਨੂਰ ਹਕ ।**

Digitized by Panjab Digital Library | www.panjabdigilib.org

**ਅੰਦਰੂੰਨਸ਼ ਚਾਰ ਸੂਏ ਨੁਹ ਤਬਕ ॥**

ਟੀਕਾ—ਪੁਨਾ ਏਹ ਜੋ ਸ਼ਰੀਰ ਮਿਟੀ ਆਦੀ ਜੜ੍ਹਤ ਤਾਂਕੇ ਰਚਤ ਹੈਂ ਅਰੁ ਬੀਚ ਇਨਾਂ ਕੇ ਉਸ ਸਚੇ ਦਾ ਪ੍ਰਕਾਸ ਹੈ ॥ ੧ ॥ ਪੁਨਾ ਉਸ ਸਚੇ ਦੇ ਅੰਦਰ ਚਾਰ ਕੂਟਾਂ ਤੇ ਨੌਖੰਡ ਹੈਂ । ਭਾਵ ਸਚੇ ਦੇ ਆਸਰੇ ਪਰ ਇਸਥਿਤ ਹੈਂ ॥ ੨ ॥ ੧੨੭ ॥

**ਮੂੰ: ਖਿਜ਼ਮਤੇ ਸ਼ਾਂ ਬੰਦਗੀਏ ਹਕ ਬਵੱਦ ॥**
**ਕਾਂ ਕਬੂਲੇ ਕਾਦਰੇ ਮੁਤਲਕ ਬਵਦ ॥**

ਟੀਕਾ—ਸੇਵਾ ਉਸਦੀ ਕੇੜ੍ਹੀ ਹੈ ਜੋ ਸਚਦੀ ਭਗਤੀ ਕਰਨੀ ਹੈ ॥ ੧ ॥ ਕਿਉਂ ਜੋ ਏਹ ਭਗਤੀ ਸਮਰਥ ਅਦੁਤੀ ਵਾਹਿਗੁਰੂ ਕੋ ਕਬੂਲ ਹੈ ਹੋਰ ਕਰਮ ਮਨਜ਼ੂਰ ਨਹੀ ਹੋਂਦੇ ਪ੍ਰਮਾਨ ਜਥ ਤਪ ਸੰਜਮ ਕਰਮ ਕਮਾਣੇ ਇਹ ਉਰੈ ਮੂਸੇ । ਲਿਸਤੇ ॥ ੨ ॥ ੧੨੮ ॥

**ਮੂੰ: ਬੰਦਗੀ ਕੁਨ ਜ਼ਾਕਿ ਓ ਬਾਸ਼ਦ ਕਬੂਲ ॥**
**ਕਦਰ ਓ ਰਾ ਕੈ ਬਿਦਾਂਨਦ ਹਰ ਜ਼ਹੂਲ ॥**

ਟੀਕਾ—ਤਾਂਤੇ ਭਗਤੀ ਕਰੈ ਇਸ ਵਾਸਤੇ ਜੋ ਉਸ ਹਰੀ ਨੂੰ ਕਬੂਲ ਹੈ ॥ ੧ ॥ ਪ੍ਰਸਨ ਜੇਵਸਤੂ ਹਰੀ ਨੂੰ ਕਬੂਲ ਹੈ ਉਸਨੂੰ ਜੀਵ ਕਿਉਂ ਨਹੀ ਗਰਹਣ ਕਰਦੇ ਉਤ੍ਰ ਹੇ ਭਾਈ ਕਦਰ ਉਸ ਭਗਤੀ ਦਾ ਕਬ ਜਾਣਦੇ ਹੈ ਤਮਾਮ ਮੂਰਖ ਜੀਵ ॥ ੨ ॥ ੧੨੯ ॥

**ਮੂੰ: ਹਸਤ ਕਾਰੇ ਰੋਜ਼ ਸ਼ਬ ਦਰ ਯਾਦਿ ਓ ।**
**ਯਕ ਨਫਸ ਖਾਲੀ ਨ ਮੇਬਾਸ਼ਦ ਅਜ਼ੋ ॥**

ਟੀਕਾ—ਅਰੁ ਉਨਾ ਸੰਤਾਂ ਦਾ ਰਾਤ ਦਿਨ ਕੰਮ ਹੈ ਅੰਦਰ ਭਗਤੀ ਦੇ ਭਾਵ ਸੰਤ ਹਰ ਵਕਤ ਭਗਤੀ ਕਰਤੇ ਹੈਂ ॥ ੧ ॥ ਇਕ ਸੁਆਸ ਭੀ ਬਿਅਰਥ ਨਹੀ ਜਾਤਾ ਹੈ ਉਸਕੇ ਨਾਮ ਸੇ ॥ ੨ ॥ ੧੩੦ ॥

**ਮੂੰ: ਚਸ਼ਮ ਸ਼ਾਂ ਰੌਸ਼ਨ ਜ਼ਿ ਦੀਦਾਰੇ ਅਲਾਹ ॥**
**ਦਰ ਲਿਬਾਸ ਅੰਦਰ ਗਦਾ ਓ ਬਾਦਸ਼ਾਹ ॥**

ਟੀਕਾ—ਪੁਨਾ ਨੇਤ੍ਰ ਉਨਕੇ ਪ੍ਰਕਾਸਵਾਨ ਹੈ ਦਰਸਨ ਅਲਖ ਵਾਹਿਗੁਰੂ

Digitized by Panjab Digital Library | www.panjabdigilib.org

ਸੇ ॥ ੧ ॥ ਪੁਨਾ ਦੇਖਨੇ ਮੇ ਬਾਹਰੋ ਅੰਦਰ ਭੇਸ ਵਜਾ ਦੇ ਗਰੀਬ ਫਕੀਰ ਹੈ ਅਰੁ ਅੰਦਰੋਂ ਓਹੁ ਬਾਦਸ਼ਾਹ ਹੈ। ੨। ੧੩੧। ਪ੍ਰਸਨ ਫਕੀਰ ਕਹਾਂ ਅਰੁ ਬਾਦਸਾਹੀ ਕਹਾਂ ਕਿਉ ਜੋ ਫਕੀਰ੨ ਹੈ ਅਰੁ ਬਾਦਸਾਹ ੨ ਹੀ ਹੈਂ ਅਰੁ ਆਪਨੇ ਸੰਤਾਕੇ ਕਿਸਰੀਤੀ ਸੇ ਬਾਦਸਾਹ ਕਹਤਾ ਹੈ ਸੋ ਕਹੀਏ ਜੀ।

ਮੂ: ਬਾਦਸਾਹੀ ਆਂ ਕਿ ਓ ਦਾਇਮ ਬਵਦ।
ਹਮ ਚੁ ਜ਼ਾਤੇ ਪਾਕ ਹਕ ਕ਼ਾਇਮ ਬਵਦ॥

ਟੀਕਾ–ਬਾਦਸਾਹੀ ਓਹ ਹੈ ੨ ਜੋ ਹਮੇਸਾਂ ਹੋਵੈ।ਭਾਵ ਜੋ ਸਦਾ ਇਸਥਿਤ ਹੋਵੈ ੧ ਜੈਸੇ ਸਚੇ ਪ੍ਰਮੇਸਰ ਕੇ ਪਵਿਤ੍ਰ ਸਰੂਪਦੇ ਮਾਨਿੰਦ ਇਸਥਿਤ ਹੋਵੈ ਭਾਵ ਜੈਸੇ ਵਾਹਿਗੁਰੂ ਇਸਥਿਰ ਰੈਣੇ ਵਾਲਾ ਹੈ ਐਸੇ ਬਾਦਸਾਹ ਇਸਥਿਰ ਹੋਵੈ ਤਾ ਬਾਦਸਾਹ ਭੀ ਸਚਾ ਤੇ ਬਾਦਸਾਹੀ ਭੀ ਸਚੀ ਹੈ ਨਹੀ ਤਾਂ ਨਾਸਰੂਪ ਹੋਣੇ ਤੇ ਝੂਠੀ ਹੈ ਅਰੁ ਇਸਥਿਤ ਰੂਪ ਹੋਣੇ ਤੇ ਸੰਤ ਸਚੇ ਪਾਤਿਸਾਹ ਹੈਂ ਇਸ ਰਾਤੀ ਸੇ ਕਹੇ ਹੈਂ ਪ੍ਰਮਾਣ ਨਿਹਚਲ ਸਰਖੁਦਾਇ ਖੁਦਾਇ ਬੰਦਾ ਅਬਿਨਾਸੀ ॥ ੨ ॥ ੧੩੨ ॥ ਪ੍ਰਸਨ ਆਪ ਜੋ ਸੰਤਾਂ ਕੋ ਫਕੀਰ ਸਬਦ ਕਹਤਾ ਹੈ ਬਾਹਰਲੇ ਭੇਸ ਸੋ ਕਿਸ ਨਸਾਨ ਸੇ ਜਾਨੇ ਕਿਉ ਜੋ ਦੇਖਨੇ ਮੈ ਲਿਬਾਸਕਰ ਬੌ ਦੇਖੀਦੇ ਹੈਂ ਅਰੁ ਮੰਗਦੇ ਫਿਰਦੇ ਹੈਂ ਤਾਂਤੇ ਸਚੇ ਫਕੀਰ ਕਾ ਚਿੰਨ ਕਹੀਏ ॥ ਉਤ੍ਰ ॥

ਮੂ: ਰਸਮ ਸਾਂ ਆਈਨ ਦਰਵੇਸੀ ਬਵਦ।

ਟੀਕਾ–ਚਾਲ ਉਨਾਂ ਕੀ ਜਿਉਂਕੀ ਤਿਉਂ ਨਿਸਚੇ ਸੇ ਫਕੀਰੀ ਕੀ ਹੈ। ਭਾਵ ਫਕੀਰੀ ਪਦ ਕੇ ਤਿਨ ਅਖਰ ਹੈ ਫਫਾ ਕਹਤਾ ਹੈ ਜੇ ਤੂੰ ਫਕੀਰ ਬਨਿਆ ਹੈ ਤਾਂ ਫਾਕਾ ਕਟ ਅਰੁ ਕਕਾ ਕਹਤਾ ਹੈ ਜੋ ਤੂੰ ਸੰਸਾਰ ਦੇ ਜੀਵਾਂ ਤੇ ਕਿਨਾਰੇ ਰਹੋ ਅਰੁ ਰਾਰਾ ਕਹਤਾ ਹੈ ਜੋ ਸਭ ਤੇ ਰਿਆਇਤ ਕਰ ਪੁਨਾਂ ਗੁਰਪ੍ਰਮਾਣ ਸਿਦਕ ਸਬੂਰੀ ਸੰਤਨ ਮਿਲਿਓ ॥ਪੁਨਾ ਸਬਰ ਤੋਸਾ ਮਲਾਇਕ ॥ ਅਰੁ ਜੋ ਤੈਂ ਪ੍ਰਤਖਭੇਖਧਾਰੀ ਅਰੁ ਮੰਗਨੇ ਵਾਲੇ ਕਹੇ ਹੈਂ ਸੋ ਫਕੀਰ ਅਸਲੀ ਨਹੀਂ ਹੈਂ ਓ ਨਕਲੀ ਫਕੀਰ ਹੈ ॥ ਪ੍ਰਮਾਨ ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸ ॥ ਘਰੁ ਘਰੁ ਹੰਢੇ ਮੰਗਦੇ ਧ੍ਰਿਗ ਜੀਵਣ ਧ੍ਰਿਗਵੇਸ ॥ ਹੋਰ ਪ੍ਰਮਾਣ ਅਭਿਆਗਤ ਏਹ ਨ ਆਖੀਐ ਜੋ ਪਰਘਰ ਭੋਜਨ ਕਰੇਨ ॥ ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇ ਨ ॥ ਹੋਰ ਪ੍ਰਮਾਨ ਸਚੇਜਾਂ ਪਰ ਅਭੇ

ਨਿਰੰਜਨ ਪਰਮਪਦ ਤਾਂਕਾ ਭੀਖਕ ਹੋਇ। ਪੁਨਾ ਅਭਿਆਗਤ ਸੋਈ ਨਾਨਕ ਜਿ ਆਤਮ ਗਉਣ ਕਰੇਨ। ਐਸੀ ਰਹਣੀ ਵਾਲੇ ਅਰੁ ਰੰਨਾਂ ਵਾਲੇ ਜੋ ਹੈ ਸੋ ਸਰੇ ਸੰਤੁ ਹੈ।

## ਮੂ: ਅਜ਼ ਖੁਦਾ ਓ ਬਾਹਮਹਿ ਖੇਸੀ ਬਵੰਦ।

ਟੀਕਾ—ਉਨਾਂ ਸੰਤਾਂ ਦੀ ਵਾਹਿਗੁਰੂ ਸੇ ਆਪਸ ਮੇਂ ਅਪਣਾਇਤ ਹੈ) ਭਾਵ ਹਰੀ ਸੇ ਅਭੇਦਤਾ ਹੈ ਇਸ ਮੈ ਦ੍ਰਿਸਟਾਂਤ ਲੋਕਕ ਪ੍ਰਮਾਣ ਜੈਸੇ ਬਾਦਸਾਹ ਸੋਂ ਜੋ ਸਫਾਹੀ ਕਰ ਵਰਤਤਾ ਹੈ ਅਰੁ ਪਰੇਮ ਰਖਤਾ ਹੈ ਉਸ ਸੇ ਬਾਦਸਾਹ ਹਰ ਤਰਾਂ ਸੇ ਅਭੇਦਤਾ ਰਖਤਾ ਹੈ ਐਸੇ ਪਰਮੇਸਰ ਅਭੇਦਤਾ ਰਖਤਾ ਹੈ ਸੰਤਾਂ ਸੇ ਇਸ ਤਰਾਂ ਮੈ ਭੀ ਬਾਦਸਾਹ ਹੈ।੨। ੧੩੩। ਪ੍ਰਮਾਨ ਰਿਆਇਤ ਸੰਤਾਂ ਮੈ ਜੋ ਕਹੀ ਹੈ ਉਸ ਕਾ ਭੀ ਕੋਈ ਲਖਣ ਕਹੀਏ।

## ਮੂ: ਹਰ ਗਦਾ ਰਾ ਇਜ਼ ਜ਼ਾਹੇ ਮੇ ਦਿਹੰਦ॥
## ਦੌਲਤੇ) ਬੇ ਇਸਤਬਾਹੇ) ਮੇ ਦਿਹੰਦ॥

ਟੀਕਾ—ਹਰ ਇਕ ਗਰੀਬਾਂ ਮੰਗਤਿਆ ਕੋ ਵਡਿਆਈ ਅਰੁ ਮਰਾਤਬਾ ਦੇਦੇ ਹੈ ਸੰਤ।੧। ਦੌਲਤ ਨਿਸਚੇ ਕਰਕੇ ਦੇਂਦੇ ~~ਹੈਂ ਹੋਰ~~ ਪਦਾਰਥ ਨਿਸਚਾ ਰੂਪੀ ਦੇਂਦੇ ਹੈਂ ਜਗਤਾਸੂਆਂ ਕੋ।੨।੧੩੪॥

## ਮੂ: ਨਾਕਸਾਂ ਰਾ ਦਰ ਨਜ਼ਰ ਆਰਫ਼ ਕੁਨੰਦ।
## ਬੇ ਦਿਲਾਂ ਰਾ ਸਾਹਿਬੇ ਦਿਲ ਮੇਕੁਨੰਦ॥

ਟੀਕਾ—ਨਿਰਗੁਣਿਆਂ ਅਗਜਾਨੀਆਂ ਤਾਈ ਅੰਦਰ ਦ੍ਰਿਸਦੀ ਦੇ ਹੀ ਸਰਬਗੁਣ ਸਪੰਨ ਗਜਾਨਵਾਨ ਕਰਦੇਂਦੇ ਹੈਂ।੧।ਪੁਨਾ ਤੁਛ ਚਿਤ ਵਾਲਿਆ ਤਾਈਂ ਬਡੇ ਦਿਲ ਵਾਲੇ ਕਰਦੇ ਹੈਂ।੨।੧੩੫॥

## ਮੂ: ਖ਼ੁਦ ਪਰਸਤੀ ਅਜ਼ ਮਿਯਾਂ ਬਰਦਾਸਤੰਦ॥
## ਤੁਖ਼ਮ ਹਕ ਦਰ ਕਿਸਤ ਦਿਲਹਾ ਕਾਸਤੰਦ॥

ਟੀਕਾ—ਆਪਣੇ ਆਪ ਦੀ ਪੂਜਾ ਭਗੌਤੀ ਕਰਾਵਣੇ ਦੀ ਇਛਿਆ ਅੰਦਰ ਸੇ ਉਠਾ ਦੇਂਦੇ ਹੈਂ।੧। ਪੁਨਾ ਸਚਾ ਨਾਮ ਰੂਪੀ ਬੀਜ ਅੰਤਾਕਰਨ ਰੂਪੀ ਖੇਤੀ ਅੰਦਰ ਬੀਜਦੇ ਹੈਂ। ਭਾਵ ਇਸ ਤਰਾਂ ਦਯਾ ਕਰਦੇ ਹੈ।੨।੧੩੬

Digitized by Panjab Digital Library | www.panjabdigilib.org

ਪ੍ਰਸ਼ਨ ਕਿਨਾਰਾ ਕਰਨਾ ਜੋ ਕਹਾ ਹੈ ਸੋ ਭੀ ਕਹੀਏ ਉਤ੍ਰ

**ਮੂ ਖ਼ੁਸ਼ ਤਨ ਰਾ ਹੇਚ ਮੇਦਾਨੰਦ ਸਾਂ ॥**

ਟੀਕਾ—ਆਪਣੇ ਆਪ ਦਾ ਕੁਛ ਭੀ ਪਦਾਰਥ ਸਰੀਰ ਆਦੀ ਜਾਣਦੇ ਹਨ ਸੰਤ, ਕਿੰਤੂ ਨਹੀ ਜਾਣਦੇ ਹਨ ਅਲੇਪ ਰਹਿੰਦੇ ਹਨ ਜੈਸੇ ਜਲ ਮੈ ਕਮਲ ਅਲੇਪ। ਐਸੇ ਕਨਾਰਾ ਕਰਦੇ ਹਨ ਸੰਤ ਸੰਸਾਰ ਮੈ ਰਹ ਕਰਕੇ ॥—

**ਮੂ: ਹਰਫ਼ ਹਕ ਰਾ ਰੋਜ਼ ਸ਼ਬ ਖ਼ਾਨੰਦ ਸਾਂ ॥**

ਟੀਕਾ—ਪੁਨਾ ਸੰਤ ਵਰਤਾਉ ਹਮੇਸ ਦਾ ਏਹ ਕਰਦੇ ਹੈ ਜੋ ਨਾਮ ਕੇਵਲ ਵਾਹਿਗੁਰੂ ਸਚੇ ਦਾ ਰਾਤਦਿਨੇ ਪੜਦੇਪੜ੍ਹਾਂਵਦੇ ਹਨ।੨।੧੩੨।ਸਿਧਾਂਤ:

**ਮੂ: ਤਾ ਕੁਜਾ ਔਸਾਫ਼ ਮਰਦਾਨੇ ਖ਼ੁਦਾਸਤ ।**
**ਅਜ਼ ਹਜ਼ਾਰਾਂ ਗਰ ਯਕੇ ਗੋਇਮ ਰਵਾਸਤ ॥**

ਟੀਕਾ—ਹੇ ਭਾਈ ਕਹਾਂ ਤਕ ਸਿਫ਼ਤ ਵਾਹਿਗੁਰੂ ਕੇ ਐਸੇ ਸੰਤਾਂ ਕੀ ਕਵਾਂ ਮੈ ਕਹ ਨਹੀਂ ਸਕਦਾ) ਭਾਵ ਉਨਕੀ ਉਪਮਾ ਬਹੁਤ ਹੈ ॥ ੧ ॥ ਹਜ਼ਾਰਾਂ ਉਪਮਾਂ ਤੇ ਜੇਕਰ ਇਕ ਪ੍ਰਕਾਰ ਦੀ ਉਪਮਾ ਭੀ ਕਹਾਂ ਮੈਂ ਤਾਂ ਭੀ ਮਨਜ਼ੂਰ ਹੈ) ਭਾਵ ਉਪਮਾ ਕਹਣੀ ਮੈਨੂ ਚੰਗੀ ਹੈ ਇਸ ਸੇ ਲਾਭ ਹੋਤਾ ਹੈ ਕਣੀ ਭਰ ਕਾ ॥ ੨ ॥ ੧੩੩ ॥

**ਮੂ ਹਮ ਚੁਨੀ ਮਰਦਮ ਬਿਜ਼ੋ ਕਾਂ ਕੀਸਤਮ ॥**
**ਦੀਗਰਾਂ ਮੁਰਦੰਦ ਈਂ ਹਾਂ ਜੀਸਤੰਦ ॥**

ਟੀਕਾ—ਪ੍ਰਸ਼ਨੋਤ੍ਰ ਭੀ ਥੋੜੇ ਐਸੇ ਸੰਤ ਢੂਢ ਲੈ ਪ੍ਰਸ਼ਨ ਜੋ ਓਹੁ ਸੰਤ ਕੇੜ੍ਹੇ ਹੈਂ ਅਰ ਕੈਸੇ ਜਾਣੇ ਜਾਵੈ ॥ ੧ ॥ ਉਤ੍ਰ ਹੇ ਭਾਈ ਦੂਸਰੇ ਲੋਕ ਮਰਦੇ ਜਮਦੇ ਹੈਂ ਅਰ ਏਹ ਸੰਤ ਜੀਵਦੇ ਰੈਂਦੇ ਹੈਂ ਸਦਾ ॥ ਭਾਵ ਚੌਰਾਸੀ ਤੇ ਛੁਟ ਜਾਤੇ ਹੈਂ ਇਸਤੇ ॥੨।੧੩੪॥ ਪੁਨਾ ਉਤਮ ਰੀਤੀਸੇ ਉਪਦੇਸ ਕਹਤੇ ਹੈਂ ॥

**ਮੂ ਜ਼ੀਸਤਨ ਰਾ ਮਾਇਨੀਏ ਦਾਨੀ ਕਿ ਚੀਸਤ ॥**
**ਏ ਖ਼ੁਸ਼ਾ ਉਮਰੇ ਕਿ ਦਰ ਯਾਦ ਸ ਬਜ਼ੀਸਤ ॥**

ਟੀਕਾ—ਜੀਵਣੇ ਦਾ ਅਰਥ ਜਾਣਦਾ ਹੈ ਜੋ ਕਿਆ ਹੈ ।੧॥ ਐ ਪਿਆਰੇ

Digitized by Panjab Digital Library | www.panjabdigilib.org

ਜੋ ਤੰਗੀ ਅਵਸਥਾ ਅੰਦਰ ਭੁਗਤੀ ਉਸਕੀ ਕੇ ਬੀਤਦੀ ਹੈ) ਭਾਵ ਓਹ ਜੀਵਣ ਹੈ ॥ ੨ ॥ ੧੪੦ ॥ ਪੁਨਾ ਓਹੀ ॥

## ਮੂ: ਮਰਦ ਆਰਫ਼ ਜ਼ਿੰਦਹ ਅਜ਼ ਇਰਫ਼ਾਨ ਓਸਤ ॥
## ਨਿਆਮਤੇ ਹਰ ਦੋ ਜ਼ਹਾਂ ਦਰ ਖ਼ਾਨਹ ਓਸਤ ॥

ਟੀਕਾ—ਸੰਤ ਗਯਾਨਵਾਨ ਜੀਵਦੇ ਹੈਂ ਗਯਾਨ ਉਸ ਪ੍ਰਮੇਸਰ ਕੇ ਸੇ ॥ ੧ ॥ ਪੁਨਾ ਇਸ ਜਾਨਣੇ ਕਰ ਕੇ ਪਦਾਰਥ ਦੋਨੋ ਲੋਕਾਂ ਦੇ ਉਨਕੇ ਘਰ ਅੰਦਰ ਹੈਂ ॥ ਹੋਰ ਉਨਕੇ ਸੀਤ ਪ੍ਰਸਾਦ ਅੰਦਰ ਹੈ) ਭਾਵ ਸੀਤ ਪ੍ਰਸਾਦ ਸੇ ਸਭ ਪਦਾਰਥ ਸੰਤਬੋ ਪ੍ਰਾਪਤਿ ਹੋਤੇ ਹੈਂ ॥ ਸਾਖੀ ਛੰਡੇ ਬਾਢੇ ਤੇ ਸੁਧਰ ਸੈਨ ਰੇ ਜਾਕੀ ॥ ੨ ॥ ੧੪੧ ॥ ਪੁਨਾ ਓਹੀ ॥

## ਮੂ: ਮਾਇਨੀਏ ਈਂ ਜ਼ਿੰਦਗੀ ਯਾਦੇ ਖ਼ੁਦਾਸਤ ॥
## ਕਜ਼ ਤੁਫ਼ੈਲ ਸ਼ ਜ਼ਿੰਦਹ ਜਾਂਨ ਔਲੀਆਸਤ ॥

ਟੀਕਾ—ਅਰਥ ਇਸ ਜੀਵਨ ਦਾ ਯਾਦ ਗੀਰੀ ਵਾਹਿਗੁਰੂ ਕੀ ਹੈ) ਭਾਵੇਹ ਜੋ ਸੁਆਸ ੨ ਨਾਮ ਜਪਣਾ ॥ ੧ ॥ ਜੋ ਇਸੇ ਨਾਮ ਜਪਨੇ ਤੇ ਕ੍ਰਿਪਾ ਉਸ ਨਾਮੀ ਕੀ ਸੇ ਜੀਵਦੀ ਹੈ ਜਿੰਦ ਸੰਤਾ ਕੀ) ਭਾਵ ਜੀਵਦੇ ਰਹੇ ਹੈਂ ਸਦਾ ॥ ਜੁ ਦਪ ਦੇਖਨੇ ਮੈ ਕਭੀ ਸ਼ਰੀਰ ਉਤਪਤਿ ਹੋਂਦਾ ਦੇਖੀਦਾ ਹੈ ਕਭੀ ਅਲੋਪ ਹੋਂਦਾ ਦੇਖੀਦਾ ਹੈ ਹੋਰਾਂ ਜੀਵਾਂਵਤ ਪ੍ਰੰਤੂ ਜੀਵ ਸਦਾ ਜਨਮ ਮਰਨ ਦਾ ਦੁਖ ਪਾਂਵਦੇ ਹੈ ਅਰੁ ਸੰਤ ਨਹੀ ਪਾਂਵਦੇ ਪ੍ਰਮਾਨ ਜਨਮ ਮਰਨ ਦੋਊ ਮੈ ਨਾਹੀ ਜਨ ॥ ੨ ॥ ੧੪੨ ॥ ਸਿਧਾਂਤ ਸੰਤ ਜੀਆਂ ਕੋ ਹਮੇਸ ਐਸਾ ਉਪਦੇਸ ਕਰਤੇ ਹੈ

## ਮੂ: ਜ਼ਿਕਰ ਓ ਬਰ ਹਰਿ ਜ਼ੁਬਾਂ ਗੋਇਆ ਸ਼ੁਦਹ ॥
## ਹਰਿਦੂ ਆਲਮ ਰਾਹਿ ਹਕ ਜੋਇਆ ਸ਼ੁਦਹ ॥

ਟੀਕਾ—ਹੇ ਪਿਆਰਿਓ ਭਜਨ ਉਸ ਕਾ ਉਪਰ ਤਮਾਮ ਰਸਨਾ ਕੇ ਕਹਿਆ ਹੂਆ ਹੈ) ਭਾਵ ਭਜਨ ਕਰੋ ਵਾਹਿਗੁਰੂ ਕਾ ॥ ੧ ॥ ਪੁਨਾ ਯਦਪ ਦੋਨੋ ਲੋਕ ਰਸਤਾ ਸਚੇ ਕਾ ਪਾਵਣੇ ਵਾਸਤੇ ਢੂੰਡਣੇ ਵਾਲੇ ਹੂਏ ਹਨ) ਭਾਵ ਕੋਈ ਕਿਸੀ ਰੀਤੀ ਸੇ ੨ ਖੋਜਤਾ ਹੈ ਪਰ ਸੰਤ ਬਿਨਾ ਨਹੀ ਮਿਲਤਾ ॥ ੨ ॥ ੧੪੩ ॥ ਪ੍ਰਸਨ ਓਨਾ ਦਾ ਕੀ ਚਿੰਨ੍ਹ ਹੈ ਜਿਨਾ ਦੁਆਰੇ ਮਿਲਤਾ ਹੈ ॥ ਉਤ੍ਰ ॥

## ਮੂ: ਜੁਮਲਹ ਮੇਖ਼ਾਨਦ ਜ਼ਿਕਰੇ ਜ਼ੁਲ ਜਲਾਲ ॥

Digitized by Panjab Digital Library | www.panjabdigilib.org

**ਏ ਜਿਹੇ ਕੀਲੋ ਜਿਹੇ ਫਰਖੁਦਹ ਫ਼ਾਲ ॥**

ਟੀਕਾ–ਹੇ ਭਾਈ ਤਮਾਮ ਦਿਨ ਜੋ ਪੜ੍ਹਦੇ ਪੜ੍ਹਾਵਦੇ ਹੈ ਭਜਨ ਵਾਹਿਗੁਰੂ ਕਾ ॥ ਤਾਤੇ ਹੇ ਪਿਆਰੇ ਵਾਹ ੨ ਹੈ ਐਸੇ ਸੰਤਾਕਾ ਕਹਣਾ ਅਰੁ ਵਾਹ ੨ ਹੈ ਬਾਣੀ ਅਰੁ ਜਿਹਥਾਕੋ ਅਰ ਐਸੇ ਸੰਤਾਕੌ ਮੁਬਾਰਖਹੈ) ਭਾਵ ਸਦਾ ਅਨੰਦ ਖੁਸੀ ਪ੍ਰਾਪਤ ਹੋਵੈ ॥ ੨ ॥੧੪੪ ॥

**ਮੂ ਕੀਲੁ ਕਾਲੇ ਗਰ ਬਰਾਇ ਹਕ ਬਵੰਦ॥**
**ਅਜ ਬਰਾਇ ਕਾਦਰੇ ਮੁਤਲਕ ਬਵੰਦ ॥**

ਟੀਕਾ–ਜੇਕਰ ਸੰਤਾ ਕਾ ਕੁਛ ਕਹਣਾ ਕਹਾਵਣਾ ਹੈ ਤਾਂ ਵਾਸਤੇ ਸਚੇ ਨਾਮ ਜਪਨ ਦੇ ਹੀ ਹੇ ॥ ੧ ॥ ਪੁਨਾ ਸੰਤਾ ਕਾ ਕਹਣਾ ਕਹਾਵਣਾ ਵਾਸਤੇ ਸਮਰਥ ਅਦੁਤੀ ਪ੍ਰਮੇਸਰ ਦੀ ਪ੍ਰਾਪਤੀ ਦੇ ਹੈ ॥ ੨ ॥ ੧੪੫ ॥

**ਮੂ: ਯਾਫਤ ਈਂ ਸਰਮਾਇਅਹਿ ਉਮਰੇ ਨਜੀਬ ।**
**ਹਸਤ ਅੰਦਰ ਸੁਹਬਤੇ ਏਸਾਂ ਨਸੀਬ ॥**

ਟੀਕਾ–ਸੰਤਾਂ ਨੇ ਪਾਇਆ ਹੈ ਏਹ ਪੂੰਜੀ ਉਮਰ ਦੀ (ਸਦਰਸ ਭਜਨ ਪ੍ਰਾਪਤੀ ਰੂਪੀ) ਭਾਵ ਸਦਾ ਰੈਹਣੇ ਵਾਲੀ ਪੂੰਜੀ ॥ ੧ ॥ ਪੁਨਾ ਉਨਾਂ ਸੰਤਾਂ ਦੀ ਸੰਗਤ ਦੇ ਅੰਦਰ ਪ੍ਰਾਪਤ ਹੋਤੀ ਹੈ ਏਹ ਪੂੰਜੀ ਜਿਸਕੋ ਇਛਾ ਹੋਵੈ ॥੨ ॥੧੪੬ ॥

**ਮੂ: ਆਂ ਰਵਾਂ ਬਾਸ਼ਦ ਦਿਗਰ ਮਨਜ਼ੂਰ ਨੇਸਤ ॥**
**ਗੈਰ ਹਰਫ ਰਾਸਤੀ ਦਸਤੂਰ ਨੇਸਤ ॥**

ਟੀਕਾ–ਉਨਾਂ ਸੰਤਾਂ ਕੋ ਏਹ ਨਾਮ ਰੂਪੀ ਪੂੰਜੀ ਮਨਜੂਰ ਹੈ ਰਖਣੀ ਅਰੁ ਦੂਸਰਾ ਕਰਮ ਕਰਨਾ ਮਨਜੂਰ ਨਹੀਂ ਹੈ) ਭਾਵ ਏਹ ਜੋ ਕਲੀ ਮੈਂ ਨਾਮ ਜਪਨ ਸੇ ਹੀ ਮੋਖ ਹੋਤੀ ਹੈ ਹੋਰ ਕਰਮਾਂ ਸੇ ਨਹੀ ਹੋਤੀ ਪ੍ਰਮਾਨ ਕਲੂ ਆਇਓ ਰੇ ਕਲੂ ਆਇਓ ਨਾਮ ਬੋਵਹੁ ਬੋਵਹੁ ਆਨ ਰੁਤ ਨਾਹੀ ਨਾਹੀ ਮਤ ਭਰਮ ਭੂਲੋ ਭੂਲੋ ਮਨ ਰੁਤਿ ਨਾਮਰੇ ॥ ੧ ॥ ਇਸੀ ਤੇ ਬਿਨਾ ਸਚਿਆਈ ਦੇ ਅਖਰ ਬੋਲਨਾ ਹੋਰ ਉਨਾਂ ਕੀ ਰੀਤੀ ਹੀ ਨਹੀਂ ਹੈ) ਭਾਵ ਨਾਮ ਜਪਤੇ ਜਪਾਵਤੇ ਹੈਂ । ਪ੍ਰਮਾਨ ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸ ਭੋਜਨ ਖਾਤ । ਹੋਰ ਆਪ ਸਚ ਬੋਲਤੇ ਹੈਂ ਅਰੁ ਸਚ ਬੋਲਨਾਂ ਹੀ ਪਸਿੰਦ ਕਰਤੇ ਹੈਂ

Digitized by Panjab Digital Library | www.panjabdigilib.org

॥੨॥੧੪੭॥ ਪ੍ਰਸ਼ਨ ਆਪਨੇ ਜੋ ਸਾਧ ਸੰਗਤਿ ਕਰਨੀ ਕਹੀ ਹੈ ਸੋ ਸਾਧ ਸੰਗਤਿ ਕਿਸ ਦਾ ਨਾਮ ਕਹਿਤੇ ਹੈਂ ਅਰੁ ਕਿਸ ਜ਼ਬਾਨ ਮੈ ਕਹਿੰਦੇ ਹੈਂ ॥ ਉਤ੍ਰ ॥

ਪ੍ਰਸ਼ਨ ਸਾਧਸੰਗਤ ਕਿਸਦਾਨਾਮ ਹੈ ਤੇਸਾਧਸੰਗਤਨਾਮ ਕਿਜਬਾਨਮੇਂਕਹਿਤੇ ਹੈ

**ਮੂਲ** ਸਾਧ ਸੰਗਤਿ ਨਾਮਸ਼ਾਂ ਦਰ ਹਿੰਦ ਵੀਸਤ ॥

ਈਂ ਹਮਹਿ ਤਾਰੀਫ ਸ਼ਾਂਏ ਮਲਵੀਸਤ ॥

ਟੀਕਾ—ਹੇ ਭਾਈ ਸਾਧ ਸੰਗਤਿ ਨਾਮ ਉਨਾਂ ਸੰਤਾਂ ਸੇ ਮਿਲ ਬੈਠਨ ਕਾ ਹੈ ਅਰੁ ਅੰਦਰ ਹਿੰਦੀ ਜ਼ੁਬਾਨ ਦੇ ਕਹਦੇ ਹੈਂ ॥੧॥ਤਾਂਤੇ ਏਹ ਤਮਾਮ ਸਿਫਤ ਉਪਮਾਂ ਉਨਾਂ ਸੰਤਾਂ ਕੀ ਅਰੁ ਉਨਾਂਦੀ ਸੰਗਤਿਕੀ ਕਹੀ ਹੈ ਐ ਬੁਧੀਮਾਨ ॥ ੨ ॥ ੧੪੮ ॥ ਪ੍ਰਸਨ ਸੁਭ ਸੰਗਤਿ ਕਰਨੀ ਤਾਂ ਸਭ ਕੋਈ ਚਾਹਿੰਦਾ ਹੈ ਪਰੰਤੂ ਸੰਗਤਿ ਪ੍ਰਾਪਤਿ ਹੋਣੇ ਕਾ ਨਮਿਤ ਕਹੀਏ ਜੋ ਕਿਸੁ ਤਰ੍ਹਾਂ ਪ੍ਰਾਪਤਿ ਹੋਤੀ ਹੈ ਉਤ੍ਰ ॥

**ਮੂ:** ਸੁਹਬਤੇ ਏਸ਼ਾਂ ਬਵਦ ਲੁਤਫੇ ਖੁਦਾ।

ਟੀਕਾ—ਸੰਗਤਿ ਏਨਾਂ ਸੰਤਾਂ ਦੀ ਪ੍ਰਾਪਤੀ ਹੋਤੀ ਹੈ ਵਾਹਿਗੁਰੂ ਕੀ ਕ੍ਰਿਪਾ ਸੇ। ਪ੍ਰਸ਼ਨ ਵਾਹਿਗੁਰੂ ਦੀ ਕ੍ਰਿਪਾ ਕਿਸ ਰੀਤੀ ਸੇ ਹੋਤੀ ਹੈ ਸੋ ਕਹੀਏ ਉਤ੍ਰ

**ਮੂ:** ਤਾ ਨਸ਼ੀਹਤ ਕੁਨ ਸ਼ਵਦ ਈਂ ਰੋ ਨੁਮਾਂ।

ਟੀਕਾ—ਜਬ ਤੂ ਤਾੜਨਾ ਸੇਵਾ ਪ੍ਰਾਰਥਨਾ ਉਪਮਾ ਆਦੀ ਸਾਧਨ ਕਰੇਂ ਤਬ ਤੂ ਹੋਵੇਂ ਏਹ ਮੁਖ ਦਿਖਲਾਵਨ ਵਾਲਾ) ਭਾਵ ਪ੍ਰਮੇਸਰ ਦਾ ਕ੍ਰਿਪਾ ਜੋਗ ਹੋਵੇਂ ਤਬ ॥ ੨॥ ੧੪੯॥

**ਮੂ:** ਹਰ ਕਸੇ ਈਂ ਦੌਲਤੇ ਜਾਵੇਦ ਯਾਫਤ।

ਜ਼ਿੰਦਗੀਏ ਉਮਰ ਰਾ ਉਮੈਦ ਯਾਫਤ।

ਟੀਕਾ—ਤਾਂਤੇ ਹੇ ਭਾਈ ਇਸ ਪਰਕਾਰ ਜਿਸ ਕਿਸੀ ਨੇ ਏਹ ਸੰਗਤ ਅਰੁ ਭਗਤੀ ਰੂਪੀ ਮਾਯਾ ਹਮੇਸ਼ਾ ਦੇ ਰੈਨੇ ਵਾਲੀ ਪਾਈ ਹੈ ॥ ੧ ॥ ਉਸਨੇ ਉਮਰ ਤਾਂਈ ਜੀਵਣੇ ਦੀ ਏਹ ਉਮੈਦ ਪਾਈ ਹੈ ॥ ੨॥ ੧੫੦ ॥ ਸਿਧਾਂਤ ॥

**ਮੂ:** ਈਂ ਹਮਹਿ ਫਾਨੀ ਵ) ਆਂ ਬਾਕੀ ਬਿਮਾਂਦ।

ਜਾਂਮ ਇਸ਼ਕੇ ਪਾਕ ਰਾ ਸ਼ਾਕੀ ਬਿਮਾਂਦ।

Digitized by Panjab Digital Library | www.panjabdigilib.org

ਟੀਕਾ—ਤਾਂਤੇ ਦੇਖੀਏ ਏਹ ਲੋਕ ਤਮਾਮ ਫਨਾਹ ਹੋਨੇ ਵਾਲੇ ਹੈਂ ਅਰੁ ਓਹ ਸੰਤ ਬਾਕੀ ਰਹਿੰਦੇ ਹੈਂ ਭਾਵ ਏਹ ਲੋਕ ਹਮੇਸਾਂ ਦੇ ਰਹਿਣੇ ਵਾਲੀ ਮਾਯਾ ਬਿਨਾਂ ਜਮਦੇ ਮਰਦੇ ਹੈਂ ਅਰੁ ਓਹ ਸੰਤ ਇਸਥਿਰ ਮਾਯਾ ਕੇ ਸੈਤ ਹੋਨੇ ਤੇ ਸਦਾ ਜੀਵਦੇ ਰਹਿੰਦੇ ਹੈਂ ॥੧॥ ਅਰੁ ਅਗੇ ਪਵਿਤ੍ਰ ਪਰੇਮ ਰੂਪੀ ਪਿਆਲੇ ਤਾਂਈ ਦੇਣੇ ਵਾਲੇ ਹੋ ਰਹੇ ਹੈਂ) ਭਾਵ ਵਾਹਿਗੁਰੂ ਦੇ ਪ੍ਰੇਮ ਦਾ ਉਪਦੇਸ ਕਰਤੇ ਹੈਂ ਪਰਮਾਣ ਸਾਚ ਕਹੋਂ ਸੁਨ ਲੇਹੁ ਸਬੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਯੋ ॥ ੨॥੧੫੧॥ ਸਾਧਾਰਨ।

**ਮੂਲ** ਹਰਚਿ ਹਸਤ ਅਜ਼ ਸੁਹਬਤੇ ਏਸਾਂ ਬਵੱਦ ॥
ਕਜ਼ ਤੁਫੈਲ ਸ਼ ਜ਼ੁਮਲਹ ਆਬਾਦਾਂ ਸਵੱਦ।

ਟੀਕਾ—ਜੋ ਕੁਛ ਮਾਨ ਪ੍ਰਤਿਸਟਾ ਦੀ ਪ੍ਰਾਪਤੀ ਹੈ ਸੋ ਉਨਾਂ ਸੰਤਾਂ ਕੀ ਸੰਗਤਿ ਸੇ ਪ੍ਰਾਪਤੀ ਹੈ। ੧। ਪੁਨਾ ਜੋ ਏਹ ਜੀਵ ਕ੍ਰਿਪਾ ਉਨਕੀ ਸੇ ਤਮਾਮ ਵਸਤੇ ਹੈਂ) ਭਾਵ ਪਰਤਖ ਤੇ ਹੋਰ ਗੁਣਾਂ ਸੈਤ ਹੋਤੇ ਹੈਂ।੨।੧੫੨॥

**ਮੂਲ** ਈ ਹਮਹਿ ਆਬਾਦੀ ਅਜ਼ ਲੁਤਫੇ ਖ਼ੁਦਾ ਸਤ ॥
ਗਫਲਤ ਅਜ਼ਵੇ ਯਕ ਨਫਸ ਮਰਗੋ ਜਫਾਸਤ ।।

ਟੀਕਾ— ਸੰਤ ਆਪਣੀ ਪ੍ਰਭਤਾਦੀ ਗਤਾ ਕੋ ਤਿਆਗ ਕੇ ਐਸਾ ਸਭਕੋ ਉਪਦੇਸ ਕਰਤੇ ਹੈ। ਹੇ ਪਿਆਰਿਓ ਏਹ ਤਮਾਮ ਵਸੋਂ ਵਾਹਿਗੁਰੂ ਕੀ ਕ੍ਰਿਪਾ ਸੇਂ ਹੋ ਰਹੀ ਹੈ।੧। ਤਾਂਤੇ ਉਸ ਪ੍ਰਮੇਸ੍ਰ ਸੇ ਜੋ ਪ੍ਰਮਾਦੀ ਹੋਣਾ ਹੈ ਇਕ ਸੁਆਸ ਭੀ ਏਹੀ ਮੌਤ ਹੈ ਅਰ ਏਹੀ ਪੀੜਾ ਹੈ ) ਭਾਵ ਏਹ ਪ੍ਰਮਾਦਤਾ ਹੀ ਮੌਤ ਦਾ ਅਰੁ ਪੀੜਾ ਦਾ ਕਾਰਣ ਹੈ। ੨। ੧੫੩॥

**ਮੂਲ** ਸੁਹਬਤੇ ਸ਼ਾਂ ਕੀਮਿਯਾਂ ਬਾਸ਼ਦ ਤੁਰਾ ॥
ਤਾਹਿ ਮੇਖਾਹੀ ਰਵਾ ਬਾਸ਼ਦ ਤੁਰਾ।

ਟੀਕਾ— ਪੁਨਾ ਸੰਗਤਿ ਉਨਾ ਸੰਤਾਂ ਕੀ ਪਾਰਸ ਰੂਪ ਹੈ ਤੇਰੇ ਤਾਂਈ) ਭਾਵ ਸੁਧ ਸ੍ਵਰਨ ਕਰ ਨੇ ਵਾਲੀ ਹੈ। ੧। ਫੇਰ ਜੋ ਕੁਛ ਚਾਵੇ ਓਹ ਮਨਜੂਰ ਹੈ ਤੇਰੇ ਤਾਂਈ) ਭਾਵ ਜਬ ਪਾਰਸ ਕੀ ਪ੍ਰਾਪਤੀ ਭਈ ਤਾਂ ਫੇਰ ਜੋਵ ਸਤੁ ਕੀ ਇਛਾ ਕਰੈਂ ਓਹੁ ਤੇਰ ਕੋ ਪ੍ਰਾਪਤਿ ਹੋ ਜਾਇਗੀ।੨।੧੫੪।

Digitized by Panjab Digital Library | www.panjabdigilib.org

**ਮੂਲ** ਈਂ ਹਮਹਿ ਕਾਂ ਸਾਹਿਬੇ ਜਾਹ ਆਮਦੰਦ ॥
ਅਜ਼ਬਰਾਇ ਸੁਹਬਤੇ ਸਾਂ ਆਮਦੰਦ ॥

ਟੀਕਾ—ਏਹਜੋ ਤਮਾਮ ਸੰਤ ਦੇਖੀਦੇਹੈ ਏਹ ਮਾਲਕ ਮ੍ਰਾਤਬੇਦੇ ਆਏਹੈਂ। ਭਾਵ ਇਨਾਕਾ ਆਦ੍ਰਮਾਨ ਪਤਿਸਟਾ ਕਰਨੇ ਜੋਗਹੈ। ੧। ਪੁਨਾ ਏਹਜੋ ਜੀਵ ਹੈਂ ਏਹ ਵਾਸਤੇ ਸੰਗਤਿ ਉਨਾਂਕੀ ਕੇ ਆਏਹੈਂ। ੨। ੧੫੫। ਪੁਨਾ

**ਮੂਲ** ਜ਼ਿੰਦਗੀ ਏ ਸਾਂ ਜ਼ਿ ਫੈਜ਼ੇ ਸੁਹਬਤੇ ਅਸਤ ॥
ਸੁਹਬਤੇਸਾਂ ਆਇਤੇ ਪੁਰ ਰਹਿਮਤ ਅਸਤ ॥

ਟੀਕਾ— ਜੀਵਣਾ ਇਨਾਂਦਾ ਉਨਾਂਕੀ ਸੰਗਤਿ ਕੇ ਪ੍ਰਤਾਪ ਸੇਹੈ। ਭਾਵ ਸੰਗਤ ਕਰਨੇਸੇ ਜੀਵਣਾ ਹੋਂਦਾਹੈ। ੧। ਪੁਨਾ ਸੰਗਤਿ ਉਨਾਂਕੀ ਸੇ ਪੌਜ਼ੀ ਪੂਰਨ ਦਯਾਦੀ ਪ੍ਰਾਪਤਿ ਹੋਤੀਹੈ) ਭਾਵ ਦਯਾਕਰਨੇਵਾਲੇ ਹੋਤੇਹੈਂ। ੨। ੧੫੬

**ਮੂਲ** ਹਰਕਸੇ ਰਾ ਸੁਹਬਤੇ ਸਾਂ ਬਾਇਦਸ਼ ॥
ਤਾ ਜ਼ਿ ਦਿਲ ਅਕਦੇ ਗੁਹਰ ਬਗੁਸ਼ਾਇਦਸ਼ ॥

ਟੀਕਾ— ਤਾਂਤੇ ਹਰ ਕਿਸੇਕੋ ਤਾਂਈ ਸੰਗਤਿ ਉਨਾਕੀ ਕਰਨੀ ਚਾਹੀਦੀ ਹੈ। ੧। ਕਿਉਂਜੋ ਤਿਸ ਸੰਗਤਿ ਕਰਕੇ ਅੰਤਾਃਕਰਣਸੇ ਲੜੀਆਂ ਮੋਤੀਆਂ ਦੀਆਂ ਖੁਲਦੀਆ ਹੈਂ) ਭਾਵ ਜੋ ਸੰਗਤਿ ਕਰੈ ਉਸਦੇਅੰਦ੍ਰ ਦੈਵੀ ਸੰਪਤੀ ਗੁਣ ਪ੍ਰਗਟ ਹੋਤੇਹੈ। ਤਾਂਤੇ ਸੰਤਾਂਕੀ ਸੰਗਤਿ ਕਰੀਐ। ੨। ੧੫੭। ਪ੍ਰਸਨ ਆਪਨੇ ਜੋ ਦਿਲਸੇ ਮੋਤੀਆਂ ਦਾ ਪ੍ਰਗਟ ਹੋਣਾ ਕਹਿਯਾਹੈ ਇਹ ਬਾਤ ਹਮ ਕੋ ਕੈਸੇ ਨਿਸਚਤ ਹੋਵੈ ਜੋ ਮੋਤੀ ਅੰਦ੍ਰਹੀ ਹੈ ਸੋ ਆਪ ਇਸ ਭੇਦਕੋ ਨਿਰਨੇਸੇ ਕਹੀਏ ਜਿਸਕਰ ਹਮ ਜਾਨਲੇਵੈ ਉਤ੍ਰ

**ਮੂਲ** ਸਾਹਿਬੇ ਗੰਜੀਨਈਂ ਏਬੇ ਖਬਰ ॥
ਲੇਕਿ ਜਾਂ ਗੰਜੇ ਤੁਰਾ ਨਬਵੰਦ ਖਬਰ ॥

ਟੀਕਾ— ਤੂੰ ਮਾਲਕ ਹੈਂ ਖਜਾਨੇਦਾ ਐ ਬੇਹੋਸ ਅਗਜਾਤ। ੧। ਹੈਤੂੰ ਮਾਲਕ ਪ੍ਰੰਤੂ ਉਸ ਅੰਤਾਃਕਰਣ ਕੇ ਖਜਾਨੇ ਸੋਂ ਤੇਰੇ ਕੋ ਖਬ੍ਰ ਗਜਾਤ ਨਹੀ ਹੈ। ੨। ੧੫੮। ਪ੍ਰਸਨ ਜਬ ਖਜਾਨਾ ਪਾਸਹੈ ਤਾਂ ਫੇਰ ਉਸ ਕੀ ਖਬ੍ਰ ਕਿਸ ਕਾਰਨ ਨਹੀ ਹੋਤੀ ਉਤਰ

Digitized by Panjab Digital Library | www.panjabdigilib.org

**ਮੂਲ** ਕੈ ਅਜ਼ਾਂ ਗੰਜੇ ਬਿਯਾਬੀ ਇਤਲਾ॥
ਅੰਦਰੂਨੇ ਕੁਫਲ ਚੂ ਬਾਸ਼ਦ ਮਤਾ।

ਟੀਕਾ— ਕਬ ਉਸ ਖਜਾਨੇ ਦੀ ਪਾਸਕਦਾਹੈ ਖਬਰ ਗਜ਼ਾਤ ਨਹੀਪਾਸਕਦਾ।੧। ਕਿਉਂਜੋ ਅੰਦਰ ਜੰਦਰੇ ਦੇ ਓਹੁ ਪਦਾਰਥ ਹੈ।੨।੧੫੯

**ਮੂਲ** ਪਸ਼ ਤੁਰਾ ਲਾਜ਼ਮ ਬਵੱਦ ਜੋਈ ਕਲੀਦ॥
ਤਾ ਬੁਬੀਨੀ ਗੰਜ ਖ਼ੁਫਿਯਹਰਾ ਪਦੀਦ॥

ਟੀਕਾ— ਜੇਕਰ ਹੇਭਾਈ ਤੇਰੇ ਕੋ ਖਜਾਨੇਕੀ ਇਛਿਆਹੈ ਤਾਂ ਫੇਰ ਤਰੇ ਤਾਂਈ ਚਾਹੀਦਾਹੈ ਮੁਨਾਸਬਹੈ ਜੋਉਸ ਖਜਾਨੇਕੀ ਕੁੰਜੀਕੋ ਢੂੰਢਣਾ ਕਰੇਂ।੧। ਜਬ ਕੁੰਜੀ ਢੂੰਢੇ ਤਬਤੂੰ ਦੇਖਲਏਂ ਖਜਾਨੇ ਗੁਜੇਕੇ ਤਾਂਈ ਪਰਗਟਹੀ।੨।੧੬੦। ਪਰਸ਼ਨ ਆਪਨੇ ਜੋ ਜੰਦਰੇ ਅੰਦਰ ਪਦਾਰਥ ਕਹਾਹੈ ਸੋ ਜੰਦਰਾ ਕੌਨਸਾਹੈ ਅਰੁ ਉਸਕੀ ਕੁੰਜੀ ਕੌਨਸੀਹੈ ਅਰੁ ਕੁੰਜੀਕੇ ਢੂੰਢਨੇਕਾ ਹਾਲ ਕਿਸਸੇਂ ਮਿਲਤਾਹੈ ਅਰੁ ਓਹੁ ਕੁੰਜੀ ਕਿਸ ਕੇ ਪਾਸ ਰੈਂਦੀ ਹੈ ਏਹ ਭੇਦ ਸਬ ਨਿਰਨੇ ਸੇ ਕਹੀਏ ਜੀ ਉਤ੍ਰ॥

**ਮੰ:** ਕੁਫਲ ਬਕੁਸ਼ਾਂ ਅਜ਼ ਕਲੀਦੇ ਨਾਮਿ ਹਕ।
ਅਜ਼ ਕਿਤਾਬੇ ਗੰਜ ਮਖ਼ਫੀ ਖਾਂ ਸਬਕ॥

ਟੀਕਾ–ਜੰਦਰਾ ਖੋਲੈਂ ਸਚੇ ਕੇ ਨਾਮ ਰੂਪੀ ਕੁੰਜੀ ਸੇ) ਭਾਵ ਅਗਯਾਨ ਜੰਦਰਾ ਹੈ ਤੇ ਤਾਕ ਕੋਸ ਪੰਜ ਹੈ ਤੇ ਨਾਮ ਕੁੰਜੀ ਹੈ ਅਰੁ ਨਾਮ ਕਾ ਅਭਯਾਸ ਕਰਨਾ ਖੋਲਨਾ ਹੈ।੧॥ ਪੁਨਾ (ਮਖਫੀ) ਗੁਜ ਖਜਾਨੇ ਕੇ ਦਿਖਲਾਨੇ ਵਾਲੇ ਗ੍ਰੰਥ ਸੇ ਸੀਬਾ ਪੜ੍ਹੋ) ਭਾਵ ਗੁਰਬਾਣੀ ਕੋ ਸੈਤ ਅਰਥਾਂ ਕੇ ਪੜ੍ਹੈ ਸੁਣੈ ਤਾਂ ਕੁੰਜੀ ਕਾ ਭੇਦ ਮਿਲਤਾ ਹੈ।੨।੧੬੧।

**ਮੂਲ** ਈਂ ਕਲੀਦੇ ਨਾਮ ਪੇਸ਼ੇ ਸ਼ਾਂ ਬਵੱਦ।
ਮਰਹਮੇ ਦਿਲ ਹਾਇ ਰੇਸ਼ੋ ਜਾਂ ਬਵੱਦ।

ਟੀਕਾ–ਏਹ ਨਾਮ ਰੂਪੀ ਕੁੰਜੀ ਪਾਸ ਉਨਾਂ ਸੰਤਾਂ ਗੁਰਾਂ ਕੇ ਹੈ।੧। ਪੁਨਾ ਇਸ ਕੁੰਜੀ ਸੇ ਖੋਲਨੇ ਤੇ ਅਲਾਵਾ ਹੋਰ ਭੀ ਗੁਣ ਹੈ ਸੋ ਸੁਨੋ। ਏਹ ਕੁੰਜੀ ਮਲਸ ਰੂਪ ਭੀ ਹੈ ਬੋਤਜਾਂ ਦਿਲਾਂ ਅਰੁ ਜਾਨਾ ਜਖਮੀਆਂ ਕੀ

Digitized by Panjab Digital Library | www.panjabdigilib.org

। ੨ । ੧੬੨ ।

ਮੂਃ ਚੂੰ ਕਸੇ ਰਾ ਈਂ ਕਲੀਦ ਆਇਦ ਬਦਸਤ ।
ਸਾਹਿਬੇ ਗੰਜੀਨਹ ਬਾਸ਼ਦ ਹਰਕਿ ਹਸਤ ।

ਟੀਕਾ—ਜਬ ਕਿਸੀ ਕੇ ਤਾਈਂ ਏਹ ਕੁੰਜੀ ਆਂਵਦੀ ਹੈ ਬੀਚ ਹਥ ਕੇ) ਭਾਵ ਜੋ ਗੁਰਾਂ ਦੁਆਰੇ ਨਾਮ ਕਾ ਉਪਦੇਸ ਲੇਕਰ ਅਭਯਾਸ ਕਰਤਾ ਹੈ । ੧ । ਮਾਲਕ ਖਜਾਨੇ ਦਾ ਓਹੁ ਹੋਤਾ ਹੈ ਜੋ ਕੋਈ ਹੈ) ਭਾਵ ਨਾਮਦੇ ਅਭਿਆਸ ਕਰਨੇ ਵਾਲਾ ਭਾਂਵੇ ਕਿਸੀ ਜਾਤ ਕਾ ਹੋਵੈ ਪਰਮਾਨ ਕਾਹੇ ਨ ਬਾਲਮੀ ਕਹ ਦੇਖ । ਕਿਅ ਜਾਤ ਛੋ ਕਿਹ ਪਦਹ ਅਮਰਿਓ ਰਾਮ ਭਗਤਿ ਬਸੇਖ ॥ ੨ ॥ ੧੬੩ ॥

ਮੂਃ ਗੰਜ ਰਾ ਚੂੰ ਯਾਫਤਹਿ ਜੋਯਾਇ ਗੰਜ ।
ਗਸਤ ਫ਼ਾਰਗ ਅਜ਼ ਹਮਹਿ ਤਸਵੀਸ ਰੰਜ ॥

ਟੀਕਾ—ਸਿਧਾਂਤ ਖਜਾਨੇ ਤਾਈਂ ਜਬ ਪਾਯਾ ਖਜਾਨੇ ਕੇ ਢੂੰਢਨੇ ਵਾਲੇ ਨੇ । ੧ । ਤਬ ਓਹ ਹੂਆ ਨਿਆਰਾ ਖਲਾਸ ਤਮਾਮ ਸਰਮਿੰਦਗੀਆਂ ਅਰੁ ਪੀੜਾ ਸੇ) ਭਾਵ ਓਹ ਦੋਨੋ ਲੋਕਾਂ ਮੈ ਸੁਖ ਰੂਪ ਹੋਯਾ । ੨ । ੧੬੪ । ਪ੍ਰਸ਼ਨ ਮਰਾਤਬਾ ਉਸਕੋ ਕਿਆ ਮਿਲਤਾ ਹੈ । ਉਤਰ

ਮੂਃ ਆਂ ਹਮ ਅਜ਼ ਮਰਦਾਨ ਹਕ ਸ਼ੁਦਏ ਸਫ਼ੀਕ ।
ਆਂਕਿ ਰਾਹੇ ਯਾਫਤ ਦਰ ਕੂਏ ਰਫ਼ੀਕ ॥

ਟੀਕਾ—ਜੈਸੇ ਹਰੀ ਕੇ ਪਿਆਰੇ ਸੰਤ ਹੈ ਐਸੇ ਓਹ ਖਜਾਨੇ ਵਾਲਾ ਭੀ ਸਚੇ ਸੇ ਹੂਆ ਦੋਸਤ) ਭਾਵ ਪ੍ਰਮੇਸ਼ਰ ਕਾ ਪਿਆਰਾ ਸੰਤਗੁਰੂਪਦਵਾਲਾਹੂਆ।੧। ਕਿਉਜੋ ਉਸਨੇ ਰਸਤਾ ਪਾਯਾਹੈਅੰਦਰਕੂਚੇ ਪਿਆਰੇ ਕੇ ਕੇ) ਭਾਵ ਜੈਸੇ ਪਾਤਸ਼ਾਹ ਕੇ ਪਾਸ ਕੋਈ ਮਰਾਤਬੇ ਵਾਲਾ ਜਾ ਸਕਤਾ ਹੈ । ਅਰੁ ਹਜ਼ੂਰੀ ਹੋ ਸਕਦਾ ਹੈ ਐਸੇ ਓਹ ਗੁਣਾਂ ਸੇਤ ਹੋਨੇ ਤੇ ਅਰੁ ਸੰਗਤ ਕਰਨੇ ਤੇ ਅਭੇਦ ਹੂਆ ।੨।੧੬੫।

ਮੂਲ ਸੁਹਬਤੇ ਸ਼ਾਂ ਜ਼ਰਹ ਰਾ ਚੂੰ ਮਾਹ ਕੂਰਦ ।
ਹਰਿ ਗਦਾ ਰਾ ਸੁਹਬਤੇ ਸ਼ਾਂ ਸ਼ਾਹ ਕਰਦ ।

ਟੀਕਾ—ਪੂਨਾ ਸੰਗਤਿ ਉਨਾਂ ਅਭੇਦ ਸੰਤਾਂ ਕੀ ਨੇ ਤੁਛ ਦਾਣੇ ਵਤ

Digitized by Panjab Digital Library | www.panjabdigilib.org

ਜੀਵਾਂ ਕੋ ਮਾਨਿੰਦ ਚੰਦ੍ਰਮਾ ਦੇ ਕੀਆ ਹੈ) ਭਾਵ ਦੋ ਹੈ ਏਕ ਚੰਦ ਸਮ ਸੀਤਲ ਤੇ ਦੂਜਾ ਪਰਗਾਸਵਾਨ ਕੀਆ ।੧। ਪੁਨਾ ਹਰ ਇਕ ਮੰਗਤਿਆਂ ਗਰੀਬਾਂ ਤਾਂਈ ਸੰਗਤਿ ਉਨਾਂ ਕੀ ਨੇ ਪਾਤਿਸ਼ਾਹ ਕੀਆ ਹੈ ਸਾਖੀ ਚਣਿਆਂ ਕੇ ਖੇਤ ਵਾਲੇ ਕੀ ਜੋ ਸੁਲਤਾਨ ਹੂਆ ਹੈ ।੨। ੧੬੬। ਐਸੇ ਸਮਰਥ ਸੰਤਾਂ ਕੋ ਅਸੀਰਵਾਦ ਕਰਤੇ ਹੈਂ ਭਾਈ ਜੀ ।

**ਮੂ: ਰਹਮਤੇ ਹਕ ਬਾਦ ਬਰ ਐਜਾਇ ਸ਼ਾਂ ।**
**ਬਰ ਪਿਦਰ ਬਰ ਮਾਦਰੋ ਅਬਨਾਇ ਸ਼ਾਂ ।**

ਟੀਕਾ—ਦਯਾ ਵਾਹਿਗੁਰੂ ਕੀ ਹੋਵੈ ਉਪਰ ਉਨਾਂ ਸੰਤਾਂ ਕੇ ਸੁਭਾਵ ਦੇ ।੧। ਪੁਨਾ ਉਨਾਂ ਸੰਤਾਂ ਕੇ ਨਾਦੀ ਬਿੰਦੀ ਪਿਤਾ ਉਪਰ ਮਾਤਾ ਉਪਰ ਅਰੁ ਭਾਈਓ ਉਪਰ ਦਯਾ ਹੋਵੈ । ਭਾਵ ਸਬ ਪਰਵਾਰ ਉਪਰ ਵਾਹਿਗੁਰੂ ਕੀ ਦਯਾ ਹੋਵੈ ।੨।੧੬੭। ਅਬ ਉਨਾ ਕੀ ਮਹੱਤਤਾ ਕਹਿਤੇ ਹੈਂ।

**ਮੂਲ ਹਰਕਿ ਸ਼ਾਂ ਰਾ ਦੀਦਹ ਹਕਰਾ ਦੀਦਹਿ ਅਸਤ ।**
**ਖੁਸ਼ ਗੁਲ ਅਜ਼ ਬਾਗੇ ਮੁਹਬਤ ਚੀਦਹਿ ਅਸਤ**

ਟੀਕਾ—ਜਿਸ ਕਿਸੀ ਨੇ ਉਨ ਸੰਤਾਂ ਕੋ ਦੇਖਿਆ ਹੈ ਉਸਨੇ ਸਚੇ ਤਾਂਈ ਹੀ ਦੇਖਾ ਹੈ ।੧। ਪੁਨਾ ਚੰਗਾ ਫੂਲ ਸਾਧਨਾ ਗੁਣਾਂ ਰੂਪੀ ਹੋਰੋ ਕੇ ਸੰਤਾਂ ਕੀ ਪ੍ਰੀਤੀ ਰੂਪੀ ਬਾਗ ਸੇ ਚੁਣਿਆ ਹੈ ਉਸਨੇ ।੨।੧੬੮।

**ਮੂ: ਗੁਲ ਜ਼ਿ ਬਾਗੇ ਮਾਰਫ਼ਤ ਬਰ ਚੀਦਨ ਅਸਤ**
**ਦੀਦਨ ਇ ਸ਼ਾਂ ਖੁਦਾ ਰਾ ਦੀਦਨ ਅਸਤ ॥**

ਟੀਕਾ—ਪੁਨਾ ਪ੍ਰੀਤੀ ਰੂਪੀ ਬਾਗ ਕੇ ਗੁਣਾਂ ਰੂਪੀ ਫੂਲਾਂ ਸੇ ਗਯਾਨ ਰੂਪੀ । (ਬਰ) ਫਲ ਚੁਣਿਆ ਹੈ । ਭਾਵ ਜਿਸਨੇ ਗਯਾਨ ਪਾਯਾ ਹੈ ।੧। ਐ ਪਿਆਰੇ ਦੇਖਣਾ ਉਸ ਗਯਾਨਵਾਨ ਦਾ ਵਾਹਿਗੁਰੂ ਕਾ ਦੇਖਣਾ ਹੈ। ਭਾਵ ਵਾਹਿਗੁਰੂ ਸੇ ਅਭੇਦ ਹੋਣੇ ਤੇ ਤੁਲ ਹੈ ਇਸ ਤੇ।੨।੧੬੯। ਪ੍ਰਸ਼ਨ ਦੋ ਹੈਂ ਏਕ ਤੋ ਹਰੀ ਕੇ ਸਮ ਸੰਤਾਂ ਕਾ ਦੇਖਨਾ ਮਾਨਾ ਨਹੀਂ ਜਾਤਾ ਆਕਾਰ ਹੋਨੇ ਤੇ ਪੁਨਾ ਹਰੀ ਕਾ ਦੇਖਣਾ ਮਨਨ ਮੈ ਨਹੀ ਆਂਵਦਾ ਨਿਰਅਕਾਰ ਹੋਨੇ ਤੇ ਉੱਤਰ ਪ੍ਰਸ਼ਨ ਕਾ ਅਨਵਾਦ ਕਰਕੇ ਕਹਤੇ ਹੈਂ ਭਾਈ ਜੀ।

Digitized by Panjab Digital Library | www.panjabdigilib.org

**ਮੂਲ ਮੁਸਕਲ ਆਮਦ ਦੀਦਨੇ ਹਕ ਰਾ ਬਿਯਾਂ ।**
**ਮੇਦਿਹਦ ਈਂ ਜੁਮਲਹ ਰਾ ਕੁਦਰਤਿ ਨਿਸਾਂ ॥**

ਟੀਕਾ—ਯਦਪ ਸਚੇ ਦੇ ਦੇਖਨੇ ਦਾ ਅਰਥ ਹਾਲ ਔਖਾ ਅਣ ਬਣ ਕਹਣ ਮੈ ਆਯਾ ਹੈ ॥ ੧ ॥ ਕਿਸ ਤੇ ਜੋ ਏਹ ਸਮਗਰ ਜੀਵਾਂ ਕੌ ਮਾਯਾ ਨਿਸਾਨੀ ਦੇਤੀ ਹੈ) ਭਾਵੇਹ ਜੋ ਸਰਬ ਪਰਪੰਚ ਕਾ ਅਕਾਰ ਦੇਖਨ ਮੈ ਆਂਵਦਾ ਹੈ ਸੋ ਮਾਯਾ ਰੂਪ ਹੈ ਕਿਸ ਕਰਕੇ ਜੋ ਮਾਯਾ ਬਿਨਾ ਅਕਾਰ ਕਹਣਾ ਹੀ ਨਹੀ ਬਣਦਾ ਤਾਂਤੇ ਹਰੀ ਕਾ ਦੇਖਨਾ ਕੈਸੇ ਮਾਨਾ ਜਾਵੈ ਤੇ ਹਰੀ ਰੂਪ ਸੰਤਾਂ ਕਾ ਦੇਖਨਾ ਕੈਸੇ ਮਾਨੇ ਤਾਂਤੇ ਆਪ ਕਹੋ ਏਹ ਕਥਨ ਕੈਸੇ ਹੈ ॥ ੨ ॥ ੧੭੦ ॥ ਉਤ੍ਰ

**ਮੂ: ਅਜ਼ ਤੁਫੈਲ਼ੇ ਸ਼ਾਂ ਖੁਦਾ ਰਾ ਦੀਦਹ ਅਮ ।**
**ਦੀਦਅਮ ਵਾ ਦੀਦਅਮ ਵਾ ਦੀਦਅਮ ।**

ਟੀਕਾ—ਉਨਾਂ ਸੰਤਾਂ ਗੁਣਾਂ ਕੀ ਕ੍ਰਿਪਾ ਸੇ ਦੇਖਯਾ ਹੈ ਪਰਮੇਸਰ ਕੌ ਇਸ ਮੈ ਝੂਠ ਨਹੀਂ ਹੈ ॥ ੧ ॥ ਪ੍ਰਤਗਯਾਕਰ ਕਹਤੇ ਹੈਂ ਪਰੋੜਤਾ ਵਾਸਤੇ ਹੇ ਭਾਈ ਦੇਖਿਆ ਹੈ ਜਗਯਾਸੂਆਂ ਨੇ ਮਨ ਕਰਕੇ ਅਰੁ ਦੇਖਿਆ ਹੈ ਤਨ ਕਰਕੇ ਅਰੁ ਦੇਖਿਆ ਹੈ ਬਾਣੀ ਕਰਕੇ । ੨ । ੧੭੧ । ਪ੍ਰਸਨ ਜਿਸ ਪਰਕਾਰ ਉਨਾਂ ਦੀ ਕ੍ਰਿਪਾ ਸੇ ਦੇਖਿਆ ਹੈ ਸੋ ਰੀਤੀ ਨਿਰਨੇ ਸੇ ਕਹੀਏ ਜੀ ਉਤ੍ਰ ।

**ਮੂਲ ਦੀਦਨੇ ਹਕ ਮਾਅਨੀਏ ਦਾਰਦ ਸ਼ਰੀਫ਼ ।**
**ਮਨ ਨਿਯਮ ਈਂ ਜੁਮਲਹ ਆਂ ਜ਼ਾਤੇ ਲਤੀਫ਼ ।**

ਟੀਕਾ—ਪਰਮੇਸਰ ਕੇ ਦੇਖਨੇ ਕਾ ਅਰਥ ਜ਼ੇਬਾਂ ਮੈ ਮਹਾਤਮਾਂ ਅਚਾਰਜਾਂ ਈਸਰ ਨੇ ਰਖਯਾ ਹੈ ਬਡਾ(ਬੁਲੰਦ)ਖੋਲਕੇ ਸੋ ਸੁਨੀਏ॥ ੧॥ ਮੈ ਕੁਛ ਨਹੀਂ ਹਾਂ ਅਰੁ ਏਹ ਜੋ ਸਮਗਰ ਸੰਸਾਰ ਹੈ (ਉਸ ਚਤੁਰ ਹਰੀ ਕੀ ਉਤਪਤੀ ਹੈ ਵਾ ਉਸ ਚਤਰ ਵਾਹਿਗੁਰੂ ਕਾ ਸਰੂਪ ਹੈ) ਭਾਵੇਹ ਜੋ ਪ੍ਰਮੇਸਰ ਕੀ ਸੱਤਿਆ ਬਿਨਾ ਕੁਛ ਨਹੀਂ ਹੋ ਸਕਤਾ ਮਾਯਾ ਤੇ ਕਿਉ ਜੋ ਮਾਯਾ ਜੜ ਹੈ ਆਪਣੇ ਆਪ ਕੁਛ ਨਹੀਂ ਕਰ ਸਕਤੀ ਐਸੇ ਨਿਸਚਾ ਕਰਕੇ ਜੋ ਜਾਨਣਾ ਹੈ ਕਿ ਮੈ ਕੁਛ ਨਹੀਂ ਤੇ ਸਰਬ ਰੂਪ ਹਰੀ ਹੈ ਏਹੀ ਦੇਖਣਾ ਹੈ ਪਰਮਾਨ ਏਹ ਜਗਤ ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆਯਾ । ੨ । ੧੭੨ । ਸਿਧਾਂਤ ।

**ਮੂ: ਹਰਕਿ ਓ ਦਾਂਨਿਸਤ ਈਂ ਹਰਫ਼ੇ ਤਮਾਮ ।**

Digitized by Panjab Digital Library | www.panjabdigilib.org

**ਜ਼ਾਫਤ, ਓ ਆਂ ਗੰਜ ਮਖਫੀਰਾ ਮਕਾਮ।**

ਟੀਕਾ—ਜਿਸ ਕਿਸੀ ਨੇ ਜਾਣਿਆ ਹੈ ਏਹ ਸਮਗਰ ਬਦਨ ਕਥਨ ਕਾ ਭੇਦ) ਭਾਵ ਏਹ ਭੇਦ ਜੋ ਮੈ ਕੁਛ ਨਹੀਂ ਹਾਂ ਸਰਬ ਰੂਪ ਹਰੀ ਹੀ ਹੈ।੧। ਪਾਯਾ ਹੈ ਉਸਨੇ ਉਸ ਖਜਾਨੇ ਗੁਜੇ ਕੇ ਤਾਈ ਘਰ ਮੈ ਹੀ) ਭਾਵ ਸਰਬ ਵਸਤੂ ਹਸਤਾਮਲ ਹੋਈ ਹੈ ਪਰਮਾਨ ਜੋ ਬ੍ਰਹਮੰਡੇ ਸੋਈ ਪਿੰਡੇ. ਪੁਨਾ ਸਬ ਵਸਤੂ ਹਰੀ ਕੀ ਕਰੀ ਹੋਈ ਹੈ ਸੋ ਹਰੀ ਜਬ ਅੰਦਰ ਹਸਤਾਮਲ ਹੂਆ ਤਬ ਸਬ ਵਸਤੂ ਸਾਥ ਹੀ ਆ ਗਈਆਂ ਜੈਸੇ ਰਾਜਾ ਕੇ ਆਨੇ ਸੇ ਰਾਜਾ ਕੀ ਸਮਗਰੀ ਸਾਥ ਹੀ ਆਜਾਤੀ ਹੈ ਐਸੇ ਜਾਨੋ।੨।੧੭੩।

**ਮੂਲ ਮਾਇਨੀਏ ਹਕ ਸੂਰਤੇ ਦਾਰੰਦ ਨਿਕੋਸਤ॥**
**ਸੂਰਤੇ ਹਕ ਸੂਰਤੇ ਮਰਦਾਨਿ ਓਸਤ**

ਟੀਕਾ—ਅਰਥ ਸਚੇ ਕੀ ਸੂਰਤ ਤਰਾਂ ਦੇ ਰਖੇ ਹੈਂ ਚੰਗੇ੨) ਭਾਵ ਸਚੇ ਕੀ ਪ੍ਰਾਪਤੀ ਦੀ ਸੂਰਤ ਏਹ ਹੈ ਜੋ ਉਸਦੇ ਸੰਤਾਂ ਪਿਆਰਿਆਂ ਕੀ ਪਰਾਪਤੀ ਦੀ ਸੂਰਤ ਹੈ) ਭਾਵ ਜੋ ਜੁਗਤੀ ਸੰਤਾਂ ਕੇ ਮਿਲਨੇ ਕੀ ਹੈ ਉਸੇ ਜੁਗਤੀ ਸੇ ਪ੍ਰਮੇਸਰ ਮਿਲਤਾ ਹੈ ਅਥਵਾ ਅਰਥ ਸਚੇ ਦੀ ਸੂਰਤ ਦੇ ਰਖੇ ਹੈ ਚੰਗੇ।੧ ਕੇੜੇ ਜੋ ਸਚੇ ਦੀ ਸੂਰਤ ਹੈ ਸੋ ਉਸਦੇ ਸੰਤਾਂ ਭਗਤਾਂ ਦੀ ਸੂਰਤ ਹੈ। ਭਾਵ ਸੰਤ ਦਰਸ਼ਨ ਪ੍ਰਮੇਸਰ ਦਾ ਦਰਸਨ ਹੈ।੨।੧੭੪। ਪ੍ਰਸ਼ਨ ਏਹ ਜੋ ਐਸੇ ਸੰਤਾਂ ਗੁਰਾਂ ਸੇ ਮਿਲੇ ਹੈਂ ਰੀਤੀ ਪੂਰਬਕ ਉਨਾਂ ਕੀ ਸੰਸਾਰ ਮੈ ਗੁਜ਼ਰੇ ਰੈਣੀ ਬੈਣੀ ਕਿਸ ਰੀਤੀ ਸੇ ਹੋਤੀ ਹੈ। ਉਤ੍ਰ।

**ਮੂਲ ਖਿਲਵਤੇ ਏ ਸਾਂਬਵੱਦ ਦਰ ਅੰਜਮਨ॥**
**ਵਸਫ ਏ ਸ਼ਾਂ ਬੂਰ ਜ਼ੁਬਾਂ ਹਰ ਮਰਦ ਜ਼ਨ॥**

ਟੀਕਾ—ਐ ਪਿਆਰੇ ਇਕੰਤਤਾਈ ਉਨਾ ਦੀ ਹੈ ਅੰਦਰ ਬਾਗਦੇਹੀ) ਭਾਵ ਸਰੀਰ ਰੂਪੀ ਬਾਗ ਮੈ ਅਰੁ ਸੰਸਾਰ ਰੂਪੀ ਬਾਗ ਮੈ ਰਹਿਕਰ ਸਰਬ ਤਰਾਂ ਸੇ ਨਿਰਲੇਪ ਰਹਿਤੇ ਹੈਂ ਕਿਸ ਤਰਾਂ ਜੋ ਸਰਬ ਵਿਹਾਰ ਕਰਦੇ ਕਰਾਂਦੇ ਉਨਾਂ ਕੀ ਬਿਰਤੀ ਅੰਤਰਮੁਖ ਰਹਤੀ ਹੈ ਵਖੇਪਾਕਾਰ ਨਹੀ ਹੋਤੀ ਸਾਖੀ ਗੁਜਰਾਤ ਵਾਲੇ ਗੁਰਮੁਖ ਸਿਖ ਭਾਈ ਭੇਖਾਰੀ ਕੀ।੧। ਪਸਨ ਐਸੇ ਜੋ ਉਦਾਸ ਨਿਰਲੇਪ ਬਿਰਤੀ ਹੈ ਓਹ ਗੁਜਰੈਤੇ ਹੈਂ ਕਿ ਕੋਈ ਜਾਨਤਾ ਭੀ ਹੈ ਉਨਕੋ ਉਤ੍ਰ (ਵਸਫ) ਸਿਫਤ ਉਨਾਂ ਦੀ ਉਪਰ ਜੁਬਾਨ ਸਮਗਰ ਪੁਰਸਾਂ ਇਸਤ੍ਰੀਆਂ ਕੇ ਹੈ) ਭਾਵ ਸਰਬ ਲੋਕ ਉਪਮਾਂ ਕਰਤੇ ਹੈ।੨।੧੭੫। ਪ੍ਰਸਨ ਏਹ ਲੋਕ

Digitized by Panjab Digital Library | www.panjabdigilib.org

ਕਿਸੇ ੨ ਕਾਲ ਮੈ ਉਪਮਾਂ ਕਰਤੇ ਹੋਵੈਂ ਗੇ ਪਰੰਤੂ ਸਦਾ ਕੈਸੇ ਵਰਤਤੇ ਹੈਂ ਉਤਰ

ਮੂਲ ਈਂ ਖੱਬਰ ਵਾਕਫ ਕਸੇ ਬਾਸ਼ਦ ਕਿ ਓ ॥
ਦਾਰਦ ਅਜ਼ ਸ਼ੌਕੇ ਮੁਹਬਤ ਗੁਫਤ ਗੋ ॥

ਟੀਕਾ–ਇਸ ਹਵਾਲ ਸੇ ਭੇਦੀ ਜੋ ਜੋ ਕੋਈ ਹੂਆ ਹੈ) ਭਾਵ ਜਿਸ ੨ ਨੇ ਜਾਣਿਆ ਹੈ ਕੇ ਸੰਤ ਪ੍ਰਮੇਸਰ ਸੇ ਅਭੇਦ ਹੈ ਪ੍ਰਮਾਣ ਸੰਤ ਰਾਮ ਹੈਂ ਏਕੋ ॥ ੧ ॥ ਓਹ ਕੋਈ ਰਖਤਾ ਹੈ ਪ੍ਰੇਮ ਸੇ ਪਰੀਤ ਦਾ ਕਹਣਾ ਕਹਾਵਣਾ ਸੰਤਾਂ ਸੇ ਸਦਾ ।੨।੧੭੬।

ਮੂਲ ਸ਼ੌਕ ਮੌਲਾ ਕਿਸ ਗਰੇਬਾਂਗੀਰ ਸ਼ੁਦ ॥
ਨਾਕਸੇ ਹਮ ਸਾਹਿਬੇ ਤਦਬੀਰ ਸ਼ੁਦ ॥

ਟੀਕਾ–ਪ੍ਰੇਮ ਬ੍ਰਹਮ ਦਾ ਜਿਸ ਕਿਸੇ ਦੇ ਦਿਲ ਤਾਂਈ ਪਕੜਨੇ ਵਾਲਾ ਹੂਆ ਹੈ) ਭਾਵ ਜਿਸ ਨੂੰ ਪਰਮੇਸਰ ਦਾ ਪਰੇਮ ਪਰਾਪਤਿ ਹੂਆ ਹੈ ਮਨ ਮੈ ।੧। ਓਹ ਖਾਲੀ ਨਿਰਗੁਣ ਜੀਵ ਭੀ ਮਾਲਕ ਜੁਗਤੀਆਂ ਦਾ ਹੂਆ ਹੈ) ਭਾਵ ਸਮਗਰ ਗੁਣਾਂ ਤੇ ਬਿਨਾਂ ਕੇਵਲ ਪਰੇਮ ਸੇ ਪਰਮੇਸਰ ਕੀ ਪਰਾਪਤੀ ਵਾਲਾ ਹੋਯਾ ਹੈ ।੨।੧੭੭।

ਮੂਲ ਬਸਕਿ ਹਕ ਮੇਬਾਰਦ ਅਜ਼ ਗੁਫਤਾਰ ਸ਼ਾਂ ॥
ਦੀਦਹਾਂ ਰੌਸ਼ਨ ਸ਼ੁਦ ਅਜ਼ ਦੀਦਾਰ ਸ਼ਾਂ ॥

ਟੀਕਾ–ਤਾਂ ਤੇ ਜੋ ਵਾਹਿਗੁਰੂ ਸੇ ਮਿਲਤਾ ਹੈ ਉਸ ਕੀ ਬਾਣੀ ਸੇ ਬਾਤੇਂ ਕਰਕੇ ਭੀ ਅਤੀ ਸਚਾ ਨਾਮ ਹੀ ਬਰਸਦਾ ਹੈ ॥ ੧ ॥ ਪੁਨਾ ਨੇਤ੍ਰ ਉਸਕੇ ਦਰਸਨ ਸੇ ਬਹੁਤ ਪ੍ਰਕਾਸ ਵਾਲੇ ਹੋਤੇ ਹੈਂ) ਭਾਵ ਦਿਬ ਦ੍ਰਿਸ਼ਟੀ ਪਰਾਪਤਿ ਹੋਤੀ ਹੈ ।੨। ੧੭੮। ਪ੍ਰਸਨ ਆਪ ਜੋ ਪੀਛੇ ਕਹਤਾ ਹੈ ਕਿ ਸੰਤ ਨਿਰਲੇਪ ਰਹਿਤੇ ਹੈਂ ਸਭ ਸੇ ਪਰੰਤੂ ਪਰਤਖ ਦੇਖਨ ਮੈ ਤੋ ਵਿਹਾਰਾਂ ਮੈ ਖਚਤ ਦੇਖੀਤੇ ਹੈ ਇਸ ਤੇ ਉਨ ਕੋ ਨਿਰਲੇਪ ਕੈਸੇ ਮਾਨੈ ਸੋ ਕਹੀਏ ਜੀ ਉਤਰ ।

ਮੂਲ ਰੋਜ਼ ਸ਼ਬ ਬਾਸ਼ੰਦ ਦਰ ਫਿਕਰੇ ਮੁਦਾਮ ॥
ਦਰ ਲਿਬਾਸੇ ਦੁਨਜਵੀ ਮਰਦੇ ਤਮਾਮ ॥

Digitized by Panjab Digital Library | www.panjabdigilib.org

ਟੀਕਾ—ਰਾਤ ਦਿਨੇ ਰਹਿਤੇ ਹੈਂ ਬੀਚ ਧਿਆਨ ਭਜਨ ਕੇ) ਭਾਵ ਅਭ੍ਯਾਸ ਮੈ ਬਿਰਤੀ ਲਗੀ ਰਹਿਤੀ ਹੈ ਸਾਖੀ ਹਨੂਮਾਨ ਕੀ ਮਣੀਆਂ ਤੋੜਨ ਵਾਲੀ। ਪੁਨਾ ਮਨਸੂਰ ਕੀ ਜੈਸੇ ਉਸ ਕੀ ਦੇਹ ਤੋ ਜਲਾਇ ਦਿਤੀ ਸੀ ਪਰ ਉਸ ਕੀ ਜਲੀ ਹੁਈ ਰਾਖ ਸੇ ਭੀ ਅਨਲਹਕ ਕਾ ਸਬਦ ਨਿਕਲਦਾ ਥਾ॥ ੧॥ ਅਥਵਾ ਦਿਨੇ ਰਾਤ ਓਹ ਕੁਟੰਬ ਕੇ ਧਯਾਨ ਬੀਚ ਰਹਿਤੇ ਹਨ) ਭਾਵ ਪਾਲਨਾ ਮੈ ਖਚਤ ਰਹਿਤੇ ਹਨ। ੧। ਪੁਨਾ ਦੇਖਨੇ ਮੈ ਯਦਪ ਦੁਨੀਆ ਕੇ ਸਾਜ ਬਾਜੇ ਮੈ ਖਚਤ ਰਹਿਤੇ ਹੈਂ ਪਰੰਤੂ ਅੰਦਰੋਂ ਪੂਰਨ ਸੰਤ ਹੈਂ) ਭਾਵ ਸਰਬ ਗੁਣ ਸਪੰਨ ਅਰੁ ਸਮਰਥ ਹੋਨੇ ਤੇ ਨਿਰਲੇਪ ਰਹਿਤੇ ਹੈ। ੨। ੧੮੯।

**ਮੂਲ ਬਾ ਹਮਹਿ ਅਜ਼ ਜੁਮਲਹ ਆਜ਼ਾਦੰਦ ਸ਼ਾਂ ॥**
**ਦਰ ਹਮਹ ਹਾਲ ਅਜ਼ ਖ਼ੁਦਾ ਸ਼ਾਦੰਦ ਸ਼ਾਂ**

ਟੀਕਾ—ਸਾਥ ਸਮਗਰ ਜੀਵਾਂ ਦੇ ਦੇਖਨੇ ਮੈ ਖਚਤ ਹੈ ਪਰ ਚਿਤ ਕਰ ਸਮਗਰ ਸੇ ਨਿਆਰੇ ਹੈ ਓਹ ਸੰਤ।੧।ਪੁਨਾ ਬੀਚ ਸਮਗਰ ਹਵਾਲਾਂ ਦੇ ਵਾਹਿਗੁਰੂ ਸੇ ਖੁਸੀ ਹਨ ਓਹ) ਭਾਵ ਸੰਤ ਪ੍ਰਮੇਸਰ ਦੇ ਭਾਣੇ ਮੈ ਆਨੰਦ ਰਹਿਤੇ ਹੈ ਦੁਖ ਹੋ ਸੁਖ ਹੋ ਭਾਵੇ। ੨। ੧੯੦।

**ਮੂਲ ਦਰ ਲਿਬਾਸੇ ਦੁਨਯਵੀ ਓ ਰਸਮ ਦੀਂ ॥**
**ਹਮ ਚੁ ਈਸ਼ਾਂ ਸਾਨੀਏ ਦੀਗਰ ਮਬੀਂ ॥**

ਟੀਕਾ—ਪੁਨਾ ਯਦਪ ਦੇਖਨੇ ਮੈ ਦੁਨੀਆਂ ਕੇ ਸਾਜਾਂ ਬਾਜਾਂ ਬੀਚ ਖਚਤ ਹੈ ਪਰੰਤੂ ਅੰਦਰੋ ਉਨਾਂ ਦੀ ਚਾਲ ਧਰਮ ਵਾਲੀ ਹੈ) ਭਾਵ ਧਰਮ ਮੈ ਇਸਥਿਤ ਰਹਿਤੇ ਹੈਂ ਅਰੁ ਧਰਮ ਰੂਪ ਮੇਂ ਲੀਨ ਰਹਿਤੇ ਹੈਂ। ੧। ਪੁਨਾ ਭੀ ਮਾਨਿੰਦ ਇਨਾਂ ਦੀ ਵਡਿਆਈ ਦੇ ਦੂਸਰਾ ਮਤ ਦੇਖੀਏ। ਭਾਵ ਸੰਤ ਵਡਿਆਈ ਜੋਗ ਹੈਂ ਇਨ ਕੀ ਕਰਣੀ ਚਾਹੀਏ। ੨। ੧੯੧।

**ਮੂਲ ਹਮ ਚੁਨਾ ਯਾਦਿ ਹਕ ਦਾਰੰਦ ਦਸਤ ॥**
**ਹਕ ਸ਼ਨਾਸੋ ਹਕ ਪਸੰਦੋ ਹਕ ਪਰਸਤ ॥**

ਟੀਕਾ—ਭੀ ਐਸੇ ਹੀ ਅੰਦਰ ਭਗਤੀ ਸਚੇ ਕੀ ਕੇ ਰਖਤੇ ਹੈ ਸਮਰਥਤਾ ਭਾਵ ਭਗਤੀ ਗਯਾਨ ਮੈ ਪੂਰਨ ਹੈ। ੧। ਪੁਨਾ ਸਚ ਨੂੰ ਹੀ ਪਛਾਣਦੇ ਹੈਂ ਅਰੁ ਸਚ ਨੂ ਹੀ ਦੇਖਦੇ ਹੈ ਸਭ ਮੈ ਅਰੁ ਸਚ ਨੂ ਹੀ ਪੂਜਨ ਕਰਦੇ

Digitized by Panjab Digital Library | www.panjabdigilib.org

ਗਨ) ਭਾਵ ਸਭ ਮੈ ਹੀ ਸਰਬ ਪਰਕਾਰ ਸੇ ਸੰਤਾਂ ਕੀ ਬ੍ਰਿਤੀ ਲਗੀ ਰਹਿਤੀ ਹੈ।੨।੧੯੨।

ਮੂਲ ਦਰ ਲਿਬਾਸੇ ਦੁਨਜਵੀ ਸਰ ਤਾਂ ਕਦੰਮ ॥
ਬੀਨੀ ਓ ਗਾਫਲ ਨ ਬੀਨੀ ਨੀਮ ਦੰਮ ॥

ਟੀਕਾ—ਦੇਖਨੇ ਮੈ ਮਾਯਾ ਦੇ ਸਾਜ ਬਾਜ ਅੰਦਹ ਸਿਰ ਸੇ ਲੇਕਰ ਪੈਰਾਂ ਤਕ ਖਰਤ (ਬੀਨੀ ਓ) ਦੇਖੀਦੇ ਹੈ ਓਹ ਸੰਤ।੧। ਪਰੰਤੂ ਪਰਮਾਦੀ ਨਹੀ ਦੇਖੀਦੇ ਵਾਹਿਗੁਰੂ ਸੇ ਅਧਾ ਸੁਆਸ ਭੀ।੨।੧੯੩। ਪ੍ਰਸਨ ਭਜਨ ਕੇ। ਜੋ ਆਪਨੇ ਬਸੇਸਤਾ ਕਹੀ ਹੈ ਸੋ ਤੋ ਠੀਕ ਹੈ ਪਰੰਤੂ ਸਰੀਰ ਤੋ ਸੰਤਾਂ ਕਾ ਔਰਾਂ ਜੀਵਾਂ ਸਮ ਮਿਟੀ ਆਦੀ ਤਤੋਂ ਕਾ ਦੇਖੀਦਾ ਹੈ ਉਤਰ।

ਮੂਲ ਆਂ ਖੁਦਾਏ ਪਾਕ ਸਾਂਰਾ ਪਾਕ ਕਰਦ ॥
ਗਰ ਚਿ ਜਿਸਮੇ ਸ਼ਾਂ ਜਿ ਮੁਸ਼ਤੇ ਖਾਕ ਕਰਦ

ਟੀਕਾ—ਉਸ ਪਵਿਤ੍ਰ ਵਾਹਿਗੁਰੂ ਨੇ ਓਨਾਂ ਤਾਂਈ ਪਵਿਤ੍ਰ ਕੀਤਾ ਹੈ।੧ ਜਦਪ ਸਰੀਰ ਉਨਾਂ ਸੰਤਾਂ ਕਾ ਦੇਖਨੇ ਮੈ ਮੁਠੀ ਮਿਟੀ ਆਦੀ ਤਤਾਂ ਸੇ ਕੀਤਾ ਹੋਯਾ ਦੇਖੀਦਾ ਹੈ ਜੀਵਾਂਵਤ) ਭਾਵ ਤੌ ਭੀ ਸਭ ਸੇ ਪਵਿਤ੍ਰ ਹੈ।੨।੧੯੪।

ਮੂਲ ਈਂ ਵਜੂਦੇ ਖਾਕ ਪਾਕ ਅਜ਼ ਯਾਦਿ ਓਸਤ ॥
ਜਾਕਿ ਇਨਸਾਂ ਮਜਹਰੇ ਬੁਨੀਆਦਿ ਓਸਤ

ਟੀਕਾ—ਪੁਨਾ ਯਦਪ ਏਹ ਸਰੀਰ ਸੰਤਾਂ ਕਾ ਭੀ ਮਿਟੀ ਆਦੀ ਤਤਾਂ ਕਾ ਰਚਤ ਦੇਖੀਦਾ ਹੈ ਪਰੰਤੂ ਉਸ ਰਖਕ ਹਰੀ ਕੀ ਭਗਤੀ ਸੇ ਪਵਿਤ੍ਰ ਹੋਤਾ ਹੈ ਭਾਵ ਭਗਤੀ ਸੇ ਹਰੀ ਪਰਤਖ ਹੋਤਾ ਹੈ ਤਾਂਤੇ ਹਰੀ ਕੇ ਪ੍ਰਤਖ ਹੋਣੇ ਸੇ ਸਰੀਰ ਭੀ ਪਵਿਤ੍ਰ ਕਹੀਤਾ ਹੈ।੧।ਸਿਧਾਂਤ ਇਸੀ ਵਾਸਤੇ ਮਨੁਖਾਂ ਦੇਹ ਉਸ ਹਰੀ ਕੇ ਟਿਕਾਣੇ ਕੀ ਜੜ ਹੈ) ਭਾਵੇਹ ਜੋ ਹੋਰ ਦੇਹ ਮੈਂ ਪ੍ਰਗਟ ਨਹੀ ਹੋਤਾ ਕੇਵਲ ਮਨੁਖਾਂ ਦੇਹ ਮੈ ਪ੍ਰਤਖ ਹੋਤਾ ਹੈ।੨। ਪ੍ਰਸਨ ਆਪਦੇ ਕਥਨ ਨਸਾਰ ਸੰਤਾਂ ਮੈ ਤੋ ਪ੍ਰਤਖ ਹੋਤਾ ਹੈ ਪ੍ਰੰਤੂ ਹੋਰ ਜੀਵਾਂ ਮੈ ਪ੍ਰਤਖ ਨਹੀ ਹੋਤਾ ਸੋ ਪ੍ਰਤਖ ਹੋਨੇ ਦਾ ਨਮਿਤ ਕਹੀਏ ਜੀ ਉਤ੍ਰ ਜੈਸੇ ਸਭ ਲਕੜੀਓ ਮੈ ਅਗਨਿ ਹੋਤੀ ਹੈ ਪ੍ਰ ਪ੍ਰਗਟ ਉਸ ਮੈ ਹੋਤੀ ਹੈ ਜੋ ਆਪਸ ਮੈ ਘਸਰੇਂ ਐਸੇ ਪ੍ਰਮੇਸ੍ਰ ਸਭ ਦੇਹਾਂ ਮੈ ਹੈ ਪ੍ਰੰਤੂ ਅਭ੍ਯਾਸ ਵਾਲਯਾਂ ਮੈ ਪ੍ਰਗਟ ਹੋਤਾ ਹੈ।੨।੧੯੫। ਪ੍ਰਸਨ ਉਨਾ ਅਭ੍ਯਾਸ ਵਾਲਯਾਂ ਕਾ ਕੋਈ ਚਿੰਨ

Digitized by Panjab Digital Library | www.panjabdigilib.org

ਕਹੀ ਦੂਜੀ ਉਤ੍ਰ

**ਮੂਲ ਰਸਮ ਸ਼ਾਂ ਆਈਨ ਦਿਲਦਾਰੀ ਬਵਦ ॥**
**ਦਰ ਹਮਹ ਹਾਲ ਅਜ਼ ਖੁਦਾ ਯਾਰੀ ਬਵਦ**

ਟੀਕਾ—ਉਨਾਂਕੀ ਚਾਲ ਜਿਉਂ ਕੀਤਿਉ ਦਿਲਦੇ ਰਖਨੇ ਵਾਲੀ ਹੈ। ਭਾਵ ਦਿਲਨੂੰ ਆਨੰਦ ਦਿੰਦੀ ਹੈ ॥ ੧ । ਕਿਉਜੋ ਬੀਚ ਸਮਗ੍ਰ ਬਵਸ ਬਾਤ ਵਾਹਿਗੁਰੂ ਸੇ ਦੋਸਤੀ ਹੈ) ਭਾਵ ਸੰਤ ਹਰ ਵਕਤ ਹਮੇਸੇ ਤੁਦਾ ਕਾਰ ਰੈਹੈਂਹੈਂ ਇਸਤੇ । ੨ । ੧੯੬ । ਪ੍ਰਸਨ ਐਸੀ ਅਮੋਲਕ ਵਸਤੂ ਕੋ ਜੀਵ ਕਿਉਨ੍ਹੀ ਧਾਰਨ ਕਰਤੇ ਉਤ੍ਰ

**ਮੂਲ ਹਰਕਸੇ ਰਾ ਕੈ ਨਸੀਬ ਈ ਦੌਲਤ ਅਸਤ**
**ਦੌਲਤੇ ਜਾਵਦ ਅੰਦਰ ਸੁਹਬਤ ਅਸਤ**

ਟੀਕਾ— ਹਰਕਿਸੇ ਕੇ ਤਾਂਈ ਕਬ ਪ੍ਰਾਪਤਿ ਹੋਤੀਹੈ ਏਹ ਦੌਲਤ) ਭਾਵ ਨਹੀ ਪ੍ਰਾਪਤਿ ਹੋਤੀ ਸਤ ਸੰਗ ਬਿਨਾ । ੧ । ਕਿਉਜੋ ਏਹ ਦੌਲਤ ਹਮੇ ਸਾਂਦੀ ਬੀਚ ਸਤ ਸੰਗਦੇ ਰੈਂਦੀਹੈ । ੨ । ੧੯੭ ।

**ਮੂਲ ਈਂ ਹਮਹ ਅਜ਼ ਸੁਹਬਤੇ ਮਰਦਾਨਿ ਓਸਤ ॥**
**ਦੌਲਤੇ ਹਰਦੋ ਜਹਾਂ ਦਰ ਖਾਨਹ ਓਸਤ**

ਟੀਕਾ— ਏਹ ਸਮਗ੍ਰੀ ਅਭ ਜਾਸ ਆਦੀ ਗੁਣਾ ਰੂਪੀ ਅਰੁ ਦੋਸਤੀ ਰੂਪੀ ਦੌਲਤ ਉਸਰਖਕ ਹਰੀਕੇ ਸੰਤਾਂਕੀ ਸੰਗਤਿ ਸੇ ਪ੍ਰਾਪਤਿ ਹੋਤੀਹੈ । ੧ । ਕਿਉਜੋ ਦੋਨੋ ਲੋਕਾਂਦੀ ਦੌਲਤ ਪ੍ਰਤਖ ਬੀਚ ਘਰ ਉਨਾਕੇ ਹੈ) ਭਾਵ ਉਨਾਕੇ ਰਿਦੇਮੇ ਹੈ ਹੋਰ ਉਨਾਕੀ ਰਸਨਾ ਮੇਹੈ ਹੋਰ ਦੋਨੋ ਲੋਕਾਂਕੀ ਸੁਖਾਂ ਰੂਪੀ ਦੌਲਤ ਉਨਾਕੇ ਸੀਤਪ੍ਰਸਾਦ ਸੇ ਮਿਲਤੀ ਹੈ । ੨ । ੧੯੯ ।

**ਮੂਲ ਸੁਹਬਤੇ ਸ਼ਾਂ ਨਫਹ ਬਿਸੀਆਰ ਆਵਰਦ ॥**
**ਨਖਲ ਜਿਸਮੇ ਖਾਕ ਹਕ ਬਾਰ ਆਵਰਦ**

ਟੀਕਾ ਪੁਨਾ ਸੰਗਤਿ ਉਨਾਂਕੀ ਲਾਭ ਬੌਤ ਲਿਆਵਤੀ ਹੈ । ੧ । ਪੁਨਾ ਸੰਗਤਿ ਉਨਕੀ ਸੇ ਮਿਟੀਦਾ ਸ੍ਰੀਰ ਰੂਪੀ ਬ੍ਰਿਛ ਸਚਕੀ ਪ੍ਰਗਟਤਾ ਰੂਪੀ ਫਲ

Digitized by Panjab Digital Library | www.panjabdigilib.org

ਲਿਆਵਤਾ ਹੈ । ਭਾਵ ਇਸ ਸ੍ਰੀਰਮੈ ਹਰੀ ਸ ਖਜ਼ਾਤ ਹੋਆ ਵਤਾਹੈ। ੨ ।੧੮੯। ਪੁਨਾ ੨ ਐਸੇ ਉਪਦੇਸ ਕਰਨੇਸੇ ਜਗ੍ਯਾਸੂਆਂ ਕੀ ਗਫਲਤਾ ਦੇਖਕੇ ਅਫਸੋਸਸੇ ਕਹਤੇਹੈ।

**ਮੂਲ ਹਮ ਚੁਨੀ ਸੁਹਬਤ ਕੁਜਾ ਬਾਜ਼ ਆਇਦਤ ॥**
**ਕਜ਼ ਬਰਾਏ ਮਰਦਮੀ ਮੇਸ਼ਾਇਦੋਤ**

ਟੀਕਾ— ਭੀ ਐਸੀ ਸੰਗਤਿ ਕਰਨੀ ਕਬ ੨ ਫਿਰ ਆਵੇਗੀ ਤੁਮਾਰੇਕੋ) ਭਾਵ ਤੁਹਾਨੂੰ ਕਹਾਂ ਮਿਲੇਗੀ ਫੇਰ ਸੰਗਤ ਕਰਨੀ ਜਿਸਕਰ ਅਬ, ਸੰਗਤਿ ਕਰਨੇਸੇ ਤੁਮ ਗਾਫਲ ਹੋ ਰਹੇ ਹੈਂ। ੧। ਜੋ ਤਾਤੇ ਸੰਤਾਸੇ ਸੰਗਤਿ ਕਰਨੇ ਵਾਸਤੇ ਸੂਰਮਤਤਾ ਚਾਹੀਦੀ ਹੈ ਤੁਹਾਨੂੰ। ੨। ੧੯੦। ਪੁਨਾ ਪ੍ਰਸਨ ਕਰਨੇ ਤੇ ਮੋਨਤੇ ਖਕਰ ਜਗ੍ਯਾਸੂਆਂਕੋ ਭਾਈ ਜੀ ਆਪਹੀ ਜਗ੍ਯਾਸੂਆਂਕੀ ਦ੍ਰਿੜਤਾ ਵਾਸਤੇ ਪ੍ਰਸਨੋਤਰ ਕੀ ਰੀਤੀਸੇ ਕਹਤੇ ਹੈਂ।

**ਮੂਲ ਮਰਦਮੀ ਦਾਇਨੇ ਬਾ ਹਕ ਪੈਵਸਤਨਸਤ ॥**
**ਗੈਰ ਜ਼ਿਕਰ ਸ਼ ਅਜ਼ ਹਮਹ ਵਾਰੁਸਤਨ ਸਤ ॥**

ਟੀਕਾ— ਹੇਭਾਈ ਸੂਰ ਮੱਤ ਤਾਕੋ ਜਾਣਦਾ ਹੈਂ ਸਾਬ ਸਰੈਦੇ ਜੋੜਾ ਲੈਨ ਤਦਾਕਾਰ ਹੋਜਾਵੇ ਏਹਪੈ ।੧। ਪੁਨਾ ਬਿਨਾ ਭਜਨ ਉਸ ਸਰੈਕੇ ਹੋਰ ਸਮਗ੍ਰਾਰ ਕਰਮ ਕਾਂਡ ਆਦੀ ਕਰਤਬਾਂ ਸੇ ਜੋ ਛੁਟਣਾ ਹੈ) ਭਾਵ ਮਨ ਤਨ ਬਾਣੀਸੇ ਹੋਰ ਸਭ ਕਰਮ ਤਯਾਗ ਦੇਣੇ ਏਹੁ ਸੂਰ ਮਤ ਤਾਹੈ। ੨। ੧੯੧।

**ਮੂਲ ਚੂੰ ਦਿਲੇ ਬੰਦਹਾਬ ਜ਼ਿਕਰ ਸ਼ ਰਾਹਿ ਯਾਫਤ ॥**
**ਹਾਸ਼ਲੇ ਉਮਰੇ ਦਿਲੇ ਅਗਾਹਿ ਯਾਫਤ**

ਟੀਕਾ— ਜਬ ਦਿਲ ਜਗ੍ਯਾਸੂਦੇਨ ਉਸਕੇ ਭਜਨ ਕੀ ਤਰਫ ਰਸਤ, ਪਾਯਾ )ਭਾਵ ਜਬਦਿਲ ਭਜਨ ਮੈ ਤਦਾਕਾਰ ਹੂਆ।੧।ਤਬ ਦਿਲਦੇ ਨਿਗਾਵਾਨਾ ਕੀ ਅਵਸਥਾ ਦਾ ਲਾਭ ਪਾਯਾ) ਭਾਵ ਜੋ ਪੀਛੇ ਭਜਨ ਕਰਕੇ ਅਭੇਦ ਹੂਏ ਹੈਂ ਐਸੇ ਅਭੇਦ ਹੂਆ ਹੈ। ੨। ੧੯੨।

**ਮੂਲ ਕਾਰ ਸ਼ ਅਜ਼ ਗਰਦੂੰਨਿ ਗਰਦਾਂ ਦਰਗੁਜ਼ਸਤ ॥**

Digitized by Panjab Digital Library | www.panjabdigilib.org

ਬਰ ਸਰੇ ਦੁਨੀਆਂ ਚੁ ਮਰਦਾਂ ਦਰਗੁਜਸਤ

ਟੀਕਾ—ਕੰਮ ਉਸਕਾ ਆਕਾਸ ਕੇ ਫਿਰਨੇ ਸੇ ਲੰਘ ਗਯਾ ਹੈ) ਭਾਵ ਓਹੁ ਜਗਯਾਸੂ ਜਨਮ ਮਰਨੇ ਕੇ ਆਵਨੇ ਜਾਣੇ ਸੇ ਰਹਿਤ ਹੂਆ ਹੈ ।੧। ਪੁਨਾ ਸੰਸਾਰ ਕੇ ਸਿਰ ਉਪਰੋਂ ਮਾਨਿੰਦ ਪੂਰਨ ਸੰਤਾਂ ਦੇ ਗੁਜਰਿਆ ਹੈ) ਭਾਵ ਓਹ ਜਗਯਾਸੂ ਸੰਸਾਰ ਸੇ ਪਾਰ ਹੂਆ ਹੈ ।੨। ੧੯੩।

ਮੂਲ ਈ ਜਹਾਨੋ ਆਂ ਜਹਾਂ ਤੁਹਸੀ ਕੁਨੰਦ ॥
ਆਂ ਕਿ ਦਿਲ ਅਜ ਜ਼ਿਕਰ ਹਕ ਰੰਗੀ ਕੁਨੰਦ

ਟੀਕਾ-ਏਹ ਲੋਕ ਅਰੁ ਓਹ ਲੋਕ ਸਿਫਤ ਕਰਦੇ ਹੈਂ) ਭਾਵ ਭਜਨਵਾਨ ਜਗਯਾਸੂ ਕੀ ਦੋਨੋ ਲੋਕ ਸਿਫਤ ਕਰਦੇ ਹੈਂ ਜੋ ਸਾਬਾਸੇ ਕੇ ਇਸ ਨੇ ਵਾਹਿਗੁਰੂ ਕਾ ਹੁਕਮ ਠੀਕ ਬਜਾਯਾ ਹੈ ਜਿਸ ਤੇ ਮਾਨੁਖਾਂ ਜਨਮ ਸਫਲਾ ਕੀਆ ਐਸੇ ਉਪਮਾ ਕਰਦੇ ਹੈ ।੧। ਕਿਉ ਜੋ ਉਸ ਜਗਯਾਸੂ ਨੇ ਸਚੇ ਕੇ ਭਜਨ ਸੇ ਦਿਲ ਰੰਗਣਾ ਕੀਆ ਹੈ) ਭਾਵ ਦਿਲ ਤਦਾਕਾਰ ਕੀਆ ਹੈ ਨਾਮ ਮੈ ਅਭਯਾਸ ਕੋ ਛਡਕੇ ਕਹੀ ਨਹੀਂ ਜਾਤਾ ਇਸਤੇ ।੨। ੧੯੪।

ਮੂਲ ਦਰ ਵਜੂਦ ਸ਼ ਆਫਤਾਬੇ ਤਾਫਤਹ ॥
ਨਾਮ ਸ਼ਾਂ ਦਰ ਸੁਹਬਤੇ ਸ਼ਾਂ ਯਾਫਤਹ

ਟੀਕਾ-ਅੰਦਰ ਸਰੀਰ ਉਸਕੇ ਕੇ ਸੂਰਜ ਪ੍ਰਕਾਸਿਆ ਹੈ) ਭਾਵ ਹਰੀ ਪੁਰਖ ਹੋਯਾ ਹੈ) ।੧। ਉਸ ਹਰੀ ਕਾ ਨਾਮ ਬੀਚ ਸੰਗਤਿ ਉਸ ਕੀ ਕੇ ਪਾਯਾ ਹੈ ਅਗੇ ਜਗਯਾਸੂਆਂ ।੨। ੧੯੫।

ਮੂਲ ਨਾਮ ਹਕ ਅਜ਼ਬਸ ਕਿ ਰੋਜ਼ੋ ਸ਼ਬ ਗਰਿਫਤ।
ਦਸਤੇ ਊਂ ਰਾ ਜ਼ਿਕਰ ਮਉਲਾ ਬਰ ਗਰਿਫਤ।

ਟੀਕਾ-ਨਾਮ ਸਚੇ ਦਾ (ਅਸਚਰਜ) ਅਤਿ ਸੇ ਕਰਕੇ ਜੋ ਜਿਨਾਂ ਨੇ ਰਾਤ ਦਿਨ ਪਕੜਿਆ ਹੈ) ਭਾਵ ਜਿਨਾਂ ਨੇ ਨਾਮ ਦਾ ਅਭਯਾਸ ਅਤੀ ਕੀਤਾ ਹੈ ।੧। ਹਥ ਉਨਾਂ ਦਾ ਭਜਨ ਬ੍ਰਹਮ ਕੇ ਨੇ ਉਪਰੋਂ ਪਕੜਿਆ ਹੈ) ਭਾਵ ਉਨਕੋ ਲਾਭਦਾਇਕ ਹੂਆ ਹੈ ਨਾਮ ਦ੍ਰਿਸਟਾਂਤ ਜੈਸੇ ਹੁਮਾਂਊ ਪੰਛੀ ਦਾ ਖੰਭ ਜਿਸ ਤੀਰ ਦੀ ਮੂਠ ਮੈ ਲਗਾ ਹੋਵੈ ਉਸ ਤੀਰ ਨੂੰ ਜਬ ਲੈਕਰ ਚਲਾਵੇ ਤਾਂ ਓਹ

Digitized by Panjab Digital Library | www.panjabdigilib.org

ਖੰਡ ਆਪਣੇ ਦੇਸ ਮੈਂ ਲੇਜਾਤਾ ਹੈ ਐਸੇ ਨਾਮ ਅਪਣੇ ਨਾਮੀ ਪਾਸ ਲੇਜਾਤ ਹੈ। ੨। ੧੯੬।

**ਮੂਲ ਜ਼ਿਕਰ ਮਉਲਾ ਆਂ ਕਿ ਯਾਰੀ ਦਾਦ ਸ਼ੁਦ॥**
**ਖ਼ਾਨਹੇ ਵੈਰਾਂ ਜ਼ਿ ਹਕ ਆਬਾਦ ਸ਼ੁਦ॥**

ਟੀਕਾ—ਸਿਧਾਂਤ ਜਿਸ ਕਿਸੀ ਕੇ ਤਾਂਈ ਬ੍ਰਹਮ ਕਾ ਭਜਨ ਮਿਤਰਤਾ ਦੇਣੇ ਵਾਲਾ ਹੂਆ ਹੈ। ਭਾਵ ਜਿਸਕੇ ਚਿਤ ਮੈ ਨਾਮ ਦ੍ਰਿੜ ਹੂਆ ਹੈ)। ੧। ਉਸ ਕਿਸੀ ਕਾ ਉਜਾੜ ਘਰ ਸਰ ਕੀ ਮਿਤਰਤਾ ਸੇ ਵਸੋਂ ਹੂਆ ਹੈ) ਭਾਵ ਉਸਕੇ ਹਿਰਦੇ ਮੈ ਨਾਮ ਕੀ ਦ੍ਰਿੜਤਾ ਸੇ ਮੋਖ ਵਿਦਿਆ ਆਦੀ ਗੁਣ ਸਭੀ ਆਪੇ ਹੀ ਆਕਰ ਇਸਥਿਤ ਹੋ ਜਾਤੇ ਹੈ ਦ੍ਰਿਸਟਾਂਤ ਜੈਸੇ ਭਗਤਾਂ ਕੇ ਪੜਨੇ ਤੇ ਬਿਨਾ ਅਗੰਮ ਬਾਣੀ ਸਫੁਰਨ ਹੋਆਵਤੀ ਹੈ। ੨। ੧੯੭।

**ਮੂਲ ਜ਼ਿਕਰ ਮਉਲਾ ਦੌਲਤੇ ਬਾਸ਼ਦ ਅਜ਼ੀਮ॥**
**ਕੈਬਾ ਦਸਤ ਆਇਦ ਜ਼ਿ ਰੀਜ਼ੇ ਮਾਲ ਸੀਮ॥**

ਟੀਕਾ—ਤਾਤੇ ਭਜਨ ਬ੍ਰਹਮ ਕਾ ਪਦਾਰਥ ਹੈ ਬਡਾ। ੧। ਪ੍ਰਸਨ ਆਪਨੇ ਜੋ ਨਾਮ ਕੋ ਪਦਾਰਥ ਕਰਯਾ ਹੈ ਇਸ ਕੇਨੇ ਕਰ ਸ਼ਾਹੂਕਾਰ ਅਰੁ ਬਾਦਸ਼ਾਹ ਤੇ ਬਡੇ ੨ ਧਨੀ ਦੇਖੀਤੇ ਹੈ ਤਾਂਤੇ ਉਨਕੋ ਨਾਮ ਧੰਨ ਭੀ ਮਿਲ ਜਾਤਾ ਹੋਗਾ ਕਿਸ ਕਾਰਨ ਜੋ ਲੋਕਕ ਪਰਮਾਨ ਮੈ ਧੰਨ ਸੇ ਧੰਨ ਖਟਿਆ ਜਾਤਾ ਹੈ) ਭਾਵ ਮਿਲ ਜਾਤਾ ਹੈ। ਉਤਰ ਹੇ ਭਾਈ ਕਬ ਬੀਚ ਹਾਥ ਕੇ ਆਂਵਦਾ ਹੈਂ ਊਠਾਂ ਘੋੜਿਆਂ ਦੇ ਅਰੁ ਚਾਂਦੀ ਆਂਦੀ ਦੇ ਖਜਾਨਿਆਂ ਸੇ) ਭਾਵ ਇਸ ਧੰਨ ਕਰ ਨਾਮ ਰੂਪੀ ਧੰਨ ਹਥ ਨਹੀਂ ਆਂਵਦਾ ਪਰਮਾਨ ਕੰਚਨ ਸਿਉ ਪਾਈਐ ਨਹੀਂ ਤੋਲਿ। ੨ ਪ੍ਰਸਨ ਆਪਨੇ ਜੋ ਪਿਛੇ ਕਹਿਆ ਸੀ ਕੇ ਪ੍ਰਮੇਸਰ ਕਾ ਪ੍ਰਸਨ ਭੀ ਸੰ ਗੁਰੂ ਸੰਤ ਮਿਲਤੇ ਹੈਂ ਤਾਂਤ ਪ੍ਰਮੇਸਰ ਕੀ ਪ੍ਰਸੰਨਤਾ ਕਿਸ ਰੀਤੀ ਸੇ ਹੋਤੀ ਹੈ ਸੋ ਕਹੀਐ ਉਤ੍ਰ॥

**ਮੂਲ ਹਰਕਿ ਰਾ ਹਕ ਖ਼ਾਸਤ ਹਕ ਓ ਰਾ ਬਿਖ਼ਾਸਤ॥**
**ਸ਼ੌਕਿ ਮਉਲਾ ਬਿਹਤਰੀਨੇ ਕੀਮੀਆਸਤ॥**

ਟੀਕਾ— ਜੋਕੋਈ ਸਚੇ ਤਾਂਈ ਚਾਹੁਤਾ ਹੈ ਸਚਾ ਉਸਕੇ ਤਾਈ ਚਾਹੁਤਾ ਹੈ) ਭਾਵ ਜੋਕੋਈ ਪ੍ਰੇਮ ਸੇ ਬੇਨਤੀ ਕਰਤਾ ਹੈ ਉਸੁ ਪ੍ਰ ਰੀਝਤਾ ਹੈ। ੧। ਹੇ ਭਾਈ ਵਾਹਿਗੁਰੂ ਕਾ ਪਰੇਮ ਚੰਗਾ ਹੈ ਪਾਰਸ ਤੇ ਭੀ। ੨। ੧੯੯। ਪ੍ਰਸਨ ਏਹ ਜੋ ਫਕੀਰੀ ਅਤੁ ਬਾਦਸਾਹੀ ਦੇਖੀ ਸੁਨੀਦੀ ਹੈ ਇਨ ਦੋਨੋ ਮੈ ਸੇ ਕੌਨਸੀ ਚੰਗੀ ਹੈ ਇਹ ਫਕੀਰ ਤੇ

Digitized by Panjab Digital Library | www.panjabdigilib.org

ਫਕੀਰੀਕੋ ਅਛਾ ਕੈਤੇਹੈਂ ਅਰੁ ਬਾਦਸਾਹ ਬਾਦਸਾਹੀ ਕੋ ਅਛਾ ਕੈਤੇਹੈਂ ਉਤ੍ਰ

॥ਫਕੀਰੀ। ਚੰਗੀਹੈ। ਜੋ ।ਵਾਸਤੇ। ॥ਸਚਦੇ। ਹੋਵੇ।

ਮੂਲ ਪਾਰਸਾਈ ਬਿਹ ਕਿ ਬਹਰੇ ਹਕ ਬਵੱਦ॥

ਕਿਆ। ਕਾ। ਕੋਈ ਜੋ। ਅੰਸਹਿਬਾਦਸਾਹੀ॥

ਬਾਦਸਾਹੀ ਕੀਸਤ ਕਾਂ ਨਾਹਕ ਬਵੱਦ॥

ਟੀਕਾ– ਫਕੀਰੀ ਓਹੁ ਚੰਗੀਹੈ ਜੋ ਵਾਸਤੇ ਸਚਦੇ ਹੋਵੈ) ਭਾਵ ਜਿਸਮੇ ਵਾਹਿਗੁਰੂ ਦਾ ਭਜਨਹੋ ਵੈ।੧। ਅਰੁ ਓਹੁ ਬਾਦਸਾਹੀ ਕਿਆਹੇ ਜੋ ਬਿਅਰਥ ਹੋਵੈ) ਭਾਵ ਜੋ ਭਜਨਤੇ ਅਰੁ ਸੁਭਕਰ ਮਾਂਤੇ ਰੈਤ ਹੈ ਤੇ ਕੁਨੀਤੀਮੈ ਵਰਤਰਹੀ ਹੈ ਓਹੁਬਿ ਅਰਥਹੈ ਕਿਸੇ ਕੰਮਦੀਨਹੀ ਉਲਟਾ ਦੁਖ ਰੂਪਹੈ ਲੋਕ , ਕਪ੍ਰਮਾਨ ਰਾਜੋਂ ਨਰਕ।੨।੨੦੦। ਪ੍ਰਸਨ ਆਪਦੇ ਕੈਣੇ ਅਨਸਾਰ ਤੋ ਦੋਨੋ ਚੰਗੇ ਨਾਹੋਏਤਾਤੇ ਏਹ ਨਿੰਰਨੇਕਰ ਕਹੀਏ ਉਤ੍ਰ

।ਦੋਨੋਂ। ਮੁਸਤਾਕਹੈ। ਲਾਮਹੋਤੇ। ਰਿੰਦੋਨਾਮਫਕੀਰ। ਪਾਰਸਾਨਾਮਪਾਤਸਾਹਾ

ਮੂਲ ਹਰਦੁ ਮੁਸਤਾਕੰਦ ਰਿੰਦੋ ਪਾਰਸ਼ਾਂ॥

ਤਾਂਦੇਖੀਏ। ਖਾਹਦਨਾਮਚਾਹੁਤਾਹੈ॥ ਕਿਬਰੀਆਨਾਮਕਗਨੀ॥

ਤਾਂ ਕਿਰਾ ਖਾਹਦ ਖੁਦਾਏ ਕਿਬਰੀਆਂ॥

ਕੇ ਕਿਸਕੋ। ਕਿਸਕੇ ਗਿਤਾਂਈ॥

ਟੀਕਾ– ਸਿਧਾਂਤ ਵਾਸਤਵਤੇ ਦੇਖੀਏ ਦੋਨੋ ਦਿਵਾਨੇ ਤੇ ਫਕੀਰ ਮੋਹਤ ਹੋਰਹੇਹੈਂ) ਭਾਵ ਬਾਦਸਾਹ ਤੇ ਫਕੀਰ ਆਪਣੀ ੨ ਤਰਾਂ ਸੇ ਕਈ ਮਿਲਨਾ ਚਾਹੁਭੇਹੈ ਫਕੀਰ ਫਕੀਰੀਸੇ ਅਰੁ ਬਾਦਸਾਹ ਬਾਦਸਹੀਸੇ ਇਨ ਦੋਨੋਕੇ ਅੰਤ੍ਰ ਕੂਤ ਸਾਰਾਸੰਸਾਰਹੀ ਆਗਿਆ ਜੈਸੇ ਪਸੂਆਂਕੀ ਗਿਣਤੀਮੈ ਹਸਤੀ ਚੋਟੀ ਤੁਕ ਤੇ ਮਨੁਖਾਂਦੀ ਗਿਣਤੀਮੈ ਜੀਵਤੇ ਬ੍ਰਹਮਾ ਤਕ ਕਹਤੇ ਹੈਂ ਐਸੇ ਸਭੀਚਾ ਹੁਤੇਹੈਂ।੧। ਦੇਖੀਏਤਾਂ ਕਿਸਕੇ ਤਾਂਈ ਵਾਹਿਗੁਰੂ ਭਾਰੀ ਚਾਹੁਦਾਹੈ।੨।੨੦੧। ਪ੍ਰਸਨ ਏਹ ਉਤ੍ਰ ਤੋ ਆਪਨੌ ਗੋਲਸਾ ਕਹਤਾਹੈ ਤਾਂਤੇ ਇਸਕਾ ਨਿਰਨਾਕਰ ਕਹੀਏ ਉਤ੍ਰ

ਲੇਕਨਪੰਰ। ਅੰਦਰ ਜਾਹਰਨਾਮਬਾਹਰ। ਕਸੇਨਾਮਜੋਕੋਈ॥ ਤੋ ।ਸਫਾ।

ਮੂਲ॥ ਲੇਕਿ ਦਰ ਜਾਹਰਕਸੇ ਬਾਸ਼ਦ ਦਰੁਸਤ॥

ਆਂਕਿ ਆਰਦ ਮੁਰਸ਼ਦੇ ਕਾਮਲ ਬ ਦਸਤ॥

ਆਂਨਾਮਓਹੁ ਲਿਆਵਤਾਹੈ ਮੁਰਸੇਦੇਨਾਮਗੁਰ ਪੂਰਨ ਵਿਚ ਹਥ।

ਟੀਕਾ— ਹੇਭਾਈ ਯਦਪ ਚਾਹੁਤੇ ਤੋ ਦੋਨੋਹੀਹੈ, ਪ੍ਰੰਤੂ ਅੰਦ੍ਰੋ ਬਾਹਰੋ ਜੋਕੋਈ ਸਫਾ ਹੋਵੈ) ਭਾਵ ਨਿੰਮ੍ਰਿਭ ਅਰੁ ਭੈਕੇ ਸਹਤਹੋਵੈ ਜੋ।੧। ਓਹੁ ਲਿਆਵਤਾਹੈ ਪੂਰਨ ਗੁਰਾਂਕੋ ਬੀਚ ਹਾਥਕੇ ) ਭਾਵ ਜਬ ਗੁਰੂ ਪ੍ਰਸੰਨ ਹੋਵੈ ਤਬ ਪ੍ਰਮੇਸੁਰ ਕੀ ਪ੍ਰਾਪਤੀ ਹੋਤੀਹੈ।੨।੨੦੨।

Digitized by Panjab Digital Library | www.panjabdigilib.org

ਮੂਲ—ਦੀਨ ਦੁਨੀਯਾਂ ਹਰਦੁ ਫਰਮਾਂ ਦਾਰਿ ਓ ॥
ਹਰਿ ਦੁਆਲਮ ਸ਼ਾਇਕੇ ਦੀਦਾਰਿ ਓ

ਟੀਕਾ— ਸੁਰਗ ਆਦੀ ਲੋਕ ਅਰੁ ਮਾਤਲੋਕ ਦੋਨੋਂਕੇ ਜੀਵ ਹੁਕਮ ਰਖਨੇਵਾਲੇ ਉਸਕੇ ਹੈ । ਭਾਵ ਪ੍ਰਾਪਤੀ ਵਾਲੇਕਾ ਹੁਕਮ ਮਾਨਤੇ ਹੈਂ । ੧ । ਪੁਨਾ ਦੋਨੋ ਲੋਕਾਂਕੇ ਜੀਵ ਉਸਕੇ ਦ੍ਰਸਨਦੇ ਪ੍ਰੇਮੀ ਹੋਤੇਹੈਂ । ੨। ੨੦੩ ।ਸਿਧਾਂਤ

ਮੂਲ--ਹਰਕਿਰਾ ਉਲਫਤ ਜ਼ਿ ਨਾਮੇ ਹਕ ਬਵੱਦ ॥
ਦਰ ਹਕੀਕਤ ਆਰਫ ਮੁਤਲਕ ਬਵਦ

ਟੀਕਾ—ਇਸਰੀਤੀਸੇ ਜਿਸਕਿਸੇਕੇ ਤਾਂਈ ਸਚੇਨਾਮਸੇ ਪ੍ਰੀਤੀ ਹੋਤੀਹੈ।੧ ਉਸਕੇ ਹ੍ਰਿਦੇ ਬੀਚ ਅਦੁਤੀਕਾ ਗਜ਼ਾਨ ਹੋਤਾਹੈ । ਭਾਵ ਹਰੀਕੇ ਜਾਨਣੇ ਵਾਲ ਹੋਤਾਹੈ । ੨ । ੨੦੪ ।

ਮੂਲ-ਯਾਦਿ ਹਕ ਰਾ ਤਾਲਬੇ ਓ ਮੇਕੁਨੰਦ ॥
ਆਰਫ ਹਕ ਜ਼ੁਮਲਹ ਨੇਕੋ ਮੇਕੁਨੰਦ ।

ਟੀਕਾ— ਓਹ ਗਜ਼ਾਨਵਾਨ ਸਚੀਭਗਤੀਦਾ ਸਭੈਕੋ ਇਛਿਆਵਾਂਨ ਕਰਦਾਹੈ । ੧ । ਪੁਨਾ ਸਚਕੇ ਜਾਨਨੇ ਵਾਲੇ ਗਿਜ਼ਾਨਵਾਨ ਸਮਗ੍ਰ ਕਰਮ ਚੰਗਾਹੀ ਕਰਦੇਹੈਂ । ੨। ੨੦੫। ਸਿਧਾਂਤ

ਮੂਲ—ਹਕ ਹੁਮਾਂ ਬਾਸ਼ਦ ਕਿ ਬਾਸ਼ੀ ਬੰਦਹੇ ॥
ਬੇਅਦਬ ਦਾਯਮ ਜ਼ਿ ਹਕ ਸ਼ਰਮਿੰਦਹੇ

ਟੀਕਾ—ਸਚ ਦੇ ਜਾਣ ਨੇ ਵਾਲੇ ਓਹੁ ਹੈਂ ਜੋ ਹੋਵੈ ਦਾਸ । ਭਾਵੇਹ ਜੋ ਕਹੇ ਕੇ ਮੈ ਦਾਸ਼ਹਾਂ ਗੁਰਾਂ ਦਾ ਸੰਤਾ ਦਾ ਪ੍ਰਮੇਸਰ ਦਾ ਓਹੁ ਸਚ ਰੂਪ ਤੇ ਓਹੀ ਸਚਦੇ ਜਾਨਨੇ ਵਾਲਾ ਹੋਤਾ ਹੈ ॥ ੧ । ਅਰੁ ਬੇ ਅਦਬ ਪੁਰਸ ਹਮੇਸ਼ਾਂ ਸਚੇ ਸੇ ਸਰਮਿੰਦਾ ਹੋਤਾ ਹੈਂ । ਭਾਵ ਜੋ ਪੁਰਸ ਕੈਤਾ ਹੈ ਕੇ ਜੋ ਕੁਛ ਹੈ ਸੋ ਮੈਹੀਹਾਂ ਗੁਰੂ ਸੰਤ ਪ੍ਰਮੇਸਰ ਕਿਆਹੈਂ ਓਹੁ ਸਚੇ ਦੀ ਦਰਗਾਹ ਮੈ ਲਜਾਵਾਨ ਹੋਂਦਾ ਹੈ ਜਿਸ ਕਾਲ ਸਜਾ ਹੋਤੀ ਹੈ ਤਬ ਆਪਣੀ ਬਾਂਤਾਂਕੋ ਸੋਚਤਾਹੈ ਜੋ ਮੈ ਕਿਆ ਖੋਟਾ ਕੰਮ ਕੀਤਾ ਜਿਸ ਕਰ ਐਸੀ ਸਜਾ ਪਾਈ॥ ਉਸਕੀ ਤ੍ਰਫ ਦੇਖ ਕਰ ਧਰ ਮ

Digitized by Panjab Digital Library | www.panjabdigilib.org

ਹਾਜਾ ਐਸੇ ਕੇਹਦਾ ਹੈ ॥ ੨ ॥ ੨੦੬ ॥

**ਮੂਲ-ਉਮਰ ਆਂ ਬਾਸ਼ਦ ਕਿ ਓ ਦਰ ਯਾਦਿ ਰਫਤ ॥**
**ਉਮਰ ਨ ਬਵੱਦ ਆਂ ਕਿ ਓ ਬਰਬਾਦ ਰਫਤ ।**

ਟੀਕਾ—ਹੇ ਭਾਈ ਅਵਸਥਾ ਓਹੁ ਸਫਲੀ ਹੈ ਜੋ ਉਸਸਚੇ ਕੀ ਭਗਤੀ ਦੇ ਬੀਚ ਬੀਤਦੀਹੈ ਅਰੁ ਤੈਂ ਅਭਿਮਾਨ ਕਰਨੇ ਮੈ ਗਵਾਈ ॥ ੧ ॥ ਪੁਨਾ ਅਵਸਥਾ ਸਫਲ ਨਹੀ ਹੈ ਓਹੁ ਜੋ ਉਸਕੀ ਭਗਤੀਤੇ ਬਿਅਰਥ ਬੀਤਦੀ ਹੈ ॥ ੨ ॥ ੨੦੭ ॥

**ਮੂਲ-ਬੰਦਹ ਪੈਦਾ ਸ਼ੁਦ ਬਰਾਏ ਬੰਦਗੀ ॥**
**ਖੁਸ਼ ਇਲਾਜ਼ੇ ਹਸਤ ਬਹਿਰੇ ਜ਼ਿੰਦਗੀ ॥**

ਟੀਕਾ—ਹੇ ਭਾਈ ਏਹ ਮਾਨੁਖ ਜੋ ਸੰਸਾਰ ਮੈ ਉਤਪਤਿ ਹੂਆ ਹੈ ਸੋ ਵਾਸਤੇ ਭਗਤੀਦੇ ਹੂਆਹੈ । ਅਰੁ ਤੂੰ ਭਗਤੀ ਕਰੀਹੀ ਨਹੀ ਆਪਣੀ ਹੰਗਤਾ ਮੈਹੀ ਰਹਿਆ ॥ ੧ ॥ ਭਾਂਤੇ ਏਹੀ ਚੰਗੀ ਦਵਾਈ ਹੈ ਵਾਸਤੇ ਜੀਵਣੇਦੇ ਭਾਵੇਹ ਜੋ ਭਗਤੀ ਇਸਤਾੜਨਾਤੇ ਅਰੁ ਜਨਮ ਮਰਨੇਤੇ ਛੁਡਾਣੇ ਵਾਲੀ ਹੈ ਤਾਂਤੇ ਅਬਜਾਕਰ ਭਗਤੀ ਕਰੁ ਜਿਸਕਰ ਛੁਟ ਜਾਂਵੇ ॥ ੨ ॥ ੨੦੮ ॥

**ਮੂਲ-ਏ ਖੁਸ਼ਾ ਚਸ਼ਮੇ ਕਿ ਦੀਦਹ ਰੋਇ ਓ ॥**
**ਬੰਦਗੀਅਸ ਜ਼ੁਮਲਹ ਮਕਬੂਲ ਨਿਕੋ**

ਟੀਕਾ—ਐ ਪਿਆਰੇ ਓਹੁ ਨੇਤ੍ਰ ਚੰਗੇ ਹੈ ਜੋ ਦੇਖਦੇ ਹੈਂ ਮੁਖ ਉਸ ਸਚੇ ਕਾ । ਭਾਵ ਜੋ ਸਚੇਕੋ ਸਰਬ ਰੂਪ ਕਰ ਦੇਖਦੇਹੈਂ ਸਚੇ ਬਿਨਾ ਹੋਰ ਕੋਈ ਨਹੀ ਦੇਖਦੇ ਪ੍ਰਮਾਣ ਏਹ ਜਗਤ ਹਰਿ ਕਾ ਰੂਪ ਹਰਿ ਬਿਨ ਹੋਰ ਨ ਦੇਖੋ ਕੋਈ ॥ ੧ ਪੁਨਾ ਏਹ ਭਗਤੀ ਉਸ ਸਚੇ ਕੀ ਸਮਗ੍ਰ ਬ੍ਰਹਮਾ ਬਿਸਨ ਆਦੀਆਂ ਦੇਵਤਿਆਂ ਕੋ ਚੰਗੀ ਮਨ ਭਾਂਵਦੀ ਹੈ । ਭਾਵ ਇਸ ਭਗਤੀ ਕਰ ਸਭੀ ਕ੍ਰਿਪਾ ਕਰਤੇ ਹੈ ਅਰੁ ਆਦਰ ਦੇਤੇ ਹੈਂ ਤਾਂਤੇ ਭਗਤੀ ਕਰੀਏ ॥ ੨ ॥ ੨੦੯ ॥

**ਮੂਲ—ਈਂ ਜਹਾਨੋ ਆਂ ਜਹਾਂ ਅਜ਼ ਹਕ ਪੁਰਸਤ ॥**
**ਲੇਕਿ ਆਂ ਮਰਦੇ ਬ ਆਲਮ ਕਮਤਰ ਅਸਤ ॥**

Digitized by Panjab Digital Library | www.panjabdigilib.org

ਟੀਕਾ—ਓਹੁ ਭਾਈ ਜੀ ਕਹਤੇ ਹੈ ਮੈਂ ਡਸੇ ਏਹ ਲੋਕ ਅਰੁ ਓਹੁ ਲੋਕ ਸਚੇ ਸੇ ਪੂਰਨ ਹੈਂ। ਭਾਵ ਸਚੇ ਬ੍ਰਹਮ ਕੋ ਪੂਰਨ ਜਾਨਨਾ ਏਹ ਭਗਤੀ ਕਾ ਮੁਖ ਸਾਧਨ ਹੈ ॥ ੧ ॥ ਯਦਪ ਹੈ ਤੌ ਪੂਰਨ ਪ੍ਰਭੂ ਜੋ ਜਾਨਣੇ ਵਾਲੇ ਹੈਂ ਓਹੁ ਸੰਤ ਬੀਚ ਸੰਸਾਰਦੇ ਅਤੀ ਥੋੜ੍ਹੇ ਹੈ ॥ ੨ ॥ ੨੧੦ ॥ ਪ੍ਰਸਨ ਯਦਪ ਥੋੜ੍ਹੇ ਹੈਂ ਪਰ ਉਨਕਾ ਕੋਈ ਚਿੰਨ ਤੋ ਕਹੀਏ ਜਿਸਕਰ ਜਾਨ ਲੇਵੈ ਉਤ੍ਰ

**ਮੂਲ—ਹਰਕਸੇ ਕੌਬਾ ਖੁਦਾ ਹਮਰੰਗ ਸ਼ੁਦ ॥**
**ਵਸਿਫ਼ ਉ ਦਰ ਮੁਲਕਰੂਮੋ ਜ਼ੰਗ ਸ਼ੁਦ ॥**

ਟੀਕਾ—ਜੋ ਕੋਈ ਸਾਥ ਵਾਹਿਗੁਰੂਦੇ ਤਦਰੂਪ ਹੂਆ ਹੈ। ਭਾਵ ਓਹੁ ਜਾਨਦਾ ਹੈ। ੧। ਪੁਨਾ ਸਿਫਤ ਉਸਕੀ ਅੰਦਰ ਦੇਸ ਰੂਮ ਅਰੁ ਸਾਮਦੇ ਹੋਤੀ ਹੈ। ਭਾਵ ਸਭ ਕੋਈ ਸਿਫਤ ਕਰਦਾ ਹੈ। ੨। ੨੧੧।

**ਮੂਲ—ਮਾਇਨੀਏ ਯਕ ਰੰਗੀ ਆਮਦ ਸ਼ਉਕਿ ਹਕ ॥**
**ਬੰਦਹ ਰਾ ਅਰਾਮ ਅੰਦਰ ਜ਼ਉਕਿ ਹਕ ॥**

ਟੀਕਾ—ਅਰਥ ਤਦਰੂਪ ਹੋਣੇਦਾ ਏਹ ਆਯਾ ਹੈ ਜੋ ਸਚੇਕਾ ਪ੍ਰੇਮ ਹੈ। ੧। ਪੁਨਾ ਇ ਪ੍ਰੇਮ ਕੈਸਾ ਹੈ ਜੋ ਦਾਸਾਂਕੋ ਤਾਂਈ ਆਨੰਦ ਹੋਤਾ ਹੈ ਸਚੇ ਕੇ ਪ੍ਰੇਮ ਹੀ ਬੀਚ। ੨। ੨੧੨।

**ਮੂਲ—ਓ ਬ ਰੰਗੇ ਸਾਹਿਬੀ ਬਾ ਇਜ਼ੁ ਜਾਹ ॥**
**ਮਾਂ ਬ ਰੰਗੇ ਬੰਦਗੀ ਅੰਦਰ ਪਨਾਹ ॥**

ਟੀਕਾ—ਹੇ ਭਾਈ ਓਹੁ ਸੰਤ ਸਾਥ ਪ੍ਰਕਾਰ ਪਾਤਸਾਹੀਕੀ ਵਡਿਆਈਕੇ ਹੈਂ ਅਰੁ ਸਾਥ ਸੰਤ ਪਦ ਮ੍ਰਾਤਬੇ ਕੇ ਹੈ ਭਗਤੀ ਕਰਕੇ। ੧। ਅਰੁ ਮੈ ਸਾਥ ਪ੍ਰਕਾਰ ਭਗਤੀ ਕੇ ਉਨਾ ਦੇ ਆਸਰੇ ਅੰਦਰ ਹਾਂ। ਭਾਵ ਹਮਾਰੇ ਮੈ ਭਗਤੀ ਹੈ ਨਹੀ ਉਨਕੇ ਪੀਛੇ ਹਮਾਰਾ ਨਾਮ ਐਂਵੇ ਭਾਈ ਪੜ ਗਯਾ ਹੈ। ੨। ੨੧੩।

**ਮੂਲ—ਓ ਬਾ ਰੰਗੇ ਸਾਹਿਬੀ ਫਰਮਾਂ ਰਵਾਂ ॥**
**ਮਾਂ ਬਰੰਗੇ ਬੰਦਗੀ ਨਿਜ਼ਦਸ਼ ਗਦਾ ॥**

ਟੀਕਾ—ਓਹ ਸਾਥ ਰੰਗ ਪਾਤਿਸਾਹੀ ਕੇ ਹੁਕਮ ਚਲਾਨੇ ਵਾਲੇ ਹੈਂ। ਭਾਵ

Digitized by Panjab Digital Library | www.panjabdigilib.org

ਓਹ ਸਮਰਥ ਅਰੁ ਦਾਤੇਹੈਂ।੧। ਅਰੁ ਮੈਂ ਭੰਗਤੀ ਦੇ ਰੰਗ ਵਿਚ ਨਜੀਕ ਅਗੇ ਉਨਾਂਕੇ ਗਰੀਬ ਮੰਗਤਾਹਾਂ। ਜੈਸੇ ਗਰੀਬ ਮੰਗ ਤੂੰਗਕੈ ਗੁਜਾਰਾ ਕਰਦੇ ਹੈ ਐਸੇ ਮੈ ਟਹਲ ਸੇਵਾ ਥੋੜੀ੨ ਕਰਕੇ ਗੁਜਾਰਾ ਕਰਦਾ ਹਾਂ ਅਥਵਾ ਓਹੁ ਪ੍ਰੇਮ ਕਰਕੇ ਵਿਚ ਪਾਤਸਾਹੀਦੇ ਸਾਥ ਵਡਿਆਈਕੇ ਅਰ ਮਰਾਤਬੇਕੇ ਹੋਏਹੈ।੧। ਅਰੁ ਮੈ ਵਿਚ ਪ੍ਰੇਮਾਂ ਭਗਤੀ ਦੇ ਉਨਾਂ ਕੇ ਆਸਰੇ ਅੰਦਰ ਹਾਂ।੨। ਪੁਨਾ ਓਹ ਪ੍ਰੇਮ ਕਰਕੇ ਉਪਰ ਪਾਤਿਸਾਹੀ ਦੇ ਹੁਕਮ ਚਲਾਵਨੇਵਾਲੇ ਹੂਏਹੈਂ।੧। ਅਰੁ ਮੈ ਪ੍ਰੇਮਾਭਗਤੀ ਦੇ ਵਿਚ ਨਜੀਕ ਉਨਾਂਦੇ ਗਰੀਬ ਮੰਗਤਾਹਾਂ ਤਾਂਤੇ ਵਾਹਿ ਗੁਰੂ ਕ੍ਰਿਪਾ ਕਰੇ ਤਾਂ ਪ੍ਰੇਮਾਭਗਤੀ ਮਿਲੇ ਮੇਰੇ ਕੋ।੨।੨੧੪।

**ਮੂਲ—ਉਮਰ ਹਾ ਜੋਯਾਇ ਈਂ ਦਉਲਤ ਸ਼ੁਦੰਦ॥**
**ਸਾਲ ਹਾ ਮੁਸ਼ਤਾਕ ਈਂ ਸੁਹਬਤ ਸ਼ੁਦੰਦ॥**

ਟੀਕਾ—ਹੇ ਭਾਈ ਆਪਨੇ ਆਪ ਬੌਤ ਅਵਸਥਾ ਢੂੰਢਨੇ ਵਾਲੇ ਹੂਏਇਸ ਪ੍ਰੇਮਾਂ ਭਗਤੀ ਰੂਪੀ ਦੌਲਤ ਕੋ।੧। ਪੁਨਾ ਬੌਤੇ ਬਰਸ ਮੋਹਤ ਹੂਏ ਹੈ ਇਸੀ ਤਰਾਂ ਸੰਤਾਂ ਕੀ ਸੰਗਤਿ ਉਪਰ।ਭਾਵ ਸੰਗਤ ਕਰਨੇ ਸੇ ਭੰਗਤੀ ਪ੍ਰਾਪਤਿ ਹੋਤੀ ਹੈ।੨।੨੧੫॥

**ਮੂਲ-ਹਰਕਸੇ ਰਾ ਜ਼ਰਹ ਜਾਂ ਬਾਸ਼ਦ ਨਸੀਬ॥**
**ਆਂ ਬਖ਼ੂਬੀ ਗਸ਼ਤ ਖ਼ੁਰਸ਼ੇਦੇ ਨਜ਼ੀਬ॥**

ਟੀਕਾ—ਤਾਂਤੇ ਜਿਸ ਕਿਸੀਕੇ ਭਾਈ ਰੰਚਕਭਰਭੀ ਓਹ ਪ੍ਰੇਮਾਂ ਭਗਤੀ ਪ੍ਰਾਪਤਿ ਹੋਈ ਹੈ।੧। ਓਹ ਪੁਰਸ ਸਾਥ ਭਲਿਆਈਦੇ ਹੂਆਹੈ ਸੂਰਜ ਅਜੈਬ। ਭਾਵ ਪ੍ਰਮੇਸਰ ਰੂਪ ਹੁਆ ਹੈ।੨।੨੧੬।ਸਿਧਾਂਤ।

**ਮੂਲ-ਗ਼ੈਰ ਓ ਯਾਂਨੇ ਜ਼ਿ ਹਕ ਗਫ਼ਲਤ ਬਵੱਦ॥**
**ਯਾਦਿ ਓ ਸਰਮਾਯਹੇ ਦਉਲਤ ਬਵੱਦ**

ਟੀਕਾ—ਬਿਨਾ ਉਸ ਸੱਚੇ ਕੇ ਜਾਣਨੇ ਸੇ ਪ੍ਰਮਾਦਤਾ ਹੈ। ਭਾਵ ਨਾਮ ਤੇ ਬਿਨਾ ਜੋ ਕੁਛ ਕਰਮ ਕਰਨਾ ਹੈ ਸੋ ਮੂਰਖਤਾਸੇ ਕਰਨਾ ਹੈ।੧। ਕਿਉਂਜੋ ਭਗਤੀ ਉਸਕੀ ਪੂੰਜੀ ਧੰਨਕੀ ਹੈ। ਭਾਵ ਭਗਤੀ ਸੇ ਗੁਣ ਰਿਧੀ ਸਿਧੀ ਸਭ ਪ੍ਰਾਪਤਿ ਹੋਜਾਤੇ ਹੈ ਤੇ ਹੋਰ ਕਰਮ ਕੀਤੇ ਹੂਏ ਬਿਅਰਥ ਜਾਤੇ ਹੈਂ ਪ੍ਰਮਾਣ ਹਰਿ ਬਿਨ ਅਵਰ ਕ੍ਰਿਆਂ ਬਿਰਥੇ। ਜਪ ਤਪ ਸੰਜਮ ਕਰਮ ਕਮਾਣੇ ਇਹ ਉਰੈ ਮੂਸੈ।੨।੨੧੭।

Digitized by Panjab Digital Library | www.panjabdigilib.org

ਮੂਲ-ਦੀਦਨੇ ਓ ਤਾ ਮੁਯਸਰ ਮੇਸਵੱਦ ॥
ਸੁਹਬਤੇ ਮਰਦਾਂ ਤਅਸਰ ਮੇਸਵੱਦ ॥

ਟੀਕਾ—ਦੇਖਣਾ ਉਸਕਾ ਤਬ ਪ੍ਰਾਪਤਿ ਹੋਤਾ ਹੈ ।੧। ਸੰਤਾਂ ਕੀ ਸੰਗਤਿ ਕਾ ਅਸਰ ਜੋ ਕਰ ਹੋਵੇ। ਭਾਵ ਸੰਗਤਿ ਕਰਕੇ ਗੁਣ ਧਾਰਨ ਕਰੇ ਭੰਗਤੀ ਕਰੇ।੨।੨੧੮।

ਮੂਲ-ਹਰਕਿ ਹਕ ਦਰ ਦਿਲ ਅੰਗਰ ਮਾਵਾ ਕੁਨੱਦ ।
ਦਰ ਬਨ ਹਰ ਮੂਏ ਓ ਹਕ ਜਾ ਕੁਨਦ ॥

ਟੀਕਾ—ਜੋ ਕੋਈ ਦਿਲਦੇ ਅੰਦਰ ਸਚੇ ਦਾ ਜਬ ਟਿਕਾਣਾ ਕਰਦਾ ਹੈ ਭਾਵ ਨਾਮ ਜਪਨ ਮੇ ਤਦਾਕਾਰ ਹੋਤਾ ਹੈ ।੧।ਤਬ ਉਸਕੇ ਹਰ ਇਕ ਰੋਮ ਦੀ ਜੜ ਬੀਚ ਸਚਾ ਜਾਗਾ ਕਰਦਾ ਹੈ। ਭਾਵ ਉਸਕੋ ਨਾਮ ਮੈਲੀਨ ਕਰਦਾ ਹੈ ਪ੍ਰਮਾਨ ਗੁਰਮੁਖਿ ਰੋਮ ਰੋਮ ਹਰਿ ਧਿਆਵੈ। ਸਾਖੀ ਹਨੂਮਾਨ ਕੀ ਮਣੀਆ ਤੋੜਨ ਵਾਲੀ।੨।੨੧੯।

ਮੂਲ-ਹਰਕਿ ਖੁਦ ਰਾ ਸੂਇ ਹਕ ਮੇਆਰਦਸ਼ ॥
ਅਜ਼ ਰੁਖ਼ੇ ਓ ਨੂਰ ਹਕ ਮੇਬਾਰਦਸ਼ ॥

ਟੀਕਾ—ਤਾਂਤੇ ਹੇ ਭਾਈ ਜੋਕੋਈ ਆਪਣੇ ਆਪ ਕੋ ਤਰਫ ਸਚੇ ਕੀ ਲਿਆਂਵਦਾ ਹੈ ।੧। ਉਸਕੇ ਮੁਖ ਸੇ ਸੁਚੇ ਕਾ ਪ੍ਰਕਾਸ ਬਰਸਦਾ ਹੈ।੨।੨੨੦।

ਮੂਲ—ਈ ਹਮਹ ਫਜ਼ਲੇ ਜ਼ਿ ਫ਼ੈਜ਼ੇ ਸੁਹਬਤੇ ਅਸਤ ॥
ਸੁਹਬਤੇ ਮਰਦਾਨ ਹਕ ਖ਼ੁਸ਼ ਅਨਵਰ ਅਸਤ ॥

ਟੀਕਾ—ਏਹ ਤਮਾਮ ਆਨੰਦ ਔ ਪ੍ਰਾਪਤੀ ਆਦੀ ਗੁਣ ਸੰਗਤਿ ਕੀ ਕ੍ਰਿਪਾ ਕੇ ਪ੍ਰਤਾਪ ਸੇ ਹੋਤੇ ਹੈਂ ।੧। ਇਸੀ ਤੇ ਸਚੇ ਵਾਹਿਗੁਰੂ ਕੇ ਸੰਤਾ ਕੀ ਸੰਗਤਿ ਚੰਗੀ ਪ੍ਰਕਾਸੀ ਹੈ। ਭਾਵ ਸੁਭ ਜਗ ਮੇ ਪ੍ਰਗਟ ਹੋ ਰਹੀ ਹੈ ।੨।੨੨੧।

ਮੂਲ-ਹੇਚ ਕਸ ਅਜ਼ ਹਾਲ ਸ਼ਾਂ ਆਗਾਹ ਨੇਸਤ ॥

ਹਰਕਿ ਹੋ ਮਿਹਰਾ ਦਰਾਂਜਾ ਰਾਹਿ ਨੇਸਤ

ਟੀਕਾ—ਕੁਛ ਭੀ ਕੋਈ ਉਨਾਂ ਸੰਤਾਂ ਕੇ ਹਵਾਲ ਸੇ ਵਾਕਫ ਨਹੀਂ ਹੈ ਭਾਵ ਸੰਤਾਂਕਾ ਕੋਈ ਭੇਦ ਨਹੀਂ ਜਾਨ ਸਕਤਾ । ੧ । ਜੋ ਕੋਈ ਹੈ ਨਿਕਾ ਅਥਵਾ ਵਡਾ ਉਸਕੋ ਬੀਚ ਉਸ ਜਾਗਾ ਦੇ ਰਸਤਾ ਨਹੀ ਹੈ । ਭਾਵ ਗਰੀਬ ਅਮੀਰ ਕੋਈ ਭੀ ਸੰਤਾਂ ਦੇ ਮਰਾਤਬੇ ਕੋ ਨਹੀਂ ਪਾ ਸਕਤਾ । ੨ । ੨੨੨ ।

ਮੂਲ—ਦਰ ਨਜ਼ਰ ਆਯੰਦ ਚੁੰ ਜ਼ਾਤੇ ਅੱਲਾਹ ॥
ਦਰ ਹਕੀਕਤ ਹਰਦੋ ਆਲਮ ਰਾ ਪਨਾਹ

ਟੀਕਾ—ਬੀਚ ਨਿਗਾ ਦੇ ਦੇਖਣੇ ਮੇ ਆਂਵਦੇ ਹੈਂ ਮਾਨਿੰਦ ਸਰੂਪ ਅਲਖ ਦੇ । ਭਾਵ ਪ੍ਰਮੇਸਰ ਰੂਪ ਦੇਖੀਦੇ ਹਨ । ੧ । ਇਸ ਹੇਤੂ ਕਰ ਬੀਚ ਸਚ ਦੇ [illegible] ਦੋਨੋ ਲੋਕਾਂ ਦਾ ਆਸਰਾ ਹੈਂ । ੨ । ੨੨੩ ।

ਮੂਲ—ਦਰ ਕਸਬ ਬਾਸ਼ੰਦ ਆਜ਼ਾਦ ਅਜ਼ ਕਸਬ ॥
ਉਮਰ ਗੁਜ਼ਰਾਨੰਦ ਅੰਦਰ ਯਾਦ ਰਬ ॥

ਟੀਕਾ—ਬਾਹਰੋਂ ਦੇਖਨੇ ਮੈਂ ਬੀਚ ਕੰਮਾਂ ਦੇ ਦੇਖੀਦੇ ਹਨ ਅਰੁ ਅੰਦਰੋਂ ਨਿਆਰੇ ਹੈਂ ਕੰਮਾਂ ਸੇ । ੧ । ਇਸ ਤੇ ਜੋ ਅਵਸਥਾ ਬੀਤਾਂਵਦੇ ਹੈਂ ਵਾਹਿਗੁਰੂ ਕੀ ਭਗਤੀ ਬੀਚ । ੨ । ੨੨੪ ।

ਮੂਲ—ਖੇਸ਼ ਰਾ ਚੂੰ ਮੋਰ ਬਿਸਨਾਸ਼ੰਦ ਸ਼ਾਂ ॥
ਦਰ ਹਕੀਕਤ ਬਿਹਤਰਜ਼ ਪੀਲੇ ਦਮਾਂ

ਟੀਕਾ—ਆਪਣੇ ਆਪ ਕੇ ਤਾਂਈ ਮਾਨਿੰਦ ਕੀੜੀ ਦੇ ਗਰੀਬ ਪਛਾਣਦੇ ਹੈਂ ਓਹ ਸੰਤ । ੧ । ਬੀਚ ਸਚ ਦੇ ਚੰਗੇ ਹੈਂ ਮਸਤ ਹਾਥੀ ਕੇ ਸਮ । ਭਾਵ ਸਚੇ ਦੇ ਜਾਨਣੇ ਮੈ ਸਹਰ ਗੰਭੀਰ ਹੈ । ੨ । ੨੨੫ ।

ਮੂਲ—ਹਰਕਿ ਮੇਬੀਨੀ ਹਮਹ ਹੈਰਾਨ ਸ਼ਾਂ ॥
ਸ਼ਾਨ ਸ਼ਾਂ ਬਰਤਰ ਬਵੱਦ ਅਜ਼ ਇਮਤਹਾਂ

ਟੀਕਾ—ਜੋ ਕੋਈ ਦੇਖਦਾ ਹੈ ਉਨਾਂ ਦੀ ਰੀਤੀ ਕੋ ਤਮਾਮ ਅਸਚਰਜ ਹੋਂਦੇ ਹੈਂ । ੧ । ਵਡਿਆਈ ਉਨਾਂ ਕੀ ਬਿਲੰਦ ਹੈ ਆਦ ਅੰਤ ਸੇ । ਭਾਵ ਸਦਾ ਹੋਰਹੀ ਹੈ । ੨ । ੨੨੬ ।

Digitized by Panjab Digital Library | www.panjabdigilib.org

ਨਹਦਾਨ ਹੁਕ ਬਾਸ਼ਦ ਕਰਮ ॥
ਦਉਲਤੇ ਕਾਰਾਂ ਨ ਬਾਸ਼ਦ ਹੇਚ ਗਮ ॥

ਟੀਕਾ—ਪੁਨਾ ਸੰਗਤਿ ਐਸੇ ਸੰਤਾਂ ਦੀ ਸਚੇ ਦੀ ਕ੍ਰਿਪਾ ਸੇ ਪ੍ਰਾਪਤਿ ਹੋਤੀ ਹੈ।੧। ਜੇ ਕਰ ਪ੍ਰਾਪਤਿ ਹੋ ਜਾਵੇ ਤਾਂ ਫੇਰ ਉਸ ਸੰਗਤਿ ਰੂਪੀ ਧੰਨ ਕੇ ਤਾਈਂ ਕੁਛ ਭੀ ਗੰਮ ਨਹੀਂ ਹੈ। ਭਾਵ ਬਿਅਰਥ ਨਹੀਂ ਜਾਤੀ ਆਪਣਾ ਫਲ ਦੇਂਦੀ ਹੈ।੨।੨੨੭।

ਮੂਲ-ਖੁਰਦ ਬਜ਼ੁਰਗੋ ਹਰਕਸੇ ਬਾ ਸਾਂ ਨਿਸ਼ੱਸਤ ।
ਉ ਬਜ਼ੁਰਗੀ ਯਾਫ਼ਤ ਤਾ ਹਰ ਜਾ ਕਿ ਹਸਤ ॥

ਟੀਕਾ—ਛੋਟਾ ਬੜਾ ਜੋ ਕੋਈ ਸਾਥ ਉਨਕੇ ਬੈਠਾ ਹੈ। ਭਾਵ ਜਿਸਨੇ ਸੰਗਤਿ ਕੀਤੀ ਹੈ।੧। ਉਸ ਕਿਸੀ ਨੇ ਤਬ ਬਜ਼ੁਰਗੀ ਪਈ ਹੈ ਹਰ ਜਗਾ ਮੈ।੨।੨੨੮। ਪ੍ਰਸ਼ਨ ਭਗਤੀ ਕਾ ਸਰੂਪ ਕਿਆ ਹੈ ਓਹ ਕਹੀਏ ਜਿਸਕੋ ਜਾਨਕੇ ਭਗਤੀ ਕਰੀਏ। ਉਤਰ

ਮੂਲ-ਹਰਕਸੇਕੋ ਖੇਸ਼ ਰਾ ਬਿਸ਼ਨਾਖ਼ਤਹ ॥
ਦਰ ਤਰੀਕੇ ਬੰਦਗੀ ਪਰਦਾਖ਼ਤਹ

ਟੀਕਾ—ਜੋ ਕੋਈ ਆਪਣੇ ਆਪ ਤਾਂਈ ਪਛਾਣਦਾ ਹੈ।੧। ਓਹ ਬੀਚ ਰਸਤੇ ਭਗਤੀ ਦੇ ਚੜ੍ਹਿਆ ਹੈ। ਭਾਵ ਉਸਨੇ ਪੂਰਨ ਭਗਤੀ ਪਾਈ ਹੈ ॥੨॥੨੨੯॥

ਮੂਲ-ਈਂ ਜ਼ਮੀਨੋ ਆਸਮਾਂ ਪੁਰ ਅਜ਼ ਖ਼ੁਦਾਸਤ ॥
ਆਲਮੇ ਹਰ ਸੂ ਦਵਾਂ ਕਾ ਸੁਹਿ ਕਜਾਸਤ ।

ਟੀਕਾ—ਸਿਧਾਂਤ ਸਾਧਾਰਨ ਸਾਂਝਾ ਉਪਦੇਸ਼ ਕਹਤੇ ਹੈ। ਹੇ ਭਾਈ ਭਗਤ ਐਸੇ ਜਾਨਤੇ ਹੈਂ ਜੋ ਏਹ ਧਰਤੀ ਅਰੁ ਆਕਾਸ਼ ਵਾਹਿਗੁਰੂ ਸੇ ਪੂਰਨ ਹੈ।੧। ਅਰੁ ਏਹ ਲੋਕ ਵਾਹਿਗੁਰੂ ਨੂੰ ਭੁਲਾ ਕਰ ਹਰ ਇਕ ਦੇਵੀ ਦੇਵਤੇ ਮੜੀਆਂ ਕੀ ਤਰਫ ਦੌੜਦੇ ਹੈਂ ਅਰੁ ਪੁਛਨੇ ਸੇ ਕੈਂਹਦੇ ਹਨ ਜੋ ਓਹ ਵਾਹਿਗੁਰੂ ਕਥੇ ਹੈ ਜਿਸ ਨੂੰ ਪੂਰਨ ਕੈਂਦੇ ਹਨ ਪ੍ਰਭੂ ਬਿਆਪਕ ਜਾਨਕੇ ਭਜਨ ਨਹੀ ਕਰਦੇ॥੨॥੨੩੦॥

Digitized by Panjab Digital Library | www.panjabdigilib.org

ਮੂਲ-ਦੀਦਹ ਬਰ ਦੀਦਾਰ ਹਕ ਗਰ ਮੁਖਤਸ਼
ਹਰਚਿ ਮੇਬੀਨੀ ਬੇਚਸਮਤ ਹਕ ਨੁਮਾਂਸਤ ॥

ਟੀਕਾ-ਨੇਤ੍ਰ ਸਚੇ ਦੇ ਸਰੂਪ ਉਪਰ ਜੇਕਰ ਮੋਹਤ ਹੋਵਣ ।੧। ਤਾਂ ਫੇਰ ਜੋ ਕੁਛ ਦੇਖੀਦਾ ਹੈਂ ਓਹ ਬੀਚ ਨੇਤਰਾਂ ਦੇ ਸਚ ਹੀ ਦੇਖੇਂ ਹੂੰ । ਭਾਵ ਐਸੇ ਸੰਤਾਂ ਦੀ ਦ੍ਰਿਸਟੀ ਪ੍ਰਮੇਸਰ ਮੈ ਤਦਰੂਪ ਹੋਈ ਹੁੰਦੀ ਹੈ ਇਸ ਤੇ ਪ੍ਰਮੇਸਰ ਰੂਪ ਕਹੀਦੇਂ ਹੈ ।੨।੨੩੧।

ਮੂਲ-ਹਰਕਿ ਸਾਰਾ ਦੀਦ ਹਕ ਰਾ ਦੀਦਹ ਅਸਤ ॥
ਓ ਤਰੀਕੇ ਬੰਦਗੀ ਫਹਮੀਦਹ ਅਸਤ ॥

ਟੀਕਾ-ਜਿਸ ਕਿਸੀ ਨੇ ਉਨਾਂ ਕੇ ਤਾਂਈ ਦੇਖਿਆ ਹੈ ਉਸਨੇ ਸਚੇ ਕੇ ਤਾਂਈਂ ਦੇਖਿਆ ਹੈ ।੧। ਪੁਨਾ ਉਸਨੇ ਹੀ ਰਸਤਾ ਭਗਤੀਕਾ ਪਛਾਨਿਆ ਹੈ ।੨।੨੩੨।

ਮੂਲ-ਤਰਜ ਯਕ ਰੰਗੀ ਅਜਬ ਰੰਗ ਆਰਦਸ਼ ॥
ਕਜ਼ ਬਦਨ ਨੂਰੇ ਖੁਦਾ ਮੇਬਾਰਦਸ਼ ॥

ਟੀਕਾ-ਰੀਤੀ ਇਕ ਭਗਤੀ ਦੇ ਪ੍ਰੇਮ ਦੀ ਅਸਚਰਜ ਆ[illegible] ਲਿਆਈਹੈ ਉਸਨੂੰ । ਭਾਵ ਬ੍ਰਹਮਾਨੰਦ ਪ੍ਰਾਪਤਿ ਹੂਆ ਹੈ ।੧। ਮੁਖ ਉਸ ਕੇ ਸੇ ਪ੍ਰਕਾਸ ਵਾਹਿਗੁਰੂ ਦਾ ਬਰਸਦਾ ਹੈ ।੨।੨੩੩।

ਮੂਲ-ਓ ਬਰੰਗੇ ਸਾਹਿਬੀ ਈ ਹਸਤ ਬੂਦ ॥
ਬੰਦਗੀ ਦਾਯਮ ਬਾ ਆਦਾਬੇ ਸਜੂਦ ॥

ਟੀਕਾ-ਪ੍ਰਸਨ ਓਹ ਸੰਤ ਗੁਰੂ ਸਾਥ ਰੰਗ ਸਾਹਿਬੀ ਦੇ ਹੈਂ ਅਰੁ ਏਹ ਜੋ ਜਗਯਾਸੂ ਹੂਏਹੈਂ ਇਨਾਂ ਨੂ ਕਿਆ ਕਰਮ ਕਰਨਾ ਚਾਹੀਏ ।੧। ਉਤਰ ਜਗਯਾਸੂ ਸਿਖ ਭਗਤੀ ਕਰੈਂ ਹਮੇਸਾਂ ਪੁਨਾਂ ਸਾਥ ਅਦਬ ਦੇ ਨਿਮਸਕਾਰਾਂ ਕਰੈਂ ਸੰਤਾਂ ਕੋ ਗੁਰਾਂ ਕੋ ।੨।੨੩੪।

ਮੂਲ-ਸਾਹਿਬੀ ਬਾ ਸਾਹਿਬਾਂ ਜ਼ੇਬਦ ਮੁਦਾਮ ॥
ਬੰਦਹ ਰਾ ਦੂਰ ਬੰਦਗੀ ਬਾਸ਼ਦ ਕਿਯਾਮ ॥

Digitized by Panjab Digital Library | www.panjabdigilib.org

ਟੀਕਾ— ਵਡਿਆਈ ਸਾਥ ਸੰਤਾ ਗੁਰ ਅਵਤਾਰਾਂ ਕੇ ਸੋਭਾ ਦੇਂਦੀਹੈ ਹਮੇਸਾਂਹੀ ।੧। ਅਰੁ ਦਾਸਾਂ ਜਗਯਾਸੂਆਂ ਭਗਤਾਂ ਕੇ ਤਾਂਈ ਅੰਦਰ ਭਗਤੀ ਦੇ ਹੋਵੈ ਇਸਥਿਰਤਾ। ਭਾਵ ਭਗਤੀ ਕਰੈਂ ਨਿਮਰਤਾ ਧਾਰੈਂ।੨।੨੩੫।

**ਮੂਲ—ਸਾਹਿਬਾਂ ਰਾ ਸਾਹਿਬੀ ਬਾਸ਼ਦ ਸੁਆਰ**
**ਬੰਦਹ ਰਾ ਦਰ ਬੰਦਗੀ ਫਸਲੇ ਬਹਾਰ ॥**

ਟੀਕਾ—ਸੰਤਾਂ ਗੁਰਾਂ ਤਾਈਂ ਵਡਿਆਈ ਦਾ ਹੋਵੈ ਹੈ ਸੁਭਾਵ ।੧। ਅਰੁ ਦਾਸਾਂ ਕੇ ਤਾਈ ਅੰਦਰ ਭਗਤੀ ਦੇ ਆਨੰਦ ਖੁਸੀ ਹੋਵੈ ਹੈ ਵ ਨਵੀਨ ਤੇ ਨਵੀਨ ਆਨੰਦ ਹੋਤਾ ਹੈ।੨।੨੩੬।

**ਮੂਲ—ਸਾਹਿਬਾਂ ਰਾ ਸਾਹਿਬੀ ਦਾਯਮ ਬਵੱਦ ॥**
**ਬੰਦਹ ਹਮ ਦਰ ਬੰਦਗੀ ਕਾਯਮ ਬਵੱਦ ॥**

ਟੀਕਾ—ਸੰਤਾਂ ਗੁਰਾਂ ਤਾਈਵਡਿਆਈ ਹਮੇਸਾਂ ਹੋਵੈਹੈ)ਭਾਵ ਮਿਲਦੀਹੈ ।੧। ਤਮਾਮ ਦਾਸ ਬੀਚ ਭਗਤੀ ਦੇ ਇਸਥਿਰ ਹੋਵੈਹੈ। ਭਾਵ ਇਸਥਿਰ ਹੋਤੇ ਹੈ ਹੋਣਾ ਚਾਹੀਦਾ ਹੈ ਨਿਸਚੇ ਸੇਂ।੨।੨੩੭। ਐਸਾ ਉਪਦੇਸ ਜਬ ਭਾਈ ਨੇ ਤ ਕੋ ਸੁਨਾਯਾ ਤਬ ਉਤਮਤੋ ਮਗਨ ਹੋਗਏ ਅਰੁਮਧਮ ਆਪਸਮੇ ਬੀਚਾਰ ਕਰਨੇ ਲਗਗਏ ਅਰੁ ਕਨਿਸਟਤੇ ਅਧਮ ਉਦਾਸ ਹੋਕਰ ਛਉਰਛਉਰ ਹੋਏ ੨ ਯਾਦੀ ਖਿਚ ਸੇ ਉਠਨੇ ਲਗੇ ਤਬ ਭਾਈਜੀ ਤਿਨਾਂ ਦੀ ਬਵਸਥਾ ਦੇਖਕਰ ਛਕ ਤਾੜਨਾ ਰੀਤੀ ਸੇ ਮਿਲਵਾਂ ਉਪਦੇਸ ਕਹਤੇ ਭੁਏ।੨।੨੩੭।

**ਮੂਲ—ਅਜ਼ਬਰਾਏ ਆਂ ਕਿ ਤੋ ਸਰਗਸਤਈ ॥**
**ਅਜ਼ ਪਏ ਦੁਨੀਯਾਂ ਜ਼ਿ ਹਕ ਬਰਗਸਤਈ ॥**

ਟੀਕਾ—ਹੇ ਭਾਈ ਦੇਖ ਜਿਸਮੇ ਪ੍ਰੇਮ ਕਰਨੇ ਤੇ ਜੀਵ ਦੁਖੀ ਹੋਤੇ ਹੈ ਵਾਸਤੇ ਉਸ ਮਾਯਾ ਦੇ ਜੋ ਤੂੰ ਖੁਆਰ ਹੋ ਰਹਿਆ ਹੈਂ।੧। ਪੁਨਾ ਵਾਸਤੇ ਮਾਯਾ ਦੇ ਸਚੇ ਸੇ ਫਿਰਿਆ ਹੈਂ ਤੂੰ। ਭਾਵ ਸਚੇ ਸੇ ਭੁਲ ਰਹਿਆ ਹੈਂ ਤੂੰ ।੨।੨੩੯।

**ਮੂਲ—ਦਉਲਤੇ ਗੇਤੀ ਨ ਬਾਸ਼ਦ ਪਾਇਦਾਰ ॥**

Digitized by Panjab Digital Library | www.panjabdigilib.org

ਯਕ ਨਫਸ ਖੁਦਰਾ ਬਸੂਏ ਹਕ ਬਿਯਾਰ ॥

ਟੀਕਾ—ਜਿਸ ਮੈ ਤਦਾਕਾਰ ਹੋਰਿਆ ਹੈਂ ਓਹ ਸੰਸਾਰ ਦੀ ਮਾਯਾ ਨਹੀਂ ਹੈ ਪੈਰ ਰਖਨ ਵਾਲੀ। ਭਾਵ ਇਸਥਿਰ ਰੈਨੇ ਵਾਲੀ ਨਹੀ ਹੈ। ੧। ਤਾਂਤੇ ਤਿਸਕੋ ਤਯਾਗਕਰ ਇਕ ਸੁਆਸ ਤਾਂ ਆਪਨੇ ਆਪਕੋ ਤਾਂਈਂ ਤਰਫ ਸਚੇ ਕੀ ਲਿਆ ਤੂੰ। ੨। ੨੩੯।

ਮੂਲ—ਚੂੰ ਦਿਲੇ ਤੋ ਮਾਯਲੇ ਯਾਦੇ ਖੁਦਾਸਤ ॥
ਆਂ ਖੁਦਾਇ ਪਾਕ ਕੈ ਅਜ਼ ਤੋ ਜੁਦਾਸਤ ॥

ਟੀਕਾ—ਜਬ ਦਿਲ ਤੇਰਾ ਮੋਹਿਤ ਵਾਹਿਗੁਰੂ ਕੀ ਯਾਦਗੀਰੀ ਉਤ ਹੋਵੇ। ੧। ਤਾਂ ਫਿਰ ਓਹ ਵਾਹਿਗੁਰੂ ਪਵਿਤ੍ਰ ਕਬ ਤੇਰੇ ਸੇ ਨਿਆਰਾ ਹੈ। ਭਾਵ ਭਗਤਾਂ ਕੇ ਅੰਗ ਸੰਗ ਸਾਖਯਾਤ ਰਹਿਤਾ ਹੈ ਇਸਤੇ ਭਗਤ- ਵਾਹਿਗੁਰੂ ਕਾ ਰੂਪਹੀਹੈਂ ਤਾਂਤੇ ਇਕ ਰੂਪ ਹੋਨੇਤੇ ਮਾਯਾ ਤੇਰਾ ਸੰਕਲਪ ਹੈ। ੨। ੨੪੦

ਮੂਲ—ਗਰ ਤੂੰ ਗਾਫਲ ਬਾਸ਼ੀ ਅਜ਼ ਫਿਕਰੇ ਬੁਲੰਦ ॥
ਤੋ ਕੁਜਾ ਓ ਆਂ ਕੁਜਾਇ ਹੋਸ਼ਮੰਦ ॥

ਟੀਕਾ—ਅਰੁ ਜੇਕਰ ਮਾਯਕੇ ਸੁਖਾਂਮੇ ਲਗਕਰ ਤੂੰ ਪ੍ਰਮਾਦੀ ਹੋਵੇ ਬਡੇ ਵਾਹਿਗੁਰੂਕੇ ਧਿਆਨ ਸੇ। ਭਾਵ ਪ੍ਰਮੇਸ੍ਰ ਕੋ ਭੁਲਾਦੇ ਵੈਂ।੧।ਤਾਂ ਫਿਰ ਤੂੰ ਕਿਥੇ ਅਰੁ ਓ ਹਰੀ ਕਿਥੇ ਐ ਅਕਲਵਾਲੇ ਭਾਵ ਜਬ ਹੰਕਾਰੀ ਹੋਯਾ ਮਾਯਾਕੋ ਪਾਕਰ,ਰੈਨੇ ਲਗਾਕੇ ਮੈਹੀਂ ਪ੍ਰਮੇਸਰਹਾਂ ਹੋਰਕਿਥੇਹੈ ਐਸੇ ਕਹਨੇਤੇ ਤੇਰਾ ਅਰੁ ਹਰੀ ਕਾ ੨ ਖਾਂ ਕੋਹਾਂਕਾ ਫਰਕਹੈ ਤਾਤੇ ਤੂੰ ਹੰਕਾਰਤੇ ਜੀਵਹੀ ਹੈਂ ਤੇ ਓਹਸਰਬਗਹੀ ਹੈ।੨।੨੪੧।

ਮੂਲ—ਯਾਦਿ ਓ ਬੁਨੀਯਾਦ ਉਮਰੇ ਜਾਵਿਦਾਂ ॥
ਯਾਦਿ ਓ ਸਰਮਾਯਹੇ ਸਾਹਿਬ ਦਿਲਾਂ ॥

ਟੀਕਾ—ਭਗਤੀ ਉਸਕੀ ਹਮੇਸਾਂ ਅਵਸਥਾਦੀ ਜੜ ਹੈ। ਭਾਵ ਭਗਤੀ ਸੇ ਅਵਸਥਾ ਸਫਲੀ ਹੋਂਦੀਹੈ। ੧। ਇਸੀਤੇ ਭਗਤੀ ਉਸਕੀ ਪੂੰਜੀ ਹੈ ਬਡੇ ਦਿਲਵਾਲਿਆਂ ਸੰਤਾਕੀ। ੨। ੨੪੨।

ਮੂਲ—ਯਾਦਿ ਓ ਦਰਦੇ ਦੁ ਆਲਮ ਰਾ ਦਵਾਸਤ ॥

Digitized by Panjab Digital Library | www.panjabdigilib.org

ਯਾਦਿਓ ਹਰ ਗ਼ਮ ਸ਼ੁਦਹ ਰਾ ਰਹਿ ਨੁਮਾਸਤ ॥

ਟੀਕਾ– ਯਾਦਗੀਰੀ ਉਸਕੀ ਦਨੋ ਲੋਕਾਂਕੇ ਦਰਦ ਦੀ ਦਵਾਈ ਹੈ।੧। ਪੁਨਾ ਭਗਤੀ ਉਸ੍ਕੀ ਤਮਾਮ ਭੁਲਿਆਂਹੋਯਾਂਕੇ ਤਾਂਈ ਰਸਤਾ ਦਿਖਾਵਣਵਾਲੀ ਹੈ।੨।੨੪੩।

ਮੂਲ-ਯਾਦਿ ਓ ਈਂ ਜੁਮਲਹ ਰਾ ਲਾਜ਼ਮ ਬਵੱਦ ॥
ਹਰਕਿ ਗਾਫ਼ਿਲ ਸ਼ੁਦ ਅਜ਼ੋ ਮੁਲਜ਼ਮ ਸ਼ਵੱਦ ॥

ਟੀਕਾ— ਤਾਂਤੇ ਭਗਤੀ ਉਸਕੀ ਇਸ ਤਮਾਮ ਸ੍ਰਿਸਟੀਕੇ ਤਾਂਈ ਜੋਗਹੈ ਕਰਨੀ।੧। ਜੋਕੋਈ ਪਰਮਾਦੀ ਹੂਆਹੈ ਉਸ ਸੇ ਓਹੁ ਤਕਸੀਰੀ ਗੁਨਹਗਾਰ ਹੋਵੇਹੈ।੨।੨੪੪। ਐਸਾਂ ਉਸਦੇਸ ਕਰਦੇ ੨ ਜੀਵਾਂ ਕੀ ਪ੍ਰਾਧੀਨਤਾ ਅਸਮ੍ਰਥਤਾ ਦੇਖਬੀਚਾਰਕੇ ਜੀਵਾਂਕੀ ਤਰਫੋਂ ਪ੍ਰਮੇਸਰ ਅਗੇ ਪ੍ਰਾਰਥਨਾਂ ਕਰਦੇ ਭਏ ਭਾਈਜੀ।

ਮੂਲ–ਯਾ ਇਲਾਹੀ ਬੰਦਹ ਰਾ ਤਉਫ਼ੀਕ ਦਿਹ ॥
ਤਾ ਬ ਯਾਦ ਤ ਬੁਗੁਜ਼ਰਦ ਈਂ ਉਮਰ ਬਿਹ ॥

ਟੀਕਾ—ਹੇ ਵਾਹਿਗੁਰੂ ਇਨਾਂ ਬੰਦਿਆਂਕੇ ਤਾਂਈ ਸਮਰਥਤਾ ਦਿਹ।੧। ਜੇਕਰ ਸਮ੍ਰਥਤਾ ਦੇਵੇਂ ਹੇ ਵਾਹਿਗੁਰੂ ਤਾਂ ਬੀਚ ਭਗਤੀ ਤੇਰੀਦੇ ਗੁਜਰੇ, ਇਨਾਦੀ ਅਵਸਥਾ ਚੰਗੀ। ਭਾਵ ਭਗਤੀਮੇਂ ਲਗਕਰ ਸਫਲੀਹੋਵੈ।੨।੨੪੫।

ਮੂਲ-ਉਮਰ ਆਂ ਬਾਸ਼ਦ ਕਿ ਦਰ ਯਾਦੇ ਖੁਦਾ ॥
ਬੁਗੁਜ਼ਰਦ ਦੀਗਰ ਨ ਬਾਸ਼ਦ ਮੁਦਆ ॥

ਟੀਕਾ— ਅਵਸਥਾ ਓਹੁ ਚੰਗੀਹੈ ਜੋ ਬੀਚ ਭਗਤੀ ਵਾਹਿਗੁਰੂਕੀਕੇ ਗੁਜਰਦੀਹੈ।੧। ਅਰੁ ਦੂਸਰਾ ਨਹੀਹੈ ਪ੍ਰੋਜਨ। ਭਾਵ ਦੇਵੀ ਦੇਵਤੇਦੀ ਭਗਤੀ ਦਾ ਤੇ ਕਰਮ ਕਾਂਡਦਾ ਸੰਕਲਪ ਨਹੀ ਉਠਦਾ।੨।੨੪੬।

ਮੂਲ-ਮੁਦਆਏ ਬਿਹਤਰੇ ਜੁਜ਼ ਯਾਦ ਨੇਸਤ ॥
ਗ਼ੈਰ ਯਾਦਿਸ ਈਂ ਦਿਲੇ ਮਾਂ ਸ਼ਾਦ ਨੇਸਤ ॥

Digitized by Panjab Digital Library | www.panjabdigilib.org

ਟੀਕਾ— ਤਾਂਤੇ ਓਹੁ ਪ੍ਰੋਜਨ ਚੰਗਾਹੈ ਜੋ ਬਿਨਾ ਭਗਤੀ ਦੇ ਨਾ ਹੋਵੈ ।੧। ਬਿਨਾ ਭਗਤੀ ਉਸਕੀ ਕੇ ਐਮੇਰੇ ਪਿਆਰੇ ਖੁਸੀ ਨਹੀ ਹੋਵੈਹੈ ਵਾ ਇਸਦਿਲ ਬੀਚ ਆਨੰਦ ਨਹੀ ਹੋਵੇਹੈ ।੨।੨੪੭।

**ਮੂਲ-ਸਾਦੀਏ ਦਾਯਮ ਬਵੱਦ ਯਾਦੇ ਖੁਦਾ॥**
**ਏ ਜ਼ਿਹੇ ਦਉਲਤ ਕਿ ਬਾਸ਼ਦ ਰਹਿ ਨੁਮਾ॥**

ਟੀਕਾ— ਖੁਸੀ ਹਮੇਸਾਂਦੀ ਵਾਹਿਗੁਰੂਦੀ ਭਗਤੀਹੀਹੈ । ਭਾਵ ਭਗਤੀ ਕਰ ਸਭ ਸੁਖ ਪ੍ਰਾਪਤਿਹੋਂਦੇ ਹੈ ।੧। ਤਾਂਤੇ ਐਪਿਆਰੇ ਵਾਹਵਾਹੈ ਓਹੁ ਦੌਲਤ ਜੋ ਰਸਤਾ ਸੁਭ ਦਿਖਾਵਣ ਵਾਲੀ ਹੋਵੈ। ਭਾਵ ਐਸੀ ਧੰਨਤਾ ਜੋਗ ਭਗਤੀਹੀ ਹੈ ਅਰੁ ਭਗਤੀ ਕਰਪ੍ਰਮੇਸ੍ਰ ਸਾਖਜਾਤ ਹੋਂਦਾਹੈ ।੨।੨੪੮। ਪ੍ਰਸਨ ਆਪਨੇ ਜੋਕਹਜਾ ਕੇ ਭਗਤੀ ਕਰ ਸਾਖਜਾਤ ਹੋਂਦਾਹੈ ਅਰੁ ਕਈਕ ਮਤਾਂਵਾਲੇ ਸਭ ਸ੍ਰੀਰਾਂਮੈ ਕੈਂਦੇਹੈਂ । ਉਤ੍ਰ

**ਮੂਲ-ਗਰਚਿ ਹਕ ਦਰ ਜੁਮਲਹੇ ਦਿਲਹਾ ਬਵੱਦ॥**
**ਲੇਕਿ ਆਰਫ ਸਾਹਿਬੇ ਈਮਾਂ ਬਵੱਦ॥**

ਟੀਕਾ— ਯਦਪ ਸਚਾ ਬੀਚ ਤਮਾਮ ਦਿਲਾਂਦੇ ਪ੍ਰਾਪਤਿਹੈ।੧। ਪ੍ਰੰਤੂ ਸਚੇਕੇ ਜਾਨਨੇਵਾਲੇ ਗਯਾਨਵਾਨ ਭਗਤਹੈ ਪੁਨਾ ਓਹੁ ਮਾਲਕ ਧਰਮਦੇਹੈਂ ਭਾਵ ਪ੍ਰਮੇਸ੍ਰ ਅਗੇ ਸੁਰਖਰੂ ਹੋਏਹਨਾ।੨।੨੪੯।

**ਮੂਲ-ਚਸ਼ਮ ਆਰਫ ਕਾਬਲੇ ਦੀਦਾਰ ਹਸਤ॥**
**ਮਰਦ ਆਰਫ ਵਾਕਫੇ ਇਸਰਾਰ ਹਸਤ॥**

ਟੀਕਾ— ਨੇਤ੍ਰ ਗਯਾਨਵਾਨਾਦੇ ਇਛਿਆਵਾਨ ਸਰੂਪਕੇ ਹੋਂਦੇਹੈਂ ।੧ ਕਿਉਜੋ ਗਯਾਨਵਾਨ ਸੰਤ ਮਹਰਮ ਭੇਦੋਂਕੇ ਹੈ । ਭਾਵ ਸੰਤ ਵਾਹਿਗੁਰੂਨੂੰ ਸੁਖ ਰੂਪ ਜਾਨਦੇਹਨ ।੨।੨੫੦।

**ਮੂਲ-ਸੁਹਬਤੇ ਮੁਰਦਾਨ ਹਕ ਰਾ ਦੋਸ੍ਤ ਦਾਰ॥**
**ਤਾ ਤੁਹਮ ਗਰਦੀ ਜ਼ਿ ਯੁਮਨਸ਼ ਪਾਇ ਦਾਰ॥**

ਟੀਕਾ— ਸਚੇਕੇ ਸੰਤਾਕੀ ਸੰਗਤਿ ਤਾਂਈ ਦੋਸਤ ਰਖੋਂ । ਭਾਵ ਸੰਤਾਂਕ

Digitized by Panjab Digital Library | www.panjabdigilib.org

ਸੰਗਤਿ ਕਰੇ । ੧ । ਤਾਂ ਤੂੰਬੀ ਹੋਵੈ ਦੌਲਤ ਪ੍ਰੇਰ ਟਿਕਣ ਵਾਲੀ ਸੇ) ਭਾਵ ਇੱਸ ਥਿਰ ਮਾਯਾ ਵਾਲਾ ਦੈਵੀ ਸੰਪਤੀ ਨਾਮ ਆਦੀ ਥੰਨ ਵਾਲਾ । ੨ । ੨੫੧ ।

**ਮੂਲ—ਹਰਚਿ ਹਸਤ ਅਜ਼ ਸੁਹਬਤੇ ਏਸ਼ਾਂ ਬਵੱਦ ॥**
**ਜ਼ਾਂਕਿ ਜਿਸ਼ਮੇ ਜਾਂ ਸਰਾ ਪਾ ਜਾਂ ਬਵੱਦ ॥**

ਟੀਕਾ— ਜੋਕੁਛ ਭਲੇ ਗੁਣਾਂਦੀ ਪ੍ਰਾਪਤੀ ਹੈ ਐਪਿਆਰ ਉਨਾਂ ਸੰਤਾਂਕੀ ਸੰਗਤਿ ਸੇ ਹੈ । ੧ । ਇਸਵਾਸਤੇ ਜੋ ਉਨਾਂ ਸੰਤ ਕਾ ਸ੍ਰੀਹਮੈ ਸਿਰ ਅਰੁ ਪੈਰ ਸਰੂਪ ਉਸੀਕਾ ਹੈ । ੨ । ੨੫੨ ।

**ਮੂਲ—ਮਰਦਮਾਨੇ ਦੀਦਹ ਰਉਸ਼ਨ ਸ਼ੁਦ ਅਜ਼ੋ ॥**
**ਖਾਕਿ ਜਿਸ਼ਮੇ ਜੁਮਲਹ ਗੁਲਸ਼ਨ ਸ਼ੁਦ ਅਜ਼ੋ ॥**

ਟੀਕਾ—ਪੁਤਲੀਆਂ ਨੇਤ੍ਰਾਂਦੀਆਂ ਪ੍ਰਕਾਸਮਾਨ ਹੂਈਆਂਹੈ ਉਸਕੀ ਪ੍ਰਾਪਤੀ ਸੇ । ੧ । ਪੁਨਾ ਮਿਟੀ ਆਦੀ ਤਤਾਂਦਾ ਸ਼ਰੀਰ ਤਮਾਮ ਬਾਗ ੨ ਹੁਆਹੈ ਉਸਕੀ ਸਾਖਯਾਤਕਾਰਤਾ ਸੇ । ਭਾਵ ਸੰਤਾਕੇ ਸਭ ਅੰਗ ਪ੍ਰਕਾਸਮਾਨ ਅਰੁ ਪੂਜਨੀਕ ਪ੍ਰਭਖ ਹੋਏਹੈਂ ਇਸ ਤੇ ਜੋ ਜੈਸੇ ੨ ਭਾਵਨਾ ਕਰਕੇ ਪੂਜਤੇ ਹੈਂ ਸੋ ਪੂਰਨ ਹੋਤੀਆਂਹੈਂ । ੨ । ੨੫੩ ।

**ਮੂਲ—ਏ ਜਿਹੇ ਸੁਹਬਤਕਿ ਖਾਕ ਅਕਸੀਰ ਕਰਦ ॥**
**ਨਾਕਸੇਰਾ ਸਾਹਿਬੇ ਤਦਬੀਰ ਕਰਦ ॥**

ਟੀਕਾ— ਐਪਿਆਰੇ ਵਾਹਵਾਹਹੈ ਐਸੇ ਸੰਤਾਂਕੀ ਸੰਗਤਿ ਜੋ ਮਿਟੀਸ ਪਾਰਸ ਕਰਤੀਹੈ ਅਰੁ ਕੀਆਹੈ ।੧। ਪੁਨਾ ਖਾਲੀ ਨ੍ਰਿਗੁਣਾਂ ਅਵਿਦਕਾਂ ਤਾਂਈ ਮਾਲਕ ਜੁਗਤੀਆਂਦਾ ਕਰਦੀਹੈ ਅਰੁ ਕੀਆਹੈ । ੨ । ੨੫੪ ।

**ਮੂਲ—ਗਉਹਰੋ ਲਾਲੋ ਜਵਾਹਰ ਪੇਸ਼ਿ ਸ਼ਾਂ ॥**
**ਹਰਦਮੇ ਕੋ ਬੁਗੁਜ਼ਰਦ ਦਰ ਯਾਦਿ ਆਂ ॥**

ਟੀਕਾ—ਮੋਤੀ ਅਰੁ ਲਾਲ ਅਰੁ ਜਵਾਹਰ ਅਗੇ ਉਨਾਕੇ ਹਾਜਰਹੈਂ ।੧। ਪ੍ਰਸਨ ਏਹਜੋ ਮੋਤੀ ਆਦੀ ਆਪਨੇ ਕਹੇਹੈਂ ਪ੍ਰਭਖ ਜੋ ਦੇਖੀਦੇ ਹੈਂ ਏਹ

Digitized by Panjab Digital Library | www.panjabdigilib.org

ਕਹੇ ਹੈ ਕੇ ਇਨਾਂ ਤੇ ਅਲਾਵਾ ਹੋਰਕੋਈ ਕਹੇਹੈਂ ਕਿਉਜੋ ਪ੍ਰਤਖ ਤੋ ਸੰਤਾਂ ਪਾਸ ਕੋਈ ਨਿਗਾ ਨਹੀ ਆਵਤੇ ਤਾਤੇ ਆਪਨਿਰਨੇਸੇ ਕਹੀਏ ।੧। ਉਤ੍ਰ ਹਰਇਕ ਸੁਆਸ ਜੋ ਉਨਾ ਸੰਤਾਕਾ ਬੀਤਦਾਹੈ ਅੰਦ੍ਰ ਭਗਤੀ ਉਸ ਕੀ ਕੇ। ਏਹੁ ਲਾਲ ਮੋਤੀਆਦੀ ਹੈ ਹੋਰ ਜੇੜੇ ਸੰਤ ਭਗਤੀ ਕਰਤੇ ਹੈਂ ਓਹੁ ਏਹ ਪ੍ਰਤਖ ਪਦਾਰਥ ਤੋ ਕਬੂਲਹੀ ਨਹੀ ਕਰਦੇ ਅਰੁ ਜਿਸਕੋ ਚਾਂਵੈ ਉਸਕੋ ਬੇਗਿਣਤ ਧੰਨ ਦੇ ਦੇਤੇਹੈਂ।੨।੨੫੫। ਪ੍ਰਸਨ ਮਾਯਾਬਿਨਾ ਤੋ ਸੰਸਾਰਦਾ ਵਿਹਾਰਹੀ ਕੋਈ ਨਹੀ ਤੁਰਦਾ ਤਾਤੇ ਸੰਤਮਾਯਾਕੋ ਕਿਸਕਾਰਨ ਕਬੂਲਨਹੀ ਕਰਦੇ ਉਤ੍ਰ

**ਮੂਲ-ਈਂ ਜਵਾਹਰ ਹਾ ਹਮਹ ਫਾਨੀ ਬਵੰਦ॥**
**ਯਾਦਿ ਹਕ ਬਰ ਬੰਦਹ ਅਰਜ਼ਾਨੀ ਬਵੰਦ॥**

ਟੀਕਾ— ਏਹਜੋ ਪ੍ਰਤਖ ਜਵਾਹਰ ਆਦੀ ਪਦਾਰਥ ਬੋਤਤੇ ਬੋਤ ਦੇਖੀ ਦੇਹੈਂ ਏਹ ਤਮਾਮ ਨਾਸ ਰੂਪਹੈਂ ਇਸਤੇ ਨਹੀ ਗ੍ਰਹਣ ਕਰਦੇ।੧। ਇਸੀ ਹੇਤੂਤੇ ਓਹੁ ਐਸੇ ਕਹਤੇ ਹੈਂ ਕੇ ਭਗਤੀ ਸਰੇਕੀ ਉਪ੍ਰ ਬੰਦਿਆਂ ਦੇ ਬਣੀ ਹੈ। ਭਾਵ ਭਗਤੀ ਕਰਨੇ ਕਾ ਸਭਕੋ ਹੁਕਮ ਹੈ ਇਸਤੇ ਆਪ ਕਰਤੇ ਹੈਂ ਤੇਹੋਰਾਂਕੋ ਕਰਨੇਕਾ ਉਪਦੇਸ ਕਰਦੇ ਹੈਂ। ਤਾਂਤੇ ਤੁਸੀਂ ਭੀ ਐਸੇਜਾਨ ਕੈ ਭਗਤੀ ਸਰੇਕੀ ਕਰੋ।੨।੨੫੬। ਸਿਧਾਂਤ

**ਮੂਲ-ਰਸਮ ਮਰਦਾਨੇ ਖੁਦਾ ਦਾਨੀ ਕਿਚੀਸਤ॥**
**ਫਾਰਗ ਅੰਦ ਅਜ਼ ਕੈਦ ਹਾਇ ਮਰਗੁ ਜੀਸਤ॥**

ਟੀਕਾ— ਰੀਤੀ ਅਸਲੀ ਗੁਹਜ ਸੰਤਾਂਕੀ ਵਾਹਿਗੁਰੂ ਜਾਨਦਾਹੈ ਜੋ ਕਿਆਹੈ।੧। ਹੇਭਾਈ ਪ੍ਰਤਖ ਦੇਖਨੇਮੈ ਨਿਆਰੇ ਹੈਂ ਮਰਨ ਜੀਵਨੇਦੀ ਅਤੀ ਕੈਦ ਸੇ। ਭਾਵ ਏਹਚਾਲਹੈ ਸੰਤਾਦੀ ਪ੍ਰਤਖ ਆਪਜਨਮ ਮਰਨਤੇਰੈਤਹੈਂ ਅਰੁ ਜਗਜਾਸੂਆਂਕੋ ਛੁਡਾਵਤੇਹੈਂ। ਪ੍ਰਮਾਨ ਜਨਮ ਮਰਨ ਦੋਊ ਮੈਨਾਹੀ ਜਨ ਪਰਉਪਕਾਰੀਆਏ। ਜੀਅਦਾਨ ਦੇਇ ਭਗਤੀ ਲਾਇਨਿ ਹਰਿਸਿਉ ਲੈਨਿ ਮਿਲਾਇ। ਸੂਹੀ ਮਃ ੫।੨।੨੫੭। ਸੋਈ

**ਮੂਲ-ਯਕ ਨਫਸ ਬੇ ਯਾਦਿ ਓ ਨ ਗੁਜ਼ਾਸਤੰਦ॥**
**ਖੁਸ਼ ਅਲਮਬਰ ਨੁਹ ਤਬਕ ਅਫਰਾਸ਼ਤੰਦ॥**

ਟੀਕਾ – ਇਕ ਸੁਆਸਭੀ ਬਿਨਾ ਭਜਨ ਉਸਕੇ ਸ ਨਹੀ ਗੁਜਾਰਦੇ ਹੈਂ

Digitized by Panjab Digital Library | www.panjabdigilib.org

।੧। ਤਾਂਤੇ ਚੰਗਾ ਨੇਜਾ ਹੁਕਮ ਰੂਪੀ ਉਪਨੇਆਂ ਖੰਡਾ ਦੇ ਜਾਣਿਆਹੈ । ਭਾਵ ਐਸੇ ਸੰਤਾਂਦਾ ਹੁਕਮ ਸਭ ਸੰਸਾਰ ਮਾਨਤਾਹੈ ਜੋਨਾਮਨੈ ਓਹ ਸਜਾ ਪਾਂਵਦਾਹੈ ।੨।੨੫੮। ਪ੍ਰਸਨ ਜਬ ਐਸੇ ਅਮੋੜ ਹੁਕਮ ਵਾਲੇਹੈਂ ਭਾਵੇਂ ਇਛਿਆ ਪੂਰਬਕ ਸਭਨੂੰ ਦੁਖ ਦੇਂਦੇਹੋਨਗੇ । ਉਤ੍ਰ

ਮੂਲ-ਖੈਰ ਖਾਹੇ ਜ਼ੁਮਲਹ ਪੈਦਾਯਸ਼ਅੰਦ ॥

ਜ਼ੇਬ ਬਖ਼ਸ਼ਹ ਈਂ ਹਮਹ ਅਰਾਯਸ਼ਅੰਦ ॥

ਟੀਕਾ—ਭਲਾਕਰਨਾ ਚਾਹੁਦੇਹੈਂ ਸਮਗ੍ਰ ਸ੍ਰਿਸਟੀ ਕਾ ।੧। ਪੁਨਾ ਸੋਭਾ ਬਖਸਦੇਹੈਂ ਏਹੁਜੋ ਤਮਾਮ ਸੰਸਾਰ ਬਣਿਆਂ ਹੁਆਹੈ ਇਸਨੂੰ ।੨।੨੫੯।

ਮੂਲ-ਨਾਮ ਹਕ ਮਰਦਾਨ ਹਕ ਰਾ ਜ਼ੇਵਰ ਅਸਤ ॥

ਜਿਸਮ ਸ਼ਾਂ ਅਜ਼ ਨੂਰ ਹਕ ਪੁਰ ਗੌਹਰ ਅਸਤ ॥

ਟੀਕਾ— ਨਾਮ ਸਚੇਕਾ ਸਚੇ ਕੇ ਸੰਤਾ ਤਾਂਈ ਭੂਖਨ ਹੈ । ਭਾਵ ਸੰਤਾਂਨੇ ਭੂਖਨ ਜਾਣਿਆਹੈ ਅਰੁ ਨਾਮਸੰਤਾਕੋ ਸੋਭਨੀਕ ਕਰਦਾਹੈ ।੧। ਪੁਨਾ ਸ੍ਰੀਰ ਉਨਾਕਾ ਸਚੇਕੇ ਪ੍ਰਕਾਸ ਸੇ ਪੂਰਨ ਮੋਤੀ ਸਮ ਪ੍ਰਕਾਸਤਾ ਹੈ ।੨।੨੬੦।

ਮੂਲ-ਹਰਫ਼ਿ ਸ਼ਾਂ ਤਾਲੀਮ ਉਮਰੇ ਜਾਵਿਦਾਂ ॥

ਯਾਦਿ ਹਕ ਦਾਰੰਦ ਦਾਯਮ ਬਰ ਜ਼ੁਬਾਂ ॥

ਟੀਕਾ— ਬਚਨ ਉਨਾਂਕਾ ਹਮੇਸਾਂ ਅਵਸਥਾ ਨੂੰ ਸਿਖਿਆਦਾ ਹੈ ॥ ਇਸਤੇਜੋ ਭਗਤੀ ਵਾਹਿਗੁਰੂਦੀਰਖਦੇਹੈਂ ਹਮੇਸਾਂ ਉਪਰ ਹਸਨਾਂਦੇ। ।੨੬੧।

ਮੂਲ-ਯਾਦ ਮੇਗੋਯੰਦ ਇਰਸ਼ਾਦ ਅਸਤ ਬਸ ॥

ਬਰ ਨ ਮੇਆਰੰਦ ਗ਼ੈਰ ਅਜ਼ ਹਕ ਨਫਸ ॥

ਟੀਕ—ਪੁਨਾ ਭਜਨ ਕਰਨੇ ਦਾ ਓਹੁ ਸੰਤ ਕਹਤੇ ਹੈਂ ਹੁਕਮ ਬੌਤ ਅਗੇ ਜਗਜਾਸੂਆਂਨੂੰ ।੧। ਅਰੁ ਆਪ ਬਾਹਰ ਨਹੀ ਲਿਆਂਵਦੇ ਓਹੁ ਬਿਨਾਂ ਸਚੇ ਨਾਮ ਸੇ ਇਕ ਸੁਆਸਭੀ ।੨।੨੬੨।

ਮੂਲ-ਈਂ ਹਮਹ ਮੁਸ਼ਤਾਕ ਦੀਦਾਰੇ ਖੁਦਾਸਤ ॥

Digitized by Panjab Digital Library | www.panjabdigilib.org

**ਬੋਸਤਾਨੇ ਦਹਿਰ ਗੁਲਜ਼ਾਰੇ ਖ਼ੁਦਾਸਤ ॥**

ਟੀਕਾ—ਭਾਂਤੇ ਦੇਖੀਏ ਏਹ ਤਮਾਮ ਸੰਤ ਮੋਹਤ ਹੂਏ ੨ ਹੈਂ ਵਾਹਿਗੁਰੂ ਕੇ ਦਰਸਨ ਊਪਰ। ੧। ਬਾਗ ਸੰਸਾਰ ਰੂਪੀ ਖਿੜਿਆ ਹੂਆ ੨ ਹੈ ਵਾਹਿਗੁਰੂ ਸੇ ਏਹ ਜਾਣ ਕੇ ਪ੍ਰਸੰਨ ਰੈਤੇ ਹੈ ।੨। ੨੬੩।

**ਮੂਲ—ਹਰਕਿ ਬਾ ਮਰਦਾਨ ਹਕ ਸ਼ੁਦ ਆਸਨਾ ॥**

**ਸਾਯਹੇ ਓ ਬਿਹਤਰ ਅਜ਼ ਬਾਲੇ ਹੁਮਾ ॥**

ਟੀਕਾ—ਸਿਧਾਂਤ ਜੋ ਕੋਈ ਸਚੇ ਕੇ ਮੀਤਾ ਸਾਥ ਹੂਆਹੈ ਪ੍ਰੇਮੀ ।੧ ਪ੍ਰਛਾਵਾਂ ਉਸ ਪ੍ਰੇਮੀ ਦਾ ਚੰਗਾ ਹੈ ਹੁਮਾਉਪੰਛੀਕੇਖੰਭਾਸੇ ਭੀ। ੨। ੨੬੪। ਪ੍ਰੇਉਪਕਾਰ ਦ੍ਰਿਸਟੀ ਕੋਲੇ ਕਰ ਦਿਆਲਤਾ ਸੇ ਜਗਾਸੂਆਂਕੋ ਰਸਤਾਂ ਪ੍ਰਾਪਤੀ ਕਾ ਕੈਹਦੇ ਹੈਂ

**ਮੂਲ—ਯਾਦਿ ਹਕ ਯਾਨੇਜ਼ਿ ਖ਼ੁਦ ਬੁਗੁਜ਼ਸਤਨ ਅਸਤ ॥**

**ਅਜ਼ਖਿਆਲੇ ਗ਼ੈਰ ਹਕ ਵ੍ਹਾਰੁਸਤਨ ਅਸਤ ॥**

ਟੀਕਾ—ਯਾਦ ਗੀਰੀ ਸਚੇ ਦੀ ਜਾਣਦਾ ਹੈ ਜੋ ਕਿਆਂ ਹੈ ਉਹੁ ਆਪਨੇ ਆਪਸੇ ਜੇੜਾ ਲੰਘਣਾ ਹੈ। ਭਾਵ ਆਪਣੇ ਪਦਾਰਥਾਂਕਾ ਜੇੜਾ ਮੋਹਤਜਾਗਨਾ ਹੈ ਏਹੀ ਭਗਤੀ ਹੈ ।੧। ਪੁਨਾ ਹੋਰ ਧਿਆਨ ਵਲੋ ਬਿਨਾ ਸਚੇ ਸੇ ਜੇੜਾ ਛੁਟਣਾ ਹੈ ਏਹੀ ਭਗਤੀ ਹੈ। ੨। ੨੬੫।

**ਮੂਲ—ਰਸਤਗੀ ਅਜ਼ ਖ਼ੁਸ਼ ਤਨ ਵਾਰੁਸਤਗੀਸਤ ॥**

**ਬਾ ਖ਼ੁਦਾਏ ਖੇਸ਼ ਤਨ ਦਿਲ ਬਸਤਗੀਸਤ ॥**

ਟੀਕਾ—ਪ੍ਰਸਨ ਛੁਟਣਾ ਜਾਣਦਾਹੈ ਜੋ ਕਿਆਹੈ ਉਹੁਆਪਣੇਤਨਸੇਜੇੜਾ ਛੁਟਣਾਹੈਏਹਛੁਟਣਾਜਾਣ।ਭਾਵਆਪਨੀਦੇਹਹੰਗਤਾਕਾਜੇੜਾਤਯਾਗਨਾਹੈ ਏਹੀ ਛੁਟਣਾ ਹੈਕਿਉਜੋਹੰਕਾਰ ਕੇ ਤਯਾਗਨੇਸੇਹਰੀਕੀਪ੍ਰਸੰਨਤਾਹੋਤੀਹੈਅਰੁ ਹਰੀ ਕੀ ਪ੍ਰਸੰਨ ਤਾਸੇ ਜਨਮ ਮਰਨ ਆਦੀ ਦੁਖਾਂਤੇ ਛੁਟਨਾ ਹੋਤਾ ਹੈ। ੧। ਪ੍ਰਸਨ ਜਬ ਤਕ ਕਿਸੇ ਵਸਤੂ ਸੇ ਦਿਲ ਨਾ ਬੰਨੀਏ ਕਿਆ ਪ੍ਰੇਮ ਕਰੀਏ ਨਾ ਤਬ ਤਕ ਓਹ ਵਸਤੂ ਪ੍ਰਾਪਤਿ ਨਹੀ ਹੋਤੀਤਾਤੇ ਸੋ ਬੰਨਣਾਂ ਕਹੀਏ ਜਿਸਕੇ ਬੰਨਣੇ ਸੇ ਸੁਖ ਪਰਾਪਤਿ ਹੋਵੇ ਉਹੁ ਸਾਥ ਵਾਹਿਗੁਰੂ ਕੇ ਆਪਣੇ ਤਨਨੂੰ ਅਰੁ ਦਿਲ ਨੂੰ ਜੇੜਾ ਬੰਨਣਾ ਹੈ ਏਹੀ ਸਚਾ ਬੰਨਣਾ ਹੈ। ੨। ੨੬੬।

Digitized by Panjab Digital Library | www.panjabdigilib.org

(ਮੂਲ) ਹਰਕਸੇਕੋ ਬਾ ਖੁਦਾ ਦਿਲ ਬਸਤ ਅਸਤ ॥
ਓ ਜ਼ਿ ਚਰਖੇ ਨੁਹ ਤਬਕ ਬਰ ਜੁਸਤਹ ਅਸਤ ॥

(ਟੀਕਾ) ਤਾਂਤੇ ਹੇ ਭਾਈ ਜੋ ਜਿਸ ਕਿਸੀ ਨੇ ਸਾਥ ਵਾਹਿਗੁਰੂ ਦੇ ਦਿਲ ਨੂੰ ਬੰਨਿਆ ਹੈ । ੧ । ਓਹ ਜਗਜਾਸੂ ਫਿਰਨੇ ਸੇ ਨਵਾਂ ਖੰਡਾ ਦੇ ਉਪਰ ਕੁਦਿਅ ਹੈ । ਭਾਵ ਸੰਸਾਰ ਮੇ ਪੁਨਾ ੨ ਜਨਮ ਮਰਨ ਵਲੋਂ ਰੈਤ ਹੂਆ ਹੈ । ੨ । ੨੬੭ ।

ਪ੍ਰਸਨ । ਜਿਸਸੇ ਦਿਲ ਬੰਨਣੇ ਕਰ ਐਡਾ ਫਲ ਹੋਤਾਹੈ ਤ ਉਸਸੇ ਦਿਲ ਬੰਨਣਾ ਕਿਸ ਰੀਤੀ ਸੇ ਹੋਤਾ ਹੈ ਸੋ ਕਹੀਏ ਉਤ੍ਰ ।

(ਮੂਲ) ਸੁਹਬਤੇ ਦਿਲ ਬਸਤ ਗਾਂਨੇ ਬਾਖੁਦਾ ॥
ਕੈ ਮੁਯਸਰ ਆਯਦ ਤੁ ਈਂ ਕੀਮਿਯਾ ॥

(ਟੀਕਾ) ਸੰਗਤਿ ਸੰਤਾਂ ਕੀ ਦਿਲ ਕੋ ਬੰਨਣੇ ਵਾਲੀ ਹੈ ਸਾਥ ਵਾਹਿਗੁਰੂ ਕੇ । ੧ । ਪਰੰਤੂ ਕਬ ਪ੍ਰਾਪਤਿ ਹੋ ਆਵੇਗੀ ਤੇਰੇ ਕੋ ਏਹ ਜੋ ਪਾਰਸ ਵਤ ਸੰਗਤਿ ਹੈ । ਭਾਵ ਏਹ ਜੋ ਮਨੁਖਾ ਜਨਮ ਛੁਟ ਗਿਆ ਤੌ ਤੂੰ ਚੌਰਾਸੀ ਦੇ ਫੇਰੇ ਮੇ ਪੜ ਜਾਂਇਗਾ ਤਾਂਤੇ ਕਬ ਫੇਰ ਮਨੁਖਾ ਜਨਮ ਦੀ ਵਾਰੀ ਆਵੇ ਅਰੁ ਤੂੰ ਜਨਮ ਪਾਕਰ ਫੇਰ ਸੰਗਤਿ ਮੇਂ ਪ੍ਰਾਪਤਿ ਹੋਵੈ ਕਿ ਨਾ ਹੋਵੈਂ ਕਿਆ ਜਾਣੀਏ ਤਾਂਤੇ ਅਬੀ ਸੰਗਤਿ ਕਰਕੇ ਛੁਟ ਜਾਹ ॥ ੨ ॥ ੨੬੮ ॥ ਸਿਧਾਂਤ

(ਮੂਲ) ਦੀਨ ਦੁਨੀਯਾਂ ਹਰਦੂ ਹੈਰਾਂ ਮਾਂਦਹ ਅੰਦ ॥
ਬਸ ਜ਼ਿ ਹੈਰਾਂਨੀ ਪਰੇਸ਼ਾਂ ਮਾਂਦਹ ਅੰਦ ॥

(ਟੀਕਾ) ਤਾਂਤੇ ਦੇਖ ਹੇ ਭਾਈ ਮਾਤਲੋਕ ਸੁਰਗ ਲੋਕ ਦੋਨੋਂ ਲੋਕਾਂ ਕੇ ਜੀਵ ਆਸਚਰਜ ਹੋ ਰਹੇ ਹੈਂ । ਭਾਵ ਸੰਤਾਂ ਤੇ ਭੂਲ ਰਹੇ ਹੈਂ । ੧ । ਇਸ ਬੌਤ ਅਸਚਰਜਤਾ ਸੇ ਖਰਾਬ ਹੋ ਰਹੇ ਹੈਂ । ਭਾਵ ਏਹ ਜੋ ਐਸੇ ਕਹਤੇ ਹੈਂ ਕਿ ਏਹ ਸੰਤ ਕਿਆ ਕਰ ਰਹੇ ਹੈਂ ਪ੍ਰਤਾਪ ਸੰਤਾਂ ਕਾ ਸਹਾਰ ਨਹੀ ਸਕਤੇ ਇਸ ਕਰ ਦੁਖੀ ਹੋਤੇ ਹੈਂ । ੨ । ੨੬੯ ।

(ਮੂਲ) ਹਰਕਿਰਾ ਈਂ ਆਰਜ਼ੂਏ ਪਾਕ ਹਸਤ ॥
ਕਾਮਲੇ ਓ ਸਾਹਿਬੇ ਇਦਰਾਕ ਹਸਤ ॥

(ਟੀਕਾ) ਭਾਂਤੇ ਜਿਸ ਕਿਸੀਕੇ ਤਾਂਈ ਏਹ ਇੱਛਿਆ ਪਵਿਤ੍ਰ ਸੰਗਤਿ ਪ੍ਰਾਪਤੀ ਕੀ ਹੋਂਦੀ ਹੈ।੧। ਓਹ ਪੂਰਨ ਬੁਧੀਕਾ ਮਾਲਕ ਹੋਤਾਹੈ।੨।੨੭੦।

(ਮੂਲ) ਵਾਸਲਾਨੇ ਹਕ ਤੁਰਾ ਵਾਸਲ ਕਨੰਦ॥

ਦਉਲਤੇ ਜਾਵੇਦ ਰਾ ਹਾਸਲ ਕੁਨੰਦ॥

(ਟੀਕਾ) ਸਚਕੇ ਮਿਲਣਵਾਲੇ ਜੋ ਹੈ ਉਨਾਂਕੋ ਮਿਲ ਤੇਰੇ ਤਾਂਈ ਭੀ ਮਿਲਨ ਵਾਲਾ ਕਰਨਗੇ।੧। ਪੁਨਾ ਹਮੇਸਾਂਦੀ ਮਾਯਾਕੋ ਪ੍ਰਾਪਤਿ ਕਰਦੇ ਹੈਂ ਤੇਰੇਕੋਭੀ ਪ੍ਰਾਪਤਿ ਕਰਨਗੇ ਉਨਾਂਕੋ ਮਿਲ।੨।੨੭੧।

(ਮੂਲ) ਦਉਲਤੇ ਜਾਵੇਦ ਪੇਸ਼ੇ ਆਰਫ਼ ਅਸਤ॥

ਈਂ ਹਰਫ਼ ਮਸ਼ਹੂਰ ਬਸ ਮੁਤਆਰਫ਼ ਅਸਤ॥

(ਟੀਕਾ) ਹਮੇਸ ਦੇ ਰੈਣੇ ਵਾਲੀ ਮਾਯਾ ਭਜਨ ਪ੍ਰਾਪਤੀ ਗੁਣਾ ਰੂਪੀ ਪਾਸ ਗਜਾਨਵਾਨਾਂ ਕੇ ਹੈ ਪ੍ਰਤਖ।੧। ਏਹ ਮਾਯਾ ਵਾਲਾ ਬਚਨ ਬੋਹਤ ਮਸਹੂਰ ਹੈ ਅਰੁ ਪ੍ਰਤਖ ਹੈ।੨।੨੭੨।

(ਮੂਲ) ਆਰਫ਼ਾਂਨੇ ਕਾਮਲਾਨੇ ਵਾਸਲਾਂ॥

ਨਾਮ ਓ ਦਾਰੰਦ ਦਾਯਮ ਬਰ ਜ਼ੁਬਾਂ॥

(ਟੀਕਾ) ਓਹ ਗਜਾਨਵਾਨ ਕਾਮਲ ਹੈਂ ਇਸਤੇ ਜੋ ਹਰੀ ਸੇ ਮਿਲਨੇ ਵਾਲੇ ਤੇ ਮਿਲਾਵਣੇ ਵਾਲੇ ਹੈਂ।੧। ਪੁਨਾ ਨਾਮ ਵਾਹਿਗੁਰੂਦਾ ਓਹੁ ਰਖਦੇ ਹੈਂ ਹਮੇਸਾਂ ਉਪਰ ਰਸਨਾਦੇ। ਭਾਵ ਆਪਤੇ ਜਪਦੇਹੈਂ ਨਾਮ ਤੇ ਹੋਰਾਂ ਨੂੰ ਜਪਾਂਵਦੇਹੈਂ ਏਹ ਦੌਲਤ ਹੈ ਮੀਤ੍ਰਾਂ ਪਾਸ।੨॥੨੭੩।

(ਮੂਲ) ਬੰਦਗੀਏ ਸ਼ਾਂ ਬਵੱਦ ਜ਼ਿਕਰੇ ਖ਼ੁਦਾ॥

ਦਉਲਤੇ ਜਾਵੇਦ ਬਾਸ਼ਦ ਹਕ ਨੁਮਾ॥

(ਟੀਕਾ) ਪੁਨਾ ਤਾਂਤੇ ਐ ਪਿਆਰੇ ਭਗਤੀ ਉਨਾਂਦੀ ਏਹਹੈ ਜੋ ਵਾਹਿਗੁਰੂ ਦਾ ਭਜਨ ਕਰਨਾ।੧। ਪੁਨਾ ਮਾਯਾ ਹਮੇਸਾਂਦੀ ਏਹੁ ਭਜਨ ਕਰਨਾ ਰੂਪੀ ਸਚੇ ਕੇ ਦਿਖਲਾਵਣ ਵਾਲੀ ਹੈ।੨।੨੭੪।

(ਮੂਲ) ਚੂੰ ਨੁਮਾਇਦ ਦਉਲਤੇ ਜਾਵੇਦ ਰੋ।

Digitized by Panjab Digital Library | www.panjabdigilib.org

**ਤੋ ਜ਼ਿ ਹਕ ਬਾਸ਼ੀ ਵ) ਹਕ ਬਾਸ਼ਦ ਜ਼ਿਤੋ ॥**

(ਟੀਕਾ) ਜਬ ਦਿਖਲਾਵੈ ਮਾਯਾ ਹਮੇਸਾਂਦੀ ਮੁਖ। ਭਾਵ ਸਬ ਭਜਨ ਕੇਵਲ ਦ੍ਰਿੜ੍ਹ ਹੋਜਾਵੇ ਤੇਰੇ ਕੋ। ੧। ਫਿਰ ਤੂੰ ਸਭੇਸੇ ਹੋਵੈਂ ਅਭੇਦ ਅਰੁ ਸਚਾ ਤੇਰੇ ਸੇ ਹੋਵੇ ਅਭੇਦ। ਪ੍ਰਮਾਨ ਜਿਉਂ ਜਲ ਮੈ ਜਲ ਆਇ ਖਟਾਨਾ। ਤਿਉਂ ਜੋਤੀ ਸੰਗ ਜੋਤਿ ਸਮਾਨਾ। (ਸੁਖਮਨੀ ਸਲੋਕ) ਭਾਵ ਸਰੀਰਦੇ ਅੰਤਨੂੰ ਲੀਨ ਤੇ ਸਰੀਰ ਹੋਂਦਿਆਂ ੨ ਤੇਰੇ ਕੌ ਸਾਖਯਾਤ ਹੋਵੈ। ੨। ੨੭੫॥

**(ਮੂਲ) ਦਰ ਦਿਲ ਤੁ ਗਾਰ ਹਕ ਪਰਤੋ ਬਰ ਫ਼ਿਕੰਦ॥**
**ਖ਼ਾਰ ਹਿਜ਼ਰ ਤੁ ਰਾ ਜ਼ਿ ਪਾਇ ਦਿਲ ਬਿਕੰਦ॥**

[ਟੀਕਾ] ਪੁਨਾ ਓਹੀ ਅੰਦਰ ਦਿਲ ਤੇਰੇ ਦੇ ਜਬ ਸਚਨੇ ਪ੍ਰਕਾਸ਼ ਸੁਸਟ ਡਾਲਿਆ। ਭਾਵ ਆਪਣੇ ਆਪਦਾ ਗਿਆਨ ਦੀਆ ਸਾਖਯਾਤ ਹੂਆ।੧। ਕੰਡਾ ਵਿਛੋੜੇ ਤੇਰੇ ਦਾ ਦਿਲਰੂਪੀ ਪੈਰਾਂਸੇ ਕਢਿਆ। ਭਾਵ ਵਿਛੋੜਾ ਜਨਮਾਂ ੨ ਦਾ ਦੂਰ ਹੋਗਿਆ। ੨। ੨੭੬।

**(ਮੂਲ) ਖ਼ਾਰ ਹਿਜ਼ਰ ਅਜ਼ ਪਾਇ ਦਿਲ ਚੂੰ ਦੂਰ ਸ਼ੁਦ॥**
**ਖ਼ਾਨਹੇ ਦਿਲ ਅਜ਼ ਖ਼ੁਦਾ ਮਾਮੂਰ ਸ਼ੁਦ।**

(ਟੀਕਾ) ਪੁਨਾ ਕੰਡਾ ਵਿਛੋੜੇਦਾ ਦਿਲਰੂਪ ਪੈਰਾਂਸੇ ਜਬ ਦੂਰ ਹੂਆ। ਭਾਵ ਜਬ ਭਰਮ ਜਨਮਾਂਦਾ ਜਮਾਂਦਾ ਦੂਰ ਭਯਾ। ੧। ਤਬ ਦਿਲ ਰੂਪੀ ਘਰ ਵਾਹਿਗੁਰੂਸੇ ਲਬਾਲਬ ਹੂਆ ਜਾਣ॥੨। ੨੭੭।

**(ਮੂਲ) ਹਮਚੁ ਕਤਰਹ ਕੋ) ਬ ਦਰੀਯਾ ਦਰਫ਼ਿਤਾਦ॥**
**ਐਨ ਦਰੀਆ ਗਸ਼ਤ) ਵਸਲ ਸ ਦਸਤ ਦਾਦ॥**

(ਟੀਕਾ) ਪੁਨਾ ਨਿਸਚਤ ਮਾਨਿੰਦ ਦਰੀਆਕੀ ਬੂੰਦਦੇ ਜੋ ਜਗਜਾਸੂਕਾ ਰਿਦਾ ਬੀਚ ਹਰੀਰੂਪੀ ਦਰੀਆਦੇ ਪੜਿਆਂ। ਭਾਵ ਜਬ ਰਿਦਾ ਤਦਾਕਾਰ ਹੂਆ ਨਾਮ ਮੈ। ੧। ਤਬ ਜਿਉਕਾ ਤਿਉ ਦਰੀਆ ਰੂਪ ਹੂਆ ਮਿਲਾਪ ਉਸ ਕੇ ਨੇ ਹਥ ਦਿਤਾ। ਭਾਵ ਸਾਖਯਾਤ ਹੋਯਾ।੨। ੨੭੯।

**(ਮੂਲ) ਕਤਰਹੇ ਚੂੰ ਸ਼ੁਦ ਬ ਦਰੀਯਾ ਆਸ਼ਨਾ॥**

Digitized by Panjab Digital Library | www.panjabdigilib.org

**ਬਾਦ ਅਜ਼ਾਂ ਤਫਰੀਕ ਨ ਤਵਾਂ ਸ਼ੁਦ ਜਿਜ਼ਾਂ ॥**

[ਟੀਕਾ] ਰਿਦਾ ਜਬ ਹੋਗਿਆ ਸਾਬ ਦਰੀਯਾਰੂਪ ਵਾਹਿਗੁਰੂ ਦੇ ਅਸਲੀ ਪ੍ਰੇਮੀ ।੧। ਇਸ ਅਸਲੀ ਪ੍ਰੇਮ ਹੋਣੇਤੇ ਫਿਰ ਨਿਆਰਾ ਨਹੀਂ ਹੋ ਸਕਦਾ ਉਸਸੇ । ੨ ੨੮੯

**(ਮੂਲ) ਕਤਰਹੇ ਚੂੰ ਜਾਨਬੇ ਦਰੀਯਾ ਸਿਤਾਫਤ ॥**
**ਅਜ਼ ਰਹੇ ਤਫਰੀਕ ਖ਼ੁਦਰਾ ਕਤਰਹ ਯਾਫਤ ॥**

[ਟੀਕਾ] ਰਿਦਾਰੂਪੀ ਤਰੰਗ ਜਬ ਹਰੀਰੂਪੀ ਦਰੀਆਕੀ ਤ੍ਰਫ ਦੌੜਿਆ ਭਾਵ ਜਗਜਾਸੂਕਾ ਰਿਦਾ ਜਬ ਸਾਧਨਾਮੇ ਅਭ੍ਯਾਸਮੈਂ ਲਗਾ ।੧। ਤਬ ਸੰਸਾਰ ਵਲੋਂ ਰਸਤੇ ਜੁਦਾਈਕੇ ਜਾਣੇਸੇ ਆਪਣੇਆਪ ਤ੍ਰਾਂਈ ਜੀਵਨੇ ਪਾਯਾ।੨।੨੯੦।

**(ਮੂਲ) ਕਤਰਹ ਰਾ ਈਂ ਦਉਲਤੇ ਚੂੰ ਦਸਤ ਦਾਦ ॥**
**ਕਤਰਹ ਸ਼ੁਦ ਅੰਦਰ ਹਕੀਕਤ ਬਾ ਮੁਰਾਦ ॥**

(ਟੀਕਾ) ਜਗਜਾਸੂਕੇ ਰਿਦੇਤਾਂਈ ਇਸ ਭਗਤੀ ਅਰੁ ਸੰਗਤਰੂਪੀ ਮਾਯਾਨੇ ਜਬ ਹਥ ਦਿਤਾ ਭਾਵ ਜਬਦ੍ਰਿੜ ਹੋਗਈ ਭਗਤੀ ।੧। ਤਬ ਜਗਜਾਸੂ ਹੂਆ ਰਿਦੇ ਅੰਦਰ ਸਾਬ ਮੁਰਾਦਾਂਦੇ) ਭਾਵ ਰਿਦੇਦੀਆਂ ਮੁਰਾਦਾਂ ਪੂਰੀਆਂ ਹੋਈਆਂ ।੨ ।੨੯੧। ਪ੍ਰਸਨ ਐਸੇ ਪ੍ਰਾਪਤ ਵਾਲੇਸੰਤ ਜਗਜਾਸੂ ਜਬਆਪਸਮੈ ਮਿਲਕੈ ਬੈਠਤੇਹੈਂ ਤਬ ਉਹ ਆਪਣੀ ਸਾਧਨਾਕਾਲਦਾਹਾਲ ਅਰੁ ਫਲਦੀ ਪ੍ਰਾਪਤੀਦਾਹਾਲਭੀਕਛੀਕਛ ਕਹਤੇਹੈਂ ਤਾਂਤੇ ਜੋਕਹਤੇਹੈਂ ਸੋਆਪਕਹੀਏਜੀ ਉਤ੍ਰ

**(ਮੂਲ) ਗੁਫਤਮਨ ਯਕ ਕਤਰਹ ਆਬ ਬੂਦਹਅਮ ॥**
**ਪ੍ਰਹਿਨ ਦਰੀਯਾ ਰਾ ਚੁਨਾ ਪੈਮੂਦਹਅਮ ॥**

[ਟੀਕਾ] ਪ੍ਰਾਪਤੀਵਾਲੇ ਸੰਤ ਜਗਜਾਸੂਐਸੇਕਹਤੇਹੈਂ ਜੋ ਹੇਭਾਈਓ ਦੇਖੀਏ ਮੈ ਇਕ ਬੂੰਦ ਜਲਦੀ ਥਾ ।੧। ਅਬ ਪਾੜੇ ਦਰੀਯਾਕੇ ਤਾਂਈ ਐਸੇਹੀ ਮਿਣ ਲਿਆਹੈ । ਭਾਵ ਸੰਤਾਤੇਗੁਰਾਂਦੀ ਦਯਾਤੇ ਸੰਸਾਰਦਾ ਤੇ ਬ੍ਰਹਮਦਾ ਭੇਦਜਾਣ ਲਿਆਹੈ ਕੇ ਸੰਸਾਰ ਬ੍ਰਹਮ ਰੂਪਹੈ ਅਥਵਾ ਬ੍ਰਹਮ ਸਤਰੂਪਹੈ ਅਰੁ ਜਗਤ ਮਥਯਾਰੂਪਹੈ ।੨।੨੯੨।

Digitized by Panjab Digital Library | www.panjabdigilib.org

(ਮੂਲ) ਗਰ ਮਰਾ ਦਰੀਯਾ ਜ਼ਿ ਰਾਹੇ ਲੁਤਫ ਖੇਸ਼॥
ਵਾਸਲੇ ਖੁਦ ਕਰਦ ਅਜ਼ ਅੰਦਾਜ਼ਹ ਬੇਸ਼॥

(ਟੀਕਾ) ਜਬ ਮੇਰੇਤਾਂਈ ਦਰੀਯਾਰੂਪ ਬ੍ਰਹਮਨੇ ਰਸਤਾ ਮਿਲਨੇ ਦਾ ਕ੍ਰਿਪਾ ਆਪਣੀ ਸੇ ਦਿਖਾਯਾ। ਭਾਵ ਸਤਸੰਗ ਪ੍ਰਾਪਤਕੀਤਾ। ੧। ਤਬ ਆਪਣੇ ਸਾਥ ਮਿਲਨੇ ਵਾਲਾ ਕੀਤਾ ਤਿਸਕਰ ਅੰਦਾਜੇਸੇ ਬੇਅੰਦਾਜਾ ਕੀਤਾ। ਭਾਵ ਆਪਣਾਰੂਪ ਕਰਲੀਆ। ੨। ੨੯੩।

(ਮੂਲ) ਹਮ ਚੁ ਮਉਜ ਅਜ਼ ਪਹਿਨ ਦਰੀਯਾਰੋ ਨਮੂਦ॥
ਮਉਜ ਗਸ਼ਤੇ ਕਰਦ ਦਰੀਯਾਰਾ ਸਜੂਦ॥

(ਟੀਕਾ) ਪੁਨਾ ਜਬ ਲਹਰਨੇ ਪਾੜੇ ਸੇ ਦਰੀਯਾਕਾ ਮੁਖ ਦੇਖਣਾ ਵਾ ਲਹਰਨੂੰ ਪਾੜੇਸੇ ਦਰੀਯਾਨੇ ਮੁਖ ਦਿਖਾਯਾ। ੧। ਤਬ ਲਹਰ ਕਰਦੀ ਹੋਈ ਦਰਯਾਕੇਤਾਂਈ ਨਿਮਸਕਾਰ ਭਾਵ ਜਬ ਜੀਵਕੋ ਸਾਖਸ਼ਾਤਕਾਰ ਬ੍ਰਹਮ ਹੂਆ ਤਬ ਦੇਖਕੈ ਸਾਮਣੇ ਬ੍ਰਹਮਕੋ ਜੀਵ ਨਿਮ੍ਰਤਾਸੇ ਨਿਮਸਕਾਰ ਕਰਦਾ ਭੂਯਾ।੨।੨੯੪॥

(ਮੂਲ) ਹਮ ਚੁਨਾ ਹਰ ਬੰਦਹੇ ਕੋ ਵਾਸਲ ਅਸਤ॥
ਦਰ ਤਰੀਕੇ ਬੰਦਗੀ ਬਸ ਕਾਮਿਲ ਅਸਤ॥

(ਟੀਕਾ) ਭੀ ਐਸੇਹੀ ਹਰਇਕ ਬੰਦਿਆਂਸੇ ਜੋ ਮਿਲਨੇਵਾਲੇ ਹੂਏਹੈਂ।੧। ਓਹੁ ਬੀਚ ਰਸਤੇ ਭਗਤੀਕੇ ਬੌਤਹੀ ਪੂਰਨ ਹੂਏਹੈਂ। ੨। ੨੯੫। ਪ੍ਰਸ਼ਨ ਆਪਨੇ ਜੀਵਦਾ ਈਸ਼੍ਵਰਸੇ ਮਿਲਨਾ ਕਹਣਾ ਹੈ ਸੋਮਿਲਨਾ ਭਿੰਨ ੨ ਵਸਤੂਦਾ ਹੋਂਦਾਹੈ ਅਰੁ ਜੀਵਤੇਈਸ਼੍ਵਰ ਵਾਸਤਵਤੇ ਇਕ ਕਹੀਦੇਹੈਂ ਫੇਰਭੇਦਕੈਸੇ ਜਾਨੀਏ ਉਤ੍ਰ

(ਮੂਲ) ਮਉਜ ਦਰੀਯਾ ਗਰਚਿ ਦਰ ਮਾਯਨੀ ਯਕੇਸਤ॥
ਬਾਜ਼ ਅੰਦਰ ਈਂ ਵ ਆਂ ਫਰਕੇ ਬਸੇਸਤ॥

[ਟੀਕਾ] ਲੈਹਰ ਅਰੁ ਦਰੀਯਾ ਯਦਪਿ ਬੀਚ ਅਰਥਦੇ ਜਲ ੨ ਭਾਵਸੇ ਇਕੋ ਹੀਹੈਂ। ੧। ਫਿਰਭੀ ਬੀਚ ਇਸ ਲਹਰਦੇ ਅਰ ਉਸ ਦਰੀਯਾਦੇ ਭੇਦ ਬੌਤਹੈ ਭਾਵ ਏਹਜੋ ਲਹਰਤੁਛਹੈ ਅਰੁ ਲਹਰਦਾ ਅੰਤਜਾਨਾ ਜਾਤਾਹੈ ਤੇ ਲਹਰਦੇ ਆਸਰੇਵਾਲੇ ਜੰਤੂ ਫੜੇ ਜਾਤੇਹੈਂ ਸੀਘ੍ਰਤਤੇ ਉਨਾਕਾ ਬਚਨਾ ਨਹੀ ਹੋਸਕਤਾ ਅਰੁ ਦਰੀਯਾਕਾ ਅੰਤ ਨਹੀ ਜਾਨਾ ਜਾਤਾ ਤੇ ਦਰੀਯਾਕੇ ਜੰਤੂ ਫੜਨੇਭੀ ਔਖੇ ਹੋਤੇਹੈਂ

Digitized by Panjab Digital Library | www.panjabdigilib.org

। ਓਹੀ ਫੜਿਆ ਜਾਤਾ ਹੈ ਸੋ ਲੋਭ ਸੇ ਬਾਹਰ ਆਜਾਵੈ ਐਵੇਂ ਨਹੀ ਫੜਿਆ ਜਾਤਾ ਜੇ ਬੀ ਚਹੀਰ ਹੇ ਹੋਰ ਉਨਾ ਜੰਤੂਆਂ ਕੋ ਈ ਭੈ ਨਹੀ ਐਸੇ ਹੀ ਦ੍ਰਿਸ਼ਟਾਂਤ ਮੈ ਯਦਪਿ ਅੰਸ ਅੰਸੀ ਭਾਵ ਸੇ ਇਕੋ ਹੈਂ ਪਰੰਤੂ ਸਰਬਗਜਤਾ ਆਦੀ ਤੇ ਅਲਪਗਤਾ ਆਦੀ ਬੌਤ ਭੇਦ ਹੈ ਤਾਤੇ ਜੀਵ ਅਲਪਗ ਤੇ ਬਾਹਾ ਵਾਲਾ ਹੈ ਇਸ ਤੇ ਜੀਵ ਦੇ ਆਸਰੇ ਵਾਲਾ ਬਚ ਨਹੀ ਸਕਤਾ ਅਰੁ ਪ੍ਰਮੇਸਰ ਸਰਬਗ ਹੈ ਉਸ ਕੇ ਆਸਰੇ ਵਾਲਾ ਚੌਰਾਸੀ ਮੈ ਨਹੀ ਜਾਤਾ ਇਤਨਾ ਭੇਦ ਹੈ । ੨ । ੨੯੬ । ਪ੍ਰਸ਼ਨ ਆਪ ਦੇ ਕਹੇ ਅਨਸਾਰ ਸੰਤ ਪ੍ਰਮੇਸਰ ਇਕ ਰੂਪ ਹੈ ਪਰੰਤੂ ਸੰਤ ਪ੍ਰਮੇਸਰ ਰੂਪ ਹੋਨੇ ਤੇ ਫੇਰ ਆਪ ਕੋ ਕਿਆ ਜਨਾਵਤੇ ਹੈਂ ਉਤ੍ਰ ਯਦਪਿ ਸੰਤ ਜਨ ਭਜਨ ਕਰਨੇ ਵਾਲੇ ਪ੍ਰਮੇਸਰ ਰੂਪ ਹੈਂ ਤੋ ਭੀ ਆਪਨਾ ਆਪ ਨਹੀ ਜਨਾਵਤੇ ਉਨਾ ਕਾ ਜੋ ਨਿਸਚਾ ਹੋਤਾ ਹੈ ਸੋ ਕਹਤੇ ਹੈਂ ।

(ਮੂਲ) ਮਨ ਯਕੇ ਮਉਜੇ ਤੁ ਬਹਿਰੇ ਬੇਕਿਰਾਂ ॥
ਫ਼ਰਕ ਬਾਸ਼ਦ ਅਜ਼ ਜ਼ਿਮੀਨੋ ਆਸਮਾਂ ॥

( ਟੀਕਾ ) ਸੰਤ ਸਦਾ ਐਸੇ ਕਹਤੇ ਹੈਂ । ਹੇ ਵਾਹਿਗੁਰੂ ਹਮ ਤੋ ਇਕ ਲਹਰ ਦੇ ਮਾਨਿੰਦ ਤੁਛ ਹੈਂ ਅਰੁ ਤੂੰ ਦਰੀਆ ਬਿਨਾ ਕਨਾਰੇ ਤੇ ਹੈਂ ( ਭਾਵ ) ਬੇਅੰਤ ਹੈ ਤੂੰ । ੧ । ਜੀਵ ਕੇ ਪ੍ਰਮੇਸਰ ਰੂਪ ਹੋਨੇ ਮੈ ਬੌਤ ਭੇਦ ਹੈ ਪਾਯਾ ਹੈ ਕਿਤਨਾ ਕ ਜਿਤਨਾ ਧਰਤੀ ਸੇ ਆਕਾਸ਼ ਦਾ ਹੈ । ੨ । ੨੯੭ ।

(ਮੂਲ) ਮਨ ਨਿਯਮ ਈਂ ਜੁਮਲਹ ਅਜ਼ ਇਲਤਾਫ਼ਤ ॥
ਮਨ ਯਕੇ ਮਉਜਮ ਜ਼ਿ ਤਬਏ ਸਾਫ਼ੇ ਤੋ ॥

( ਟੀਕਾ ) ਪੁਨਾ ਹੇ ਵਾਹਿਗੁਰੂ ਮੈ ਕੁਛ ਨਹੀਂ ਹਾਂ ਏਹ ਤਮਾਮ ਗੁਣ ਵਡਿਆਈ ਆਦਰ ਹੋਣੀ ਕ੍ਰਿਪਾ ਤੇਰੀ ਸੇ ਹੈ । ਪ੍ਰਮਾਨ ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਮ ਨ ਜਾਣੈ ਮੇਰਾ ( ਮਹਲਾ ੫ ) । ੧ । ਪੁਨਾ ਹੇ ਵਾਹਿਗੁਰੂ ਮੈ ਇਕ ਲਹਰ ਉਤਪਤਿ ਹੂਆ, ਹਾਂ ਤੇਰੇ ਸੁਯਸੁ ਭਾਵ ਕਿਆ ਸੰਕਲਪ ਸੇ । ੨ । ੨੯੮ ॥

(ਮੂਲ) ਬਾ ਬਜ਼ੁਰਗਾਂ ਸੁਹਬਤੇ ਮੇਬਾਯਦਤ ॥
ਅਜ਼ ਹਮਹ ਅੱਵਲ ਹਮੀ ਮੇਸ਼ਾਇਦਤ ॥

(ਟੀਕਾ) ਐਸੇ ਨਿਸਚੇ ਵਾਲੇ ਅਰੁ ਨਿੰਮਰਤਾ ਵਾਲੇ ਜੋ ਹੈ ਸਾਥ ਉਨਾਂ ਸੰਤਾਂ

ਦੇ ਸੰਗਤਿ ਕਰਨੀ ਚਾਹੀ ਦੀ ਹੈ । ੧ । ਜਾਂਤੇ ਤਮਾਮ ਸਾਧਨਾ ਸੇ ਪਹਲਾਂ ਭੀ ਸੰਗ ਤਿ ਕਰਨੀ ਚਾਹੀਦੀ ਹੈ । ੨ । ੨੮੯ ।

(ਮੂਲ) ਕਾਦਰੇ ਮੁਤਲਕ ਬਕੁਦਰਤਿ ਜ਼ਾਹਰ ਅਸਤ ॥
ਦਰਮਿਯਾਨੇ ਕੁਦਰਤੇ ਖ਼ੁਦ ਕਾਦਰ ਅਸਤ ॥

(ਟੀਕਾ) ਪੁਨਾ ਸੰਤ ਐਸੇ ਉਪਦੇਸ ਕਰਤੇ ਹੈਂ ਜੋ ਹੇ ਭਾਈ ਸਮ੍ਰਥ ਅਦ੍ਵਤੀ ਵਾਹਿਗੁਰੂ ਜੋ ਹੈ ਓਹੁ ਬੀਚ ਮਾਯਕ ਸੰਸਾਰ ਦੇ ਪ੍ਰਗਟ ਹੈ । ੧ । ਪੁਨਾ ਬੀਚ ਮਾਯਕ ਸਰੀਰਾਂ ਦੇ ਓਹੁ ਆਪ ਵਾਹਿਗੁਰੂ ਸਮਰਥ ਹੈ । ਭਾਵ ਸਭ ਮੈ ਪੂਰਨ ਹੈ । ੨ । ੨੯੦ ।

(ਮੂਲ) ਕਾਦਰੋ ਕੁਦਰਤਿ ਬਹਮ ਆਮੇਖ਼ਤੰਦ ॥
ਆਂ ਮਤਾਇ ਗ਼ੈਰ ਹਕ ਰਾ ਰੇਖ਼ਤੰਦ ॥

(ਟੀਕਾ) ਪੁਨਾ ਹੇ ਭਾਈ ਪ੍ਰਮੇਸਰ ਅਰੁ ਮਾਯਾ ਆਪਸ ਬੀਚ ਮਿਲੇ ਹੂਏ ਹੈਂ । ਭਾਵ ਦਿਰਸਦਮਾਨ ਆਕਾਰ ਮਾਯਾ ਹੈ ਅਰੁ ਚਿਤੰਨਤਾ ਚੇਤਨਕੀ ਹੈ ।੧। ਜਾਂਤੇ ਓਹੁ ਸੰਤਜਨ ਬਿਨਾ ਉਸ ਸਚੇ ਕੇ ਮਾਯਾਤਾਂਈ ਡੋਲਤੇ ਹੈ । ਭਾਵ ਮਾਯਾ ਭਾਗਕੋ ਤਯਾਗਤੇ ਹੈਂ ਜੜਰੂਪ ਜਾਨਕੈ ਅਰ ਚੇਤਨਕੋ ਗ੍ਰਹਣ ਕਰਤੇ ਹੈ ਚਿਤੰਨਰੂਪ ਤੇ ਸਤਰੂਪ ਜਾਨਕੈ ਪੁਨਾ ਚੇਤਨਕਰ ਮਾਯਾ ਚੇਸਟਾ ਕਰਤੀ ਹੈ ਅਰੁ ਚੇਤਨਬਿਨਾ ਆਪਣੇਆਪ ਜੜਹੈ ਕੁਛਨਹੀ ਕਰ ਸਕਤੀ ਇਸਰੀਤੀ ਕਰ ਗ੍ਰਹਣ ਤਯਾਗ ਕਰਤੇ ਹੈ । ੨ । ੨੯੧ ।

(ਮੂਲ) ਪਸ ਤੁਰਾ ਹਮ ਬਾਯਦ ਏ ਯਾਰੇ ਅਜ਼ੀਜ਼ ॥
ਹਕ ਕੁਦਾਮੋ ਤੋ ਕੁਦਾਮੀ ਕੁਨ ਤਮੀਜ਼ ॥

[ਟੀਕਾ] ਐਸੇ ਨਿਰਨਾ ਕਰਕੈ ਗ੍ਰਹਣ ਤਯਾਗਵਾਲੇ ਜੋ ਸੰਤ ਹੈਂ ਉ ਨਾ ਕੇ ਪਾਸ ਜਾਕਰ । ਫੇਰ ਭੀ ਤੇਰੇਤਾਂਈ ਚਾਹੀਦਾ ਹੈ ਐ ਮਿਤਰ ਪਿਆਰੇ ਜੋ ਉਨਾਕੇ ਬਚਨ ਸੁਣੇ । ੧ । ਓਹ ਸੰਤ ਕਿਆ ਉਪਦੇਸ ਕਰਤੇ ਹੈਂ ਜੋ ਹੇ ਭਾਈ ਸਚੁ ਕਵਨ ਵਸਤੂ ਹੈ ਅਰ ਤੂੰ ਕਿਆ ਵਸਤੂ ਹੈਂ ਕਰਖਾਂ ਬੀਚਾਰ (ਭਾਵ) ਜਬ ਬੀਚਾਰ ਕੀਆ ਤਾ ਮਿਲਨੇਕਾ ਸੌਕ ਹੂਆ ਫਿਰ ਸੌਕਸੇ ਜਬ ਦਿਨੋ ਦਿਨ ਸੰਗਤਿ ਕਰਨੇ ਲਗਾ ਅਰੁ ਪੁਛਨੇ ਲਗਾ ਜੀ ਉਸ ਸਚੇ ਸੇ ਮਿਲਨਾ

Digitized by Panjab Digital Library | www.panjabdigilib.org

ਕੈਸੇ ਹੋਤ ਹੈ ਭੂਖਨ ਕੈ ਸੰਤ ਕਹਤੇ ਹੈਂ । ੨ । ੨੯੨ ॥

(ਮੂਲ) ਗਰ ਤੂ ਵਾਸਲ ਹਸਤਹ ਦਰ ਜ਼ਾਤਿ ਓ ॥
ਗ਼ੈਰ ਹਰਫ਼ੇ ਬੰਦਗੀ ਦੀਗਰ ਮਗੋ ॥

[ਟੀਕਾ] ਹੇ ਭਾਈ ਜੇ ਕਰ ਤੂੰ ਮਿਲਨੇ ਵਾਲਾ ਹੂਆ ਹੈਂ ਅੰਦਰ ਸਰੂਪ ਉਸਕੇ ਕੇ । ੧ । ਤੌ ਬਿਨਾ ਅਖਰ ਭਗਤੀ ਦੇ ਦੂਸਰਾ ਅਖਰ ਮਤ ਪੜ । ਭਾਵ ਭਗਤੀ ਬਿਨਾ ਹੋਰ ਕਰਮ ਨਾਕਰ । ੨ । ੨੯੩ ।

(ਮੂਲ) ਈਂ ਹਮਹ ਅਜ਼ ਦਉਲਤੇ ਈਂ ਬੰਦਗੀਸਤ ॥
ਜ਼ਿੰਦਗੀ ਬੇ ਬੰਦਗੀ ਸ਼ਰਮਿੰਦਗੀਸਤ ॥

[ਟੀਕਾ] ਤਾਂਤੇ ਦੇਖੀਏ ਹੇ ਭਾਈ ਏਹ ਤਮਾਮ ਜੋ ਮਯਸ਼ਾ ਹੈ ਪ੍ਰਤਖ ਅਰੁ ਦੇਵੀ ਸੰਪਤੀ ਰੂਪੀ ਏਹ ਸਭ ਭਗਤੀ ਸੇਹੀ ਪ੍ਰਾਪਤ ਹੋਤੀ ਹੈ । ੧ । ਅਰੁ ਜੀਵਣਾ ਬਿਨਾ ਭਗਤੀ ਤੇ ਖਰਾਬੀ ਹੈ ਸਾਰੀ ਉਮ੍ਰ ਲੋਕ ਪਰਲੋਕ ਮੇ । ੨ । ੨੯੪ ॥

(ਮੂਲ) ਹਕ ਤਆਲਾ ਬੰਦਗੀ ਫ਼ਰਮੂਦਹ ਅਸਤ ॥
ਹਰਕਸੇ ਦਰ ਬੰਦਗੀ ਆਸੂਦਹ ਅਸਤ ॥

[ਟੀਕਾ] ਕਿਉਂਜੋ ਸਚੇ ਵਾਹਿਗੁਰੂ ਨੇ ਭਗਤੀ ਕਰਨੀ ਫੁਰਮਾਈ ਹੈ । ੧ । ਜੋ ਕੋਈ ਬੀਚ ਭਗਤੀ ਦੇ ਹੈ ਉਸਨੂ ਖੁਸੀ ਪ੍ਰਸੰਨ ਤਾ ਹੋਤੀ ਹੈ । ੨ । ੨੯੫ ।

(ਮੂਲ) ਚੂੰ ਅਨਲ ਹਕ ਬਰ ਜ਼ੁਬਾਂ ਇਜ਼ਹਾਰ ਕਰਦ ॥
ਸ਼ਰੈਈਂ ਮਨਸੂਰ ਰਾ ਬਰ ਦਾਰ ਕਰਦ ॥

[ਟੀਕਾ] ਦੇਖੀਏ ਭਗਤੀ ਤੇ ਬਿਨਾ ਜਬ ਮਨਸੂਰਨੇ ਮੈਸਰਾ ਪ੍ਰਮੇਸਰ ਹਾਂ ੨ ਉਪ੍ਰ ਰਸਨਾ ਦੇ ਪ੍ਰਗਟ ਕੀਤਾ । ੧ । ਤਬੀ ਸਰਈਆਂ ਕਰਮਕਾਂਡੀਆਂ ਨੇ ਮਨਸੂਰ ਕੇ ਤਾਂਈ ਉਪਰ ਸੂਲੀ ਦੇ ਚੜਾਉਣਾ ਕੀਤਾ । ਭਾਵ ਐਸੇ ਪ੍ਰਗਟ ਨਹੀ ਕਹਨਾ ਚਾਹੀਏ ਕਿਉਂਜੋ ਇਕਤਾ ਹੰਕਾਰ ਸਿਧ ਹੋਤਾ ਹੈ ਦੂਜਾ ਸੰਸਾਰ ਸਾਧਨਾ ਕੋ ਤਯਾਗ ਕੈ ਕੁਕਰਮ ਕਰਨੇ ਲਗਜਾਤਾ ਹੈ । ੨ । ੨੯੬ । ਪ੍ਰਸਨ ਆਪ ਕਾ ਕਹਨਾ ਠੀਕ ਹੈ ਪ੍ਰੰਤੂ ਜਬ ਬ੍ਰਹਮ ਕੀ ਸਾਖਯਾਤ ਤਾ ਹੋਤੀ ਹੈ ਤਬ ਸ਼ਰੀਰ ਕੀ ਬਾਣੀ ਕੀ ਰਜਾਅ ਨਹੀ ਹੋਤੀ ਬੇਹੋਸੀ ਸੇ ਸੁਤੇ ਕਹਨੇ ਲਗ ਜਾਤੇ ਹੈ ਜਾਨ ਕੈ ਨਹੀ ਕਹਤੇ ਉਤ੍ਰ ।

Digitized by Panjab Digital Library | www.panjabdigilib.org

(ਮੂਲ) ਮਸਤੀਏ ਹਕ ਮਾਯਨੀਏ ਹੁਸ਼ਯਾਰੀ ਅਸਤ ॥
ਆਰਫਾਂ ਰਾ ਖ਼ਾਬ ਹਮ ਬੇਦਾਰੀ ਅਸਤ ॥

(ਟੀਕਾ) ਸਚੇ ਕੇ ਆਨੰਦ ਕੀ ਪ੍ਰਾਪਤੀ ਕਾ ਅਰਥ ਹੁਸਯਾਰੀ ਹੈ। ਭਾਵ। ਸਾਖਯਾਤਕਾਰ ਕੇ ਆਨੰਦ ਮੇ ਬੇਹੋਸੀ ਨਹੀ ਹੋਤੀ ਸਾਖਯਾਤਕਾਰ ਸੇ ਹੁਸਯਾਰੀ ਮਿਲਆ ਕਰਤੀ ਹੈ। ੧। ਤਾਂਤੇ ਹੇ ਭਾਈ ਆਨੰਦ ਵਾਲੇ ਗਯਾਨਵਾਨਾ ਦਾ ਸੌਣਾ ਜੋ ਹੈ ਓਹ ਭੀ ਜਾਗਣਾ ਹੀ ਜਾਣ ਕਿਉਂਜੋ ਆਨੰਦਵਾਲੇ ਕਭੀ ਵਿਹਾਰ ਪ੍ਰਮਾਰਥ ਸੇ ਭੁਲਦੇ ਨਹੀ। ਪ੍ਰਮਾਨ ਊਠਤ ਬੈਠਤ ਸੋਵਤ ਨਾਮ। ਕਹੁ ਨਾਨਕ ਜਨ ਕੇ ਸਦ ਕਾਮ। ਜੈਸੇ ਅਚਾਰਜ ਗੁਰੂ ਕਾ ਮਤ ਹੋਵੈ ਉਸ ਮੇਹੀ ਵਰਤਤੇ ਹੈਂ ਹਰ ਵਖਤ ਜੇੜ੍ਹਾ ਨਾਮ ਜਪਣਾ ਹੈ ਇਸ ਮੈ ਓਹੁ ਭੀ ਨੇੜੀ ਸਾਧਨਆ ਛੁਹੇ ਹੈਂ ।੨।੨੯੭ ਪ੍ਰਸਨ ਜੇੜ੍ਹੇ ਜੀਵ ਭਗਤੀ ਕੋ ਭੁਲਾਕਰ ਕੁਛ ਆਪਣੀ ਹੰਗਤਾ ਕਰਤੇ ਹੈਂ ਤਿਨਾ ਕੀ ਦਸਾ ਕਹੀਏ ਜੀ। ਉਤ੍ਰ

(ਮੂਲ) ਦਰ ਹਕੀਕਤ ਬੇ ਅਦਬ ਯਾਬਦ ਸਜ਼ਾ ॥
ਚੂੰ ਅਦਬ ਆਮਦ ਹਮਹ ਰਾ ਰਹਿਨੁਮਾ ॥

(ਟੀਕਾ) ਬੀਚ ਸਚਿਆਈ ਦੇ ਬਿਅਦਬੀ ਕਰਨੇਵਾਲੇ ਸਜਾ ਪਾਂਵਦੇ ਹੈਂ। ਭਾਵ। ਹੰਕਾਰੀ ਜਮਦੇ ਮਰਦੇ ਹੈਂ ਪੁਨਾ ੨।੧। ਇਸੇ ਵਾਸਤੇ ਜੋ ਅਦਬ ਨਿਰਅਭਿਮਾਨਪਦ ਆਯਾ ਹੈ ਸੰਸਾਰ ਮੈ ਤਮਾਮ ਜੀਵਾਂ ਤਾਂਈ ਰਸਤਾ ਜਨਮਾਂ ਤੇ ਛੁਟਨੇ ਦਾ ਦਿਖਲਾਨਵਾਲਾ। ਭਾਵ। ਅਦਬ ਕਰਨੇ ਸੇ ਸਭੀ ਗੁਣ ਅਰੁ ਮਰਾਤਬਜਾਂ ਕੀ ਪ੍ਰਾਪਤੀ ਹੋਤੀ ਹੈ ਤਾਂਤੇ ਏਹ ਅਦਬ ਕਰਨਾ ਭੀ ਭਗਤੀ ਮੇ ਹੈ। ੨। ੨੯੮। ਪ੍ਰਸਨ ਆਪਦਾ ਭੀ ਸਿਧਾਂਤ ਤੇ ਹੋਰ ਸਾਸਤ੍ਰਾਂ ਦਾ ਭੀ ਸਿਧਾਂਤ ਏਹੀ ਹੈ ਕੇ ਭਗਤੀ ਗਯਾਨ ਕਰ ਪ੍ਰਮੇਸਰ ਰੂਪ ਹੋਜਾਂਦਾ ਹੈ ਜਬ ਪ੍ਰਮੇਸਰ ਸੇ ਅਭੇਦ ਹੋਗਿਆ ਤਬ ਫੇਰ ਨਿਸਕਰਤਬ ਹੋਤਾ ਹੈ ਕੋਈ ਕਰ ਤਬ ਕਰਨਾ ਨਹੀ ਰਹਿਤਾ ਏਹ ਭੇਦ ਕਹੀਏ ਜੀ। ਉਤ੍ਰ

(ਮੂਲ) ਗਰ ਤੂ ਸਰ ਤਾ ਪਾ ਹਮਹ ਹਕ ਗਸ਼ਤਹ ਈ ॥
ਵਾਸਲੇ ਬੇਚੂੰਨ ਮੁਤਲਕ ਗਸ਼ਤਹ ਈ ॥

[ਟੀਕਾ] ਜੇਕਰ ਤੂੰ ਸਿਰ ਸੇ ਲੇਕਰ ਪੈਰਾਂ ਤਕ ਤਮਾਮ ਸਚੇ ਦਾ ਰੂਪ ਹੀ ਹੂਆ ਹੈਂ। ੧। ਪੁਨਾ ਮਿਲਨੇਵਾਲਾ ਨਿਸਚੇ ਕਰਕੇ ਅਦੁਤੀ ਵਾਹਿਗੁਰੂ ਕਾ ਹੂਆ ਹੈਂ। ਭਾਵ। ਅਭੇਦ ਹੂਆ ਹੈਂ ।੨।੨੯੯।

Digitized by Panjab Digital Library | www.panjabdigilib.org

(ਮੂਲ) ਬਾਜ ਰਾਹੇ ਬੰਦਗੀ ਦਰਪੇਸ਼ ਗੀਰ ॥
ਬੰਦਹੇ ਓ ਬਾਸ਼ ਰਾਹੇ ਖੇਸ਼ ਗੀਰ ॥

[ਟੀਕਾ] ਤੂੰ ਫੇਰਭੀ ਰਸਤਾ ਭਗਤੀਕਾ ਅਗੇਨੂੰ ਪਕੜ । ਭਾਵ । ਅਚਾਰਜ ਗੁਰੂਮਤ ਧਾਰਕੇ ਜਗਜਾਸੂਆਨੂੰ ਭਗਤੀ ਕਰਾਵਣੀ ਕਿਉਂਕੇ ਕਲਿਜੁਗਕਾ ਸਮਾਹੈ ਇਸਮੈ ਹੋਰਕੋਈ ਸਾਧਨ ਪੂਰਾ ਨਹੀ ਹੋਂਦਾ ਦੂਜਾ ਭਗਤੀ ਦੀ ਦ੍ਰਿੜਤਾਵਾਲਾ ਗਿਆਇਮਾਨ ਨਹੀਂ ਹੋਂਦਾ ਨਿਰਹੰਕਾਰ ਹੋਨੇਤੇ । ੧ । ਤਾਂਤੇ ਨਿਰੰਕਾਰ ਭਜਨਕਰੇ ਦਾਸ ਉਸ ਵਾਹਿਗੁਰੂਕਾ ਹੋਹੁ ਬਾਣੀਕਰ ਅਰੁ ਰਸਤਾ ਆਪਣਾ ਦਾਸੀਭਾਵਦਾ ਪਕੜਤਨਕਰ । ਭਾਵ । ਭਗਤੀ ਕਰਬਾਣੀਤੇ ਨਾਮਦਾ ਉਚਾਰਨ ਅਰੁ ਸੁਭਸਿਖਜ ਅਰੁ ਤਨਕਰ ਸੇਵਾ ਨਿਮ੍ਰਤਾ ਕਰਨੀ । ਭੇ ਜਣਾਮਤ ਜੈਸੇ ਕਹਿਹਾਂ । ੨ । ੩੦੦ ।

(ਮੂਲ) ਦਰ ਹਮਹ ਹਾਲਤ ਖੁਦਾ ਹਾਜ਼ਰ ਬਿਬੀਂ ॥
ਹਾਜ਼ਰੋ ਮਨਜ਼ੂਰ ਹਮ ਨਜ਼ਰ ਬਿਬੀਂ ॥

[ਟੀਕਾ] ਪੁਨਾ ਬੀਚ ਤਮਾਮ ਹਵਾਲਾਂਦੇ ਵਾਹਿਗੁਰੂ ਨੂੰ ਪ੍ਰਗਟਦੇਖ ਤੂੰ ਮਨ ਕਰਕੇ । ੧ । ਪੁਨਾ ਏਹ ਜਾਨਸੋ ਵਾਹਿਗੁਰੂ ਨੇੜੇਹੈ ਅਰੁ ਭਗਤਾਂ ਦਾਸਾਂਦੇ ਦਿਲਦੀਆਂ ਬਾਤਾਂ ਮਨਜ਼ੂਰ ਕਿਆ ਪੂਰੀਆ ਕਰਤਾਹੈ ਪੁਨਾ ਸਾਖੀ ਭੂਤ ਦੇਖ ਤੂੰ । ੨ । ੩੦੧ । ਸ੍ਰੋਤਜਾਂਕਾ ਮਗਨ ਹੋਣਾ ਦੇਖਕੈ ਅਰੁ ਕਈਤਰਾਂਦੇ ਸੰਕਲਪ ਉਠਾਂਵਦੇ ਜਾਨਕਰ ਪਿਛਲੇ ਪ੍ਰਸੰਗਕੀ ਪ੍ਰੌੜਤਾ ਵਾਸਤੇ ਪੁਨਾ ਓਹੀ ਪ੍ਰਸੰਗ ਕਹਤੇਹੈਂ ।

(ਮੂਲ) ਦਰ ਰਹੇ ਹਕ ਜੁਜ਼ ਅਦਬ ਤਾਲੀਮ ਨੇਸਤ ॥
ਤਾਲਬੇ ਓਰਾ ਬਜੁਜ਼ ਤਸਲੀਮ ਨੇਸਤ ॥

(ਟੀਕਾ) ਸਚੇਕੀ ਪ੍ਰਾਪਤੀਕੇ ਰਸਤੇ ਬੀਚ ਬਿਨਾ ਅਦਬ ਕਰਨੇਤੇ ਹੋਰ ਸਿਖਿਆ ਨਹੀ ਮੁਖ ਏਹੀ ਸਿਖਿਆ ਹੈ । ੧ । ਤਾਂਤੇ ਇਛਿਆਵਾਨ ਉਸਕੀ ਪ੍ਰਾਪਤੀ ਦਾ ਬਿਨਾ ਨਮਸਕਾਰਾਂ ਸੇਂ ਨਹੀਹੈ । ਭਾਵ । ਨਮਸਕਾਰ ਆਦੀ ਨਿੰਮ੍ਰਤਾ ਕੇ ਸਹਤ ਹੋਤਾ ਹੈ । ੨ । ੩੦੨ ।

(ਮੂਲ) ਤਾਲਬਾਨੇ ਹਕ ਹਮੇਸ਼ਹ ਬਾ ਅਦਬ ॥
ਬਾ ਅਦਬ ਬਾਸ਼ੰਦ ਦਾਯਮ ਬਾ ਅਦਬ ॥

Digitized by Panjab Digital Library | www.panjabdigilib.org

[ਟੀਕਾ] ਇਛਿਆ ਵਾਨ ਸਭੋਕੇ ਸਦੀਵ ਸਾਥ ਅਦਬਦੇ ਹੋਤੇਹੈਂ। ।ਭਾਵ ।ਗੁਰਾਂਦਾ ਪ੍ਰਮੇਸ੍ਰ ਦਾ ਸੁਆਮੀ ਜਾਨਕੈ ਅਰੁ ਸੰਤਾਂਦਾ ਮਿਤ੍ਰ ਜਾਨਕੈਅਰੁ ਹੋਰਸੰਸਾਰਦਾ ਹਰੀ ਪੂਰਨ ਜਾਨਕੈ ਤੇ ਆਪਣਾ ਰੂਪਜਾਨਕੈ ਅਦਬ ਕਰਦੇਹੈਂ ।੧। ਤਾਂਤੇ ਸਾਥ ਅਦਬਦੇ ਹੋਹੁ ਸਦੀਵ ਸਾਥੁ ਅਦਬਦੇ ਹੋਹੁ ।੨।੩੦੩।

(ਮੂਲ) ਬੇ ਅਦਬ ਰਾ ਕੈ ਜਿ ਰਾਹੇ ਸ਼ਾਂ ਖ਼ਬਰ ॥
ਬੇ ਅਦਬ ਅਜ਼ ਹਕ ਹਮੇਸਹ ਬੇਖਬਰ ॥

(ਟੀਕਾ) ਬੇ ਅਦਬਾਕੇ ਤਾਂਈ ਕਬਉਸਕੀ ਪ੍ਰਾਪਤੀਕੇ ਰਸਤੇ ਸੇ ਖਬ੍ਰਹੈ (ਭਾਵ) ਖਬ੍ਰਨਹੀ ਹੋਤੀ।੧। ਤਾਤੇ ਬੇਅਦਬ ਜੋ ਹੈਂ ਸੋ ਸਚੇ ਸੇ ਸਦੀਵ ਅਗਜਾਤ ਹੋਤੇਹੈਂ। ਭਾਵ। ਪ੍ਰਮੇਸ੍ਰਸੇ ਅਪ੍ਰਾਪਤ ਰੈਂਤੇਹੈਂ।੨।੩੦੪।

(ਮੂਲ) ਬੇ ਅਦਬ ਹਰਗਿਜ਼ ਬਹਕ ਰਾਹੇ ਨ ਯਾਫ਼ਤ॥
ਰਾਹਿ ਹਕ ਰਾ ਹਰ ਗੁਮਰਾਹੇ ਨ ਯਾਫ਼ਤ॥

(ਟੀਕਾ) ਬੇਅਦਬ ਕਦਾਚਿਤ ਸਚੇਕੀ ਤਰਫਕਾ ਰਸਤਾ ਨਹੀ ਪਾਂਵਦੇ ।੧। ਪੁਨਾ ਸਚੇਕੀ ਪ੍ਰਾਪਤੀਦੇ ਰਸਤੇਨੂੰ ਕੁਛਭੀ ਭੁਲੇਹੋਏ ਬੇਅਦਬ ਨਹੀ ਪਾਂਵਦੇ ।੨।੩੦੫।

(ਮੂਲ) ਹਾਦੀਏ ਰਾਹੇ ਖੁਦਾ ਆਮਦ ਅਦਬ॥
ਬੇ ਅਦਬ ਖਾਲੀਸ੍ਤ ਅਜ਼ ਇਲਤਾਫ਼ ਰਬ ॥

[ਟੀਕਾ] ਪੁਨਾ ਵਾਹਿਗੁਰੂਦਾ ਰਸਤਾ ਦਿਖਾਲਣ ਵਾਲਾ ਅਦਬਹੀ ਸੰਸਾਰਮੇ ਆਯਾਹੈ ਤਾਂਤੇ ਸੰਤਾਂ ਗੁਰਾਂਕਾ ਅਦਬ ਕਰ ।੧। ਕਿਉਂਜੋ ਜੇੜੇ ਬੇ ਅਦਬਹੇ ਉਹੁ ਖਾਲੀ ਹੈ ਵਾਹਿਗੁਰੂਕੀ ਕ੍ਰਿਪਾ ਸੇ। ਭਾਵ। ਅਪ੍ਰਾਪਤ ਰੈਂਤੇਹੈਂ। ।੨।੩੦੬।

(ਮੂਲ) ਬੇ ਅਦਬ ਰਾਹੇ ਖੁਦਾ ਕੈ ਦਾਨਦਸ਼॥
ਹਰਕਿ ਰਾ ਕਹਰੇ ਖੁਦਾ ਮੇਰਾਨਦਸ ॥

( ਟੀਕਾ ) ਪੁਨਾ ਬੇਅਦਬ ਰਸਤਾ ਵਾਹਿਗੁਰੂਦਾ ਕਬ ਜਾਣਦੇ ਹੈ। ।ਭਾਵ। ਨਹੀ ਜਾਣਦੇ।੧। ਇਸੀਤੇ ਹਰ ਕਿਸੇ ਬੇਅਦਬ ਤਾਂਈ ਕਹਰ ਵਾਹਿਗੁਰੂਦਾਮਾਰਦਾ ਹੈ ।੨।੩੦੭। ਪ੍ਰਸਨ ।ਅਦਬਦਾ ਰਸਤਾ, ਕਿਸਸੇ ਮਿਲਤਾ ਹੈ ਸੋਕਹੀਏਜੀ ਉਤ੍ਰ

Digitized by Panjab Digital Library | www.panjabdigilib.org

(ਮੂਲ) ਦਰ ਪਨਾਹੇ ਸਾਯਹੇ ਮਰਦਾਨਿ ਹਕ ॥
ਗਰ ਰਵੀਦ ਆਂ ਜਾ ਅਦਬ ਯਾਬਦ ਸਬਕ ॥

( ਟੀਕਾ ) ਜੇ ਭਾਈ ਵਾਹਿਗੁਰੂਕੇ ਸੰਤਾਂਕੀ ਛਾਯਾ ਕੇ ਆਸਰ ਬੀਚ ।੧। ਜੇਕਰ ਜਾਵੈ ਤੂੰ ਤਾਂ ਉਸ ਜਗਾਮੇ ਪਾਵੇ ਤੂੰ ਅਦਬਦੀ ਸੰਥਾ ।੨। ।੨੦੮।

(ਮੂਲ) ਬੇ ਅਦਬ ਇੰਜਾ ਅਦਬ ਆਮੋਜ਼ ਸੁਦ ॥
ਈਂ ਚਰਾਗੇ ਗੁਲ ਜਹਾਂ ਅਫਰੋਜ਼ ਸੁਦ ॥

(ਟੀਕਾ) ਕਿਉਂਕੇ ਬੇਅਦਬ ਇਸ ਸਤਸੰਗਤਿਕੀ ਜਗਾਂ ਸੇ ਅਦਬ ਸਿਖਨੇ ਵਾਲੇ ਹੂਏ ਹੈਂ ਅਰੁ ਹੋਂਦੇ ਹੈਂ ।੧। ਤੂੰਤੇ ਏਹ ਅਦਬ ਰੂਪੀ ਸਮਾਂਦਾਨ ਬੁਝਿਆ ਹੂਆਂ ਸੰਸਾਰਮੇਂ ਪ੍ਰਕਾਸਮਾਨ ਹੂਆਹੈ ਅਰ ਹੋਤਾਹੈਸੰਗਤਸੇ।੨।੨੦੯॥

(ਮੂਲ) ਏ ਖੁਦਾ ਹਰ ਬੇਅਦਬ ਰਾ ਦਿਹ ਅਦਬ ॥
ਤਾ ਗੁਜ਼ਾਰਦ ਉਮਰ ਰਾ ਦਰ ਯਾਦਿ ਰਬ ॥

[ਟੀਕਾ]ਪੁਨਾ ਸੰਤ ਜੀਵਾਂਕੀ ਬੁਛਬੁਧੀ ਬਿਚਾਰਕੇਉਪਕਾਰ ਦ੍ਰਿਸਟੀਸੇ ਜੀਵਾਂਵਾਸਤੇ ਹਰੀ ਪਾਸ ਪ੍ਰਾਰਥਨਾਂ ਕਰਤੇਹੈਂ। ਹੇਵਾਹਿਗੁਰੂ ਹਰਇਕ ਬੇਅਦਬ ਕੇ ਤਾਂਈ ਅਦਬ ਕਰਨਾ ਦੇਹ।੧। ਜੇਕਰ ਹੇਰਬ ਤੂੰ ਅਦਬ ਕਰਨਾਦੇਵੈਂ ਤਾਂ ਜੀਵ ਗੁਜਾਰਨਾਕਰੈਂ ਅਵਸਥਾਕੇ ਤਾਂਈ ਅੰਦਰ ਭਗਤੀਦੇ।੨।੨੧੦।

(ਮੂਲ) ਗਰ ਬਿਯਾਬੀ ਲਜ਼ਤੇ ਅਜ਼ ਯਾਦਿਓ ॥
ਜ਼ਿੰਦਹ ਬਾਸ਼ੀ ਦਾਯਮਾ ਏ ਨੇਕ ਖੋਇ ॥

(ਟੀਕਾ) ਐਸੇ ਪਰਉਪਕਾਰੀ ਸੰਤਾਪਾਸਜਾਕੇ ਜੇਕਰ ਪਾਵੇ ਸੁਆਦ ਉਸਕੀ ਭਗਤੀ ਸੇ। ਭਾਵ। ਅਦਬ ਕਰਨਾ ਤੇ ਭਜਨ ਕਰਨਾ ਧਾਰਨ ਕਰੈਂ ।੧। ਤੌ ਐਭਲੇਸੁਭਾਵਵਾਲੇ ਤਬ ਜੀਵਣਾ ਹੋਵੇ ਤੇਰਾ ਹਮੇਸਾਹੀ । ਭਾਵ। ਜਨਮ ਮਰਨਤੇ ਰੈਹਤ ਹੋਜਾਂਵੈਂ।੨।੨੧੧।

(ਮੂਲ) ਈਂ ਵਜੂਦੇ ਖਾਕ ਰਾ ਕਾਇਮ ਮਦਾਂ ॥
ਕਾਯਮ ਆਮਦ ਸ਼ਉਕਿ ਓ ਦਰ ਹਰ ਜ਼ਮਾਂ ॥

(ਟੀਕਾ) ਪੁਨਾ ਏਹ ਜੋ ਸਰੀਰ ਮਿਟੀ ਆਦੀ ਅਨਿਸਥਰਤਤਾ ਦਾ ਹੈ ਇਸਕੋ ਇਸਥਿਰ ਮਤਜਾਣ। ਭਾਵ। ਏਹ ਨਾਸੀ ਹੈ। ੧। ਤਾਂਤੇ ਇਸਥਿਰ ਹੋਣੇਵਾਲਾ ਆਪਾ ਹੈ ਪ੍ਰੇਮ ਉਸਕਾ ਬੀਚ ਹਰਇਕ ਸਮੇਦੇ। ਭਾਵ। ਪ੍ਰੇਮ ਕਰਨੇ ਵਾਲੇ ਇਸਥਿਰ ਹੋਂਦੇ ਹੈਂ। ੨। ੩੧੨।

(ਮੂਲ) ਸ਼ਉਕਿ ਮਉਲਾ ਜਿੰਦਗੀ ਏ ਜਾਂ ਬਵੱਦ॥
ਯਾਦਿ ਓ ਸਰਮਾਯਹ ਈਮਾਂ ਬਵੱਦ॥

[ਟੀਕਾ] ਪ੍ਰੇਮ ਵਾਹਿਗੁਰੂ ਦਾ ਜੋ ਹੈ ਏਹ ਜੀਵਣ ਰੂਪ ਜਾਨ ਕਾ ਹੈ। ਭਾਵ। ਸੂਖਮ ਅਸਥੂਲ ਸਰੀਰ ਕੋ ਸੁਖਰੂਪ ਹੈ ਜੈਸੇ ਬ੍ਰਿਛ ਕੋ ਜਲ ਦੇਈਦਾ ਹੈ ਤਾਂ ਬ੍ਰਿਛ ਸੈਤ ਫੁਲਾਂ ਫਲਾਂ ਦੇ ਹੋਕਰ ਸੁਖਰੂਪ ਹੋਤਾ ਹੈ ਐਸੇ ਹੀ ਜਬ ਸਰੀਰ ਮੇਂ ਅਰੁ ਬੁਧੀ ਮੇਂ ਪ੍ਰੇਮ ਹੋਵੇ ਤਾਂ ਗੁਰਾਂ ਦੇ ਮਿਲਨੇ ਸੇ ਪ੍ਰਫੁਲਤ ਹੋਕਰ ਗੁਣਾਂ ਦੇ ਸਹਤ ਸੁਖਰੂਪ ਹੋਤਾ ਹੈ। ੧। ਪੁਨਾ ਭਗਤੀ ਉਸਕੀ ਜੋ ਹੈ ਏਹ ਪੂੰਜੀ ਧਰਮ ਦੀ ਹੈ। ਭਾਵ। ਭਗਤੀ ਸੇ ਧਰਮ ਹੋਤਾ ਹੈ ਸੋ ਧਰਮ ਤੀਨ ਪ੍ਰਕਾਰ ਕਾ ਹੈ ਏਕ ਤੋ ਏਹ ਹੈ ਜੋ ਜਿਸ ਜੀਵ ਨੇ ਹਰੀ ਸੇ ਧਰਮ ਕੀਆ ਥਾ ਜੋ ਮੈਂ ਤੇਰੀ ਭਗਤੀ ਕਰੂੰਗਾ ਇਸ ਦੁਖ ਤੇ ਛੁਡਾਇ ਸੋ ਧਰਮ ਕੀ ਆਹੁਆ ਭਗਤੀ ਕਰਨੇ ਸੇ ਸਫਲਾ ਹੋ ਜਾਤਾ ਹੈ ਪੁਨਾ ਭਗਤੀ ਕਰਨੇ ਸੇ ਆਪਣੇ ਗੁਰੂ ਅਚਾਰਜ ਕਾ ਮਤ ਪ੍ਰਫੁਲਤ ਹੋਤਾ ਹੈ ਤੀਜਾ ਭਗਤੀ ਸੇ ਆਸ੍ਰੀਆਂ ਕੋ ਜੀਤ ਕਰ ਮੋਖ ਕੋ ਪਾਵਤਾ ਹੈ ਹੋਰਾਂ ਕੋ ਉਪਦੇਸ ਦੇਕਰ ਮੋਖਵਾਨ ਕਰਤਾ ਹੈ। ੨। ੩੧੩।

(ਮੂਲ) ਸ਼ਉਕਿ ਓ ਦਰ ਹਰ ਦਿਲ ਕੈ ਜਾ ਕੁਨਦ॥
ਦਰ ਵਜੂਦੇ ਖਾਕ ਕੈ ਮਾਵਾ ਕੁਨਦ॥

(ਟੀਕਾ) ਪ੍ਰੇਮ ਉਸ ਰਖਕਦਾ ਬੀਚ ਹਰ ਇਕ ਦਿਲ ਦੇ ਕਬ ਜਾਗਾ ਕਰਦਾ ਹੈ। ਭਾਵ। ਹਰ ਇਕ ਦੇ ਦਿਲ ਮੈ ਪ੍ਰਾਪਤਿ ਨਹੀਂ ਹੋਤਾ ਕਿਸੇ ੨ ਦੇ ਦਿਲ ਮੇ ਹੋਤਾ ਹੈ। ੧। ਪੁਨਾ ਜੜ ਮਿਟੀ ਆਦੀ ਤਤਾਂ ਰਚਤ ਸਰੀਰ ਅੰਦਰ ਕਬ ਵਤਨ ਕਰਦਾ ਹੈ। ਭਾਵ। ਛੇਤੀ ਨਿਵਾਸ ਨਹੀਂ ਕਰਦਾ। ੨। ੩੧੪।

(ਮੂਲ) ਸ਼ਉਕਿ ਮਉਲਾ ਮਰ ਤੁਰਾ ਚੰਦਸਤ ਦਾਦ॥
ਦਉਲਤੇ ਦਾਯਮ ਬ ਦਸਤ ਤੁ ਓ ਫਿਤਾਦ॥

(ਟੀਕਾ) ਪ੍ਰੇਮ ਵਾਹਿਗੁਰੂ ਕੇ ਨੇ ਨਿਸਚੇ ਸੇ ਤੇਰੇ ਤਾਈਂ ਜਬ ਹਥ ਦਿਤਾ। ਭਾਵ। ਪ੍ਰੇਮ ਜਬ ਪ੍ਰਾਪਤਿ ਹੂਆ। ੧। ਤਬ ਮੁ[illegible] ਹਮੇਸਾਂ ਦੀ ਬੀਚ ਹਥ ਤੇਰੇ ਦੇ ਓਹੁ ਪੜ ਗਈ। ਭਾਵ। ਪ੍ਰਾਪਤਿ ਹੋਈ ੨ ਜਾਣ। ੨। ੩੧੫।

Digitized by Panjab Digital Library | www.panjabdigilib.org

(ਮੂਲ) ਖਾਕ ਰਾਹਸ ਸੁਰਮਹੇ ਚਸਮੇ ਸਰ ਅਸਤ॥
ਆਰਫਾਂ ਰਾ ਬਿਹਜ਼ ਤਾਜ਼ੇ ਅਫਸਰ ਅਸਤ॥

[ਟੀਕਾ] ਜਿਨਾਂ ਕੋ ਭਗਤੀ ਗਜਾਨ ਆਦੀ ਦੌਲਤ ਪ੍ਰਾਪਤ ਹੂਈ ਹੈ ਉਨਾਂ ਕੇ ਚਲਨੇ ਵਾਲੇ ਰਸਤੇ ਕੀ ਧੂੜੀ ਸੁਰਮਾਂ ਹੈ ਨੇਤ੍ਰਾਂਦਾ ਅਰੁ ਸਿਰ ਦਾ ਮੁਕਟ ਹੈ।੧। ਪੁਨਾ ਗਜਾਨਵਾਨਾਂ ਦਾ (ਤਾਜ) ਛਤਰ ਬਿਹਤ੍ਰ ਹੈ ਪਾਤਿਸਾਹੋਂ ਕੇ ਛਤਰੋਂ ਸੇ ਭੀ।੨।੨੧੬।

(ਮੂਲ) ਦਉਲਤੇ ਦੁਨੀਆਂ ਨ ਬਾਸ਼ਦ ਪਾਇਦਾਰ।
ਦਰ ਤਰੀਕੇ ਆਰਫ਼ਾਨੇ ਹਕ ਗੁਜ਼ਾਰ॥

[ਟੀਕਾ] ਏਹ ਜੋ ਪੁਰਖ ਸੰਸਾਰ ਦੀ ਮਾਯਾ ਦੇਖਦਾ ਹੈਂ ਏਹ ਨਹੀ ਹੈ ਪੈਰ ਰਖਣ ਵਾਲੀ। ਭਾਵ। ਇਸਥਿਰ ਰੈਣੇ ਵਾਲੀ ਨਹੀਂ ਹੈ।੧ ਪ੍ਰਸਨ ਏਹ ਲੋਕ ਤੋ ਸਭੀ ਮਾਯਾਕੋ ਇਸਥਿਰ ਮਾਨਤੇ ਦੇਖੀਦੇਹੈਂ ਕਿਉ ਜੋ ਜੋੜੇ ਅਡੰਬਰ ਬਨਾਨੇ ਤੇ ਵੈਰ ਵਿਰੋਧ ਕਰਨੇ ਤੇ ਹੰਕਾਰੀ ਹੋਣਾ ਏਹ ਸਭ ਮਾਯਾਕੇ ਇਸਥਿਰ ਮਾਨਨੇਤੇ ਹੋਤਾਹੈ ਤਾਂਤੇ ਜੋ ਇਨਾਂ ਤੇ ਭਿੰਨ ਮਾਯਾਕੋ ਅਨਿਸਥਰ ਮਾਨਨੇ ਵਾਲੇ ਹੈਂ ਉਨਾਂ ਕਾ ਕੋਈ ਲਖਣ ਕਹੀਏ।ਉਤ੍ਰ।ਬੀਚ ਰਸਤੇ ਗਯਾਨਵਾਨਾਂਦੇ ਜੋ ਸਚੇ ਦਾ ਨਾਮ ਰਸਨਾ ਉਪਰ ਗੁਜਾਰਦੇਹੈਂ।ਭਾਵ। ਸਦਪ ਬਾਹਰੋ ਹੋਰਾਂ ਜੀਵਾਂਵ੍ਤ ਸਭ ਕੰਮ ਕਰਦੇ ਦੇਖੀਦੇਹੈਂ ਪਰੰਤੂ ਅੰਦਰੋਂ ਸਭ ਕੰਮਾਤੇ ਅਲੇਪ ਰਹਿੰਦੇ ਹੈਂ ਤੇ ਨਾਮ ਜਪਦੇ ਹੈਂ ਗੁਰਮਤ ਅਨੁਸਾਰ ਓਹ ਅਨਿਸਥਰ ਮਾਨਤੇ ਹੈਂ।੨।੨੧੭।

(ਮੂਲ) ਯਾਦਿ ਓ ਲਾਜ਼ਮ ਬਵੱਦ ਦਾਯਮ ਤੁਰਾ॥
ਜ਼ਿਕਰ ਓ ਕਾਇਮ ਕੁਨਦ ਕਾਯਮ ਤੁਰਾ॥

[ਟੀਕਾ] ਤਾਂਤੇ ਭਗਤੀ ਉਸਕੀ ਕਰਨੀ ਜੋਗ ਹੈ ਹਮੇਸਾਂ ਤੇਰੇ ਤਾਂਈ ੧।ਇਸਤੇ ਭਜਨ ਉਸਕਾ ਇਸਥਿਰਕਰੇਗਾ ੨ ਤੇਰੇ ਤਾਂਈ ਤਾਂਤੇ ਭਜਨ ਕਰ।੨।੨੧੮।ਸਿਧਾਂਤ।

(ਮੂਲ) ਆਰਫਾਂ ਦਾਰੰਦ ਬਾ ਇਰਫਾਂਨ ਖੇਸ।
ਹਾਸਲੇ ਇਰਫਾਂਦਰੂੰਨੇ ਜਾਨਿ ਖੇਸ॥

(ਟੀਕਾ) ਗਯਾਨਵਾਨ ਰਖਦੇ ਹੈਂ ਸਾਥ ਗਯਾਨ ਦੇ ਅਪਨਾ ਇਤ । ੧ । ਨਫਾ ਗਯਾਨਦਾ ਅੰਦ ਜਾਨ ਆਪਣੀ ਦੇ ਪਾਯਾ ਹੈ ਗਿਆਨਵਾਨਾਂ ਨੇ । ੨ । ੩੧੯ ।

(ਮੂਲ) ਮਸਨਦ ਸ਼ਉਕੇ ਇਲਾਹੀ ਬੇ ਜ਼ਵਾਲ ॥
ਵਰਨਹ ਬੀਨੀ ਹਰ ਕਮਾਲੇ ਰਾ ਜ਼ਵਾਲ ॥

[ਟੀਕਾ] ਵਾਹਿਗੁਰੂ ਕੇ ਪ੍ਰੇਮ ਕੀ ਗਦੀ ਬਿਨ ਪੀੜ ਕੇ ਹੈ । ਭਾਵ । ਹਰੀ ਕੇ ਵਿਛੋੜੇ ਰੂਪੀ ਪੀੜਾ ਕੋ ਪ੍ਰੇਮ ਦੂਰ ਕਰਦ ਹੈ । ੧ । ਨਹੀ ਤਾਂ ਪ੍ਰੇਮ ਬਿਨਾ ਦੇਖ ਤੂੰ ਤਮਾਮ ਬਡਜਾਂ ਕੇ ਤਾਂਈ ਪੀੜਾ ਹੀ ਹੋਂਦੀ ਹੈ । ਭਾਵ । ਪ੍ਰੇਮ ਬਿਨਾ ਚੌਰਾਸੀ ਮੈ ਫਿਰਤੇ ਹੈਂ । ੨ । ੩੨੦ ।

(ਮੂਲ) ਬੇ ਜ਼ਵਾਲ ਆਮਦ ਕਮਾਲੇ ਜ਼ਉਕਿ ਹਕ ॥
ਵਾਂ ਕਿ ਯਾਬਦ ਜ਼ਰਹੇ ਅਜ਼ ਸ਼ਉਕਿ ਹਕ ॥

[ਟੀਕਾ] ਬਿਨਾ ਪੀੜਾ ਕੀ ਆਯਾ ਹੈ ਪੂਰਨ ਪ੍ਰੇਮ ਸਚੇ ਕਾ । ਭਾਵ । ਜਨਮ ਮਰਨ ਤੇ ਰਹਿਤ ਕਰਨੇ ਵਾਲਾ ਪ੍ਰੇਮ ਹੈ । ੧ । ਜਿਸ ਕਿਸੀ ਨੇ ਪਾਯਾ ਹੈ ਥੋੜਾ ਥੋੜਾ ਲਾਭ ਉਸਨੇ ਸੁਚੇ ਕੇ ਪ੍ਰੇਮ ਸੇ ਹੀ ਪਾਯਾ ਹੈ । ੨ । ੩੨੧ ।

[ਮੂਲ] ਹਰ ਕਸੇ ਕਉ ਯਾਫਤ ਓ ਜਾਵੇਦ ਸ਼ੁਦ ॥
ਦਰ ਹਕੀਕਤ ਸਾਹਿਬੇ ਉਮੈਦ ਸ਼ੁਦ ॥

[ਟੀਕਾ] ਜਿਸ ਕਿਸੀ ਨੇ ਪ੍ਰੇਮ ਪਾਯਾ ਹੈ ਓਹੁ ਹਮੇਸ ਸੁਖ ਰੂਪ ਹੂਆ ਹੈ । ਭਾਵ । ਜਨਮ ਮਰਨ ਤੇ ਰਹਿਤ ਹੂਆ ਹੈ । ੧ । ਪੁਨਾ ਅੰਦਰ ਹਿਰਦੇ ਦੇ ਮਾਲਕ ਇਛਿਆ ਦਾ ਹੂਆ ਹੈ । ਭਾਵ । ਸਭ ਇਛਿਆ ਪੂਰਨ ਹੋਈਆਂ ਅਤੁ ਹੋਂਦੀਆਂ ਹੈ । ੨ । ੩੨੨ ।

(ਮੂਲ) ਚੂੰ ਉਮੈਦਸ ਸੂਰਤੇ ਹਾਸਲ ਗਰਿਫਤ ॥
ਜ਼ਰਹੇ ਅਜ਼ ਸ਼ਉਕਿ ਦਰ ਦਿਲ ਜਾ ਗਰਿਫਤ ।

(ਟੀਕਾ) ਪੁਨਾ ਜਬ ਉਸਕੇ ਪ੍ਰੇਮ ਕੀ ਇਛਿਆ ਨੇ ਰੀਤੀ ਪ੍ਰਾਪਤੀ ਦੀ ਪਕੜੀ । ਭਾਵ । ਜਬ ਇਛਿਆ ਪ੍ਰਾਪਤੀ ਦੀ ਹੋਈ । ੧ । ਤਬ ਪ੍ਰੇਮ ਸੇ ਅੰਦਰ ਦਿਲ ਦੇ ਜ਼ਰਾ ਮਾਤ੍ਰ ਜਾਗਾ ਪਕੜੀ ਹਰੀ ਨੇ । ਭਾਵ । ਅੰਤ੍ਰਮੁਖ ਬ੍ਰਿਤੀ ਖਿਚ ਕੈ ਲਗਾਈ ਹਰੀ ਨੇ । ੨ । ੩੨੩ ।

Digitized by Panjab Digital Library | www.panjabdigilib.org

(ਮੂਲ) ਆਬਹੈਵਾਂ ਮੇਚਿਕਦ ਅੱਜ਼ ਮੂਇਓ ॥
ਜ਼ਿੰਦਹ ਮੇਗਰਦਦ ਜਹਾਂ ਅਜ਼ ਬੂਇਓ ॥

(ਟੀਕਾ) ਜਿਨਾਨੇ ਬ੍ਰਿਤੀ ਅੰਤ੍ਰਮੁਖ ਕਰਕੇ ਨਾਮ ਦੇ ਅਭਿਆਸਮੇ ਲਗਾਈ ਹੈ ਉਨਾਂ ਦੇ ਰੋਮ ਸੇ ਅੰਮ੍ਰਿਤ ਚੋਂਦਾ ਹੈ ਪ੍ਰਮਾਨ ਗੁਰਮੁਖਿ ਰੋਮ ਰੋਮ ਹਰਿ ਧਿਆਵੈ । ਓਅੰਕਾਰ ਮਹਲਾ ੧ । ੧ । ਪੁਨਾ ਜੀਵਨਾ ਹੋਤਾ ਹੈ ਸੰਸਾਰ ਮੇ ਭਗਤੀਸੇ ਉਨਾਂਕਾ ਹੋਰ ਜੀਵਨਾ ਹੋਂਦਾ ਹੈ ਸੰਸਾਰ ਦਾ ਭਗਤੀ ਉਨਕੀ ਸੇ । ੨ । ੩੨੪ । ਸਿਧਾਂਤ ।

(ਮੂਲ) ਏ ਜ਼ਿਹੇ ਇਨਸਾਂ ਕਿ ਹਕ ਰਾ ਯਾਫਤਹ ॥
ਰੂ ਜ਼ਿਯਾਦ ਗ਼ੈਰ ਹਕ ਬਰਤਾਫਤਹ ॥

(ਟੀਕਾ) ਐ ਪਿਅਰੇ ਵਾਹ ਵਾਹ ਹੈ ਓਹ ਮਨੁਖਾ ਜਨਮ ਜੋ ਜਿਸ ਕਰਕੇ ਸਚੇਕੇ ਤਾਈਂ ਪਾਯਾ ਹੈ । ੧ । ਪੁਨਾ ਐ ਪਿਆਰੇ ਵਾਹ ੨ ਹੈ ਓਹ ਮੁਖ ਸਚੇਕੀ ਭਗਤੀਸੇ ਬਿਨਾ ਫਿਰਿਆਹੈ ਹੋਰ ਕਰਮਾਂ ਵਲੋਂ । ਭਾਵ । ਜੋ ਮੁਖ ਨਾਮ ਜਪਤਾ ਹੈ ਓਹ ਧੰਨ ਹੈ । ੨ । ੩੨੫ । ਪ੍ਰਸਨ ਆਪਨੇ ਤੋ ਪੁਨਾ ਪੁਨਾ ਸੰਤਾਂ ਕੀ ਬਹੁਤ ਉਪਮਾ ਕਹੀ ਹੈ ਪ੍ਰੰਤੂ ਨਿਰਨਾ ਨਹੀ ਕੀਤਾ ਕੇ ਸੰਤ ਇਨਾਂ ਲਖਣਾ ਵਾਲਾ ਹੋਤਾ ਹੈ ਅਰੁ ਕਈ ਲੋਕ ਐਸੇ ਕਹਿਤੇਹੈਂ ਜੋ ਸਰਬ ਪਦਾਰਥ ਅਰੁ ਸਬੰਧੀਆਂਦਾ ਤਿਆਗ ਕਰਦੇਵੈ ਸੋ ਸੰਤਹੋਤਾ ਹੈ ਅਰੁ ਉਸੇ ਕੋ ਲੋਕਭੀ ਸੰਤਕਹਤੇ ਹੈਂ ਅਰੁ ਜੋ ਪਦਾਰਥਾਂਮੇ ਸਬੰਧੀਆਂਮੇ ਖਚਤ ਦੇਖੀਦੇ ਹੈਂ ਓਹੁ ਸੰਤ ਨਹੀਂ ਹੈਂ ਉਤ੍ਰ ।

(ਮੂਲ) ਦਰ ਲਿਬਾਸੇ ਦੁਨਜਵੀ ਫ਼ਾਰਗ਼ ਅਜ਼ਾਂ ॥
ਹਮ ਚੁ ਜ਼ਾਤਸ਼ ਆਸ਼ਕਾਰਾ ਵ ਨਿਹਾਂ ॥

(ਟੀਕਾ) ਹੇ ਭਾਈ ਯਦਪ ਬਾਹਰੋਂ ਦੇਖੀਦੇਹੈਂ ਮਾਯਾਦੇ ਵਿਹਾਰਾਂ ਅੰਦਰ ਪ੍ਰੰਤੂ ਸੰਤ ਅੰਦਰੋਂ ਨਿਆਰੇ ਅਲੇਪ ਹੈਂ ਉਸ ਮਾਯਾ ਸੇ । ਪ੍ਰਮਾਣ । ਆਇਆਂ ਹਰਖ ਨ ਗਇਆਂ ਸੋਗ । ੧ । ਭੀ ਮਾਨਿੰਦ ਸਰੂਪ ਉਸ ਵਾਹਿਗੁਰੂ ਕੇ ਕੇ ਪ੍ਰਗਟ ਭੀ ਹੈ ਸੰਤ ਅਰੁ ਗੁਜ ਭੀ ਹੈ ਓਹੁ । ੨ । ੩੨੬ ।

(ਮੂਲ) ਜ਼ਾਹਰ ਓ ਦਰ ਕੈਦ ਮੁਸਤੇ ਖਾਕ ਹਸਤ ॥

ਬਾਤਨੇ ਓ ਬਾ ਖੁਦਾਏ ਪਾਕ ਹਸਤ ॥

[ਟੀਕਾ] ਦੇਖਨੇ ਮੇ ਬਾਹਰੋਂ ਅੰਦਰ ਓਹੁ ਸੰਤ ਕੈਦ ਹੈਂ ਮੁਠੀ ਮਿਟੀ ਕੀਕੇ । ਭਾਵ । ਕੁਛ ਤਤਾਂ ਰਚਤ ਸਰੀਰ ਮੈ ਖਚਤ ਦੇਖੀਦੇ ਹੈਂ ਖਾਨ ਪਾਨ ਆਦੀ ਕਰਨੇ ਕਰ । ੧ । ਅਰੁ ਅੰਦਰੋਂ ਹਿਰਦਾ ਉਨ੍ਹਾਂ ਸੰਤਾਂ ਕਾ ਸਾਫ ਪਵਿਤ੍ਰ ਵਾਹਿਗੁਰੂ ਕੇ ਲਗਾ ਹੈ । ੨ । ੩੨੭ ।

(ਮੂਲ) ਜ਼ਾਹਰ ਅੰਦਰ ਮਾਯਲੇ ਫਰਜ਼ੰਦ ਜਨ ॥
ਦਰ ਹਕੀਕਤ ਬਾ ਖੁਦਾਏ ਖੇਸ ਤਨ ॥

(ਟੀਕਾ) ਪੁਨਾ ਬਾਹਰੋਂ ਦੇਖੀਦੇ ਹੈਂ ਮੋਹਤ ਹੋਏ ੨ ਪੁਤ੍ਰ ਇਸਤ੍ਰੀ ਅੰਦ੍ਰ । ੧ । ਹਿਰਦੇ ਅੰਦਰ ਸਾਥ ਰੂਪ ਗੁਰੂ ਕੇ ਅਪਣਾਂ ਇਤ੍ਰਹੈ ਸੰਤਾ ਦੀ । ੨ । ੩੨੮

(ਮੂਲ) ਜ਼ਾਹਰ ਅੰਦਰ ਮਾਯਲੇ ਹਿਰਸੋ ਹਵਾ ।
ਬਾਤਨੇ ਓ ਪਾਕ ਅਜ਼ ਯਾਦੇ ਖੁਦਾ ॥

(ਟੀਕਾ) ਬਾਹਰੋਂ ਮੋਹਤ ਦੇਖੀਦੇ ਹੈਂ ਈਰਖਾ ਤੇ ਇਛਿਆ ਅੰਦਰ । ੧ । ਰਿਦਾ ਉਨਾਂਦਾ ਪਵਿਤ੍ਰ ਹੈ, ਵਾਹਿਗੁਰੂ ਕੀ ਭਗਤੀ ਸੇ । ੨ । ੩੨੯ ।

(ਮੂਲ) ਜ਼ਾਹਰ ਅੰਦਰ ਮਾਯਲੇ ਅਸਪੋ ਸੁਤਰ ।
ਬਾਤਨਸ ਫਾਰਗ ਜ਼ਿ ਕੈਦੇ ਸੋਰ ਸਰ ॥

[ਟੀਕਾ] ਬਾਹਰੋਂ ਮੋਹਤ ਦੇਖੀਦੇ ਹੈਂ ਘੋੜਿਆਂ ਅਰੁ ਊਂਠਾਂ ਬੀਚ । ੧ । ਅੰਦਰੋਂ ਰਿਦਾ ਉਨਾਂਦਾ ਨਿਰਲੇਪ ਹੈ, ਸੋਰ ਸਰਾਬ ਕੀ ਕੈਦ ਸੇ । ੨ । ੩੩੦ ॥

(ਮੂਲ) ਜ਼ਾਹਰ ਅੰਦਰ ਮਾਯਲੇ ਸੀਮੋ ਜ਼ਰ ਅਸਤ ॥
ਬਾਤਨ ਅੰਦਰ ਸਾਹਿਬ ਬਹਿਰੋ ਬਰ ਅਸਤ ॥

[ਟੀਕਾ] ਬਾਹਰੋਂ ਮੋਹਤ ਦੇਖੀਦੇ ਹੈਂ ਚਾਂਦੀ ਅਰੁ ਸੋਨੇ ਬੀਚ । ੧ । ਅੰਦਰੋਂ ਹਿਰਦਾ ਮਾਲਕ ਦਰੀਯਾ ਅਰੁ ਜੰਗਲਾਂ ਦਾ ਹੈ । ਹੋਰ ਦਰੀਯਾ ਅਰੁ ਜੰਗਲਾਂ ਦਾ ਜੋ ਮਾਲਕ ਹੈ ਉਸ ਅੰਦਰ ਰਿਦਾ ਲਗਾ ਹੈ । ਪ੍ਰਮਾਨ । ਸਾਚਾ ਨਾਮ ਮੇਰਾ ਮਨ ਲਾਗਾ । ਲੋਗਨ ਸਿਉ ਮੇਰਾ ਠਾਠਾ ਬਾਗਾ । ਮ: ੫ । ੨ । ੩੩੧ ।

(ਮੂਲ) ਰਫਤਹ ਰਫਤਹ ਬਾਤਨ ਸ ਜ਼ਾਹਰ ਸ਼ੁਦਹ ॥

ਰਫਤਹ ਰਫਤਹ ਬਾਤਨ ਨਾਮ ਰਿਦੇ ਅੰਦਰ
ਨਾਮ ਧੀਰੇ ਧੀਰੇ ਜਸ ਜ਼ਾਹਰ ਹੂਆ ਸ਼ੁਦਹ ਨਾਮ ਹੋ
ਉਨਾਂ ਕੇ ।

Digitized by Panjab Digital Library | www.panjabdigilib.org

**ਦਰ ਹਕੀਕਤ ਤੁਬਲਹੇ ਅੰਬਰ ਸ਼ੁਦਹ ॥**

(ਟੀਕਾ) ਹੋਤਿਆਂ ੨ ਕਿਆ ਜਾਤਸਾਂ ੨ ਸਚੇ ਦੀ ਤਰਫ ਰਿਦਾਂ ਉਨਾਂਕਾ ਪ੍ਰਗਟ ਹੂਆ। ਭਾਵ। ਦਿਲਦੀ ਸਫਾਈ ਹੋਕਰ ਬ੍ਰਿਤੀ ਤਦਾਕਾਰ ਹੋ ਗਈ ॥ ੧ ॥ ਇਸਤੇ ਅੰਦਰੋਂ ਰਿਦਾ ਤਬਾ ਸੁਗੰਧਤਾ ਦਾ ਹੂਆ ਹੈ। ਭਾਵ। ਜੈਸੇ ਤਬਾ ਖੋਲਨੇ ਸੇ ਸੁਗੰਧੀ ਫੈਲ ਜਾਤੀ ਹੈ ਐਸੇ ਲੋਕਾਂਮੇ ਭਗਤੀਸੇ ਪ੍ਰਗਟ ਹੂਏ ਜੋ ਏਹ ਪੂਰਨ ਸੰਤ ਹੈ ॥ ੨ ॥ ੩੩੨ ॥ ਸਿਧਾਂਤ

**(ਮੂਲ) ਜ਼ਾਹਰੋ ਬਾਤਨ ਸ਼ੁਦਹ ਯਕ ਸਾਨਿ ਓ ॥**
**ਹਰਦੂ ਆਲਮ ਬੰਦਹੇ ਫਰਮਾਨਿ ਓ ॥**

(ਟੀਕਾ) ਬਾਹਰੋਂ ਅੰਦਰੋਂ ਰਿਦਿਓਂ ਹੂਏਹੈ ਇਕੋ ਜੇਹੇ ਓਹੁ ਸੰਤ। ਭਾਵ॥ ਨ੍ਰਿਲੇਪ ਰੈਹਦੇ ਹੈਂ ਆਨੇਸੇ ਪਦਾਰਥਾਂਕੇ ਹੰਕਾਰੀ ਨਹੀਂ ਹੋਤੇ ਅਰੁ ਜਾਨੇਸੇ ਚਿਤੋਂ ਦੁਖੀ ਨਹੀ ਹੋਤੇ ॥ ੧ ॥ ਇਸ ਤੇ ਦੋਨੋ ਲੋਕਾਂਕੇ ਬੰਦੇ ਉਨਾਕੇ ਹੁਕਮ ਵਿਚ ਹੈਂ। ੨ ॥ ੩੩੩ ॥

**(ਮੂਲ) ਹਮ ਬ ਦਿਲ ਯਾਦੇ ਖੁਦਾ ਓ ਬਰ ਜ਼ੁਬਾਂ ॥**
**ਈਂ ਜ਼ੁਬਾਂਨਸ ਦਿਲ ਸ਼ੁਦਹ ਦਿਲਸ਼ੁਦ ਜ਼ੁਬਾਂ ॥**

(ਟੀਕਾ) ਉਨਾ ਸੰਤਾਦੇ ਬੀਚ ਦਿਲ ਦੇ ਭੀ ਭਗਤੀ ਵਾਹਿਗੁਰੂ ਕੀ ਹੋਤੀ ਹੈ ਅਰੁ ਉਪ੍ਰ ਰਸਨਾ ਤੇ ਭੀ ਹੋਤੀ ਹੈ। ਭਾਵ। ਮਨ ਕਰ ਧਿਆਨ ਕਰਦੇ ਹੈਂ ਅਰੁ ਰਸਨਾਸੇ ਗਾਇਨ ਕਰਦੇ ਹੈ ਅਰੁ ਅਭ੍ਯਾਸ ਕਰਦੇ ਹੈਂ। ੧। ਏਹ ਰਸਨਾ ਉਨਾਂ ਦੀ ਦਿਲ ਰੂਪ ਹੋਈ ਹੈ ਅਰੁ ਦਿਲ ਰਸਨਾਰੂਪ ਹੂਆਹੈ।ਭਾਵ।। ।ਅੰਦ੍ਰੋਂ ਬਾਹਰੋਂ ਇਕ ਰੂਪ ਹੋਏ ਹੋਤੇਹੈਂ ॥ ੨ ॥ ੩੩੪ ॥

**(ਮੂਲ) ਵਾਸਲਾਂਨ ਹੱਕ ਚੁਨੀ ਫਰਮੂਦਹ ਅੰਦ ॥**
**ਬੰਦਹਾ ਦਰ ਬੰਦਗੀ ਆਸੂਦਹ ਅੰਦ ॥**

(ਟੀਕਾ)ਸਚੇ ਕੇ ਮਿਲਨ ਵਾਲਿਆਂਨੇ ਐਸੇ ਹੀ ਕਹਜਾਹੈ ਨਿਸਚੇਸੇਂ ॥ ੧ ॥ ਜੋ ਦਾਸ ਹਰੀਦੇ ਬੀਚ ਭਗਤੀ ਦੇ ਬਹੁਤਹੀ ਆਨੰਦ ਖੁਸੀ ਰੈਂਦੇ ਹੈ ॥ ੨ ॥ ੩੩੫ ॥

**(ਮੂਲ) ਸਾਹਿਬੀ ਬਾਸ਼ਦ ਮੁਸੱਲਮ ਸਾਹਿ ਰਾ ॥**

Digitized by Panjab Digital Library | www.panjabdigilib.org

ਕੁਰਨਸ਼ੇ ਮਨ ਸਾਲਕੇ ਈਂ ਰਾਹਿ ਰਾ॥

(ਟੀਕਾ) ਪੁਨਾ ਵਡਿਆਈ ਇਸਥਿਰ ਹੈ ਪਾਤਿਸਾਹ ਪ੍ਰਮੇਸਰ ਦੀ॥੧। ਇਸਤੇ ਨਮਸਕਾਰਾਂ ਕਰਤੇ ਹੈਂ ਹਮ ਇਸ ਰਸਤੇ ਕੇ ਦਿਖਲਾਵਣ ਵਾਲੇ ਜੋਕੇ ਤਾਂਈ। ਭਾਵ। ਰਸਤਾ ਏਹ ਜੋ ਹਰੀ ਦੀ ਵਡਿਆਈ ਇਸਥਿਰ ਹੈ ਅਰੁ ਭਗਤੀ ਕਰਨੀ॥੨॥੩੩੬॥

(ਮੂਲ) ਸਾਲਕੇ ਈਂ ਰਹਿ ਬਮੰਜ਼ਲ ਰਾਹਿ ਯਾਫਤ॥
ਹਾਸਲੇ ਉਮਰੇ ਦਿਲੇ ਅਗਾਹ ਯਾਫਤ॥

(ਟੀਕਾ) ਦਿਖਲਾਵਣੇਵਾਲੇ ਇਸ ਰਸਤੇਕੇ ਜੋ ਹੈਂ ਉਨਾ ਕੇ ਟਿਕਾਣੇ ਕੀ ਤਰਫ ਸਬ ਰਸਤਾ ਪਾਯਾ ਜਗਯਾਸੂ ਨੇ॥੧॥ ਤਬ ਨਫਾ ਅਵਸਥਾ ਦਾ ਦਿਲ ਅਸਗਾਹੁਕੇਕਾ ਪਾਯਾ। ਭਾਵ। ਜੈਸੇ ਗੰਭੀਰ ਚਿਤ ਸੰਤ ਆਨੰਦ ਪਾਂਵਦੇ ਹੈਂ ਤੈਸੇ ਆਨੰਦ ਪਾਯਾ॥੨॥੩੩੭॥

(ਮੂਲ) ਬੰਦਹਾ ਰਾ ਬੰਦਗੀ ਦਰਕਾਰ ਅਸਤ॥
ਜਾਮ ਸ਼ੌਕੇ ਬੰਦਗੀ ਸਰਸਾਰ ਅਸਤ॥

(ਟੀਕਾ) ਬੰਦਿਆਂਕੇ ਤਾਂਈ ਭਗਤੀ ਕਰਨੀ ਲੋੜ ਹੈ ਲਾਇਕ ਹੈ॥੧॥ ਜਿਨਾ ਨੇ ਗੁਰਾਂਦਾ ਐਸਾ ਉਪਦੇਸ ਸੁਨਕੇ ਧਾਰਨ ਕੀਤਾ ਹੈ ਉਨਾਂਕਾ ਦਿਲਰੂਪੀ ਪਿਆਲਾ ਪ੍ਰੇਮਾਂਭਗਤੀਰੂਪੀ ਅੰਮ੍ਰਿਤਸੇ ਲਬਾਲਬ ਹੋਰਹਯਾ ਹੈ।੨।੩੩੮।

(ਮੂਲ) ਸਾਹਿਬੀ ਜ਼ੇਬਦ ਖ਼ੁਦਾਏ ਪਾਕ ਰਾ॥
ਆਂ ਕਿ ਜ਼ੀਨਤ ਦਾਦ ਮੁਸ਼ਤੇ ਖਾਕਰਾ॥

(ਟੀਕਾ) ਹੈ ਭਾਈ ਵਡਿਆਈ ਸੋਭਾ ਦੇਤੀ ਹੈ ਸੁਧ ਵਾਹਿਗੁਰੂਕੇ ਤਾਂਈਂ।੧। ਉਸ ਵਾਹਿਗੁਰੂਨੇ ਜੋ ਰੌਣਕ ਦਿਤੀ ਹੈ ਮੁਠੀ ਮਿਟੀਕੇ ਤਾਂਈ। ਭਾਵ। ਤੁਛ ਜੜ ਤਤਾਂ ਰਚਤ ਸਰੀਰ ਕੋ ਬੋਲਨਾ ਚਾਲਨਾ ਫਿਰਨਾ ਖਾਨਾ ਪੀਣਾ ਆਦੀ ਬਿਹਾਰਾਂ ਕੇ ਜਾਨਣੇ ਵਾਲਾ ਕੀਆਹੈ ਚੇਤਨ ਸਤਾ ਦੇਕਰ ਇਸਤੇ।੨।੩੩੯।

(ਮੂਲ) ਸ਼ੌਕਿ ਅਜ਼ ਯਾਦੇ ਹਕ ਸ ਮੁਮਤਾਜ਼ ਕਰਦ॥
ਸਰੇਫਰਾਜ਼ੋ ਸਾਹਿਬੇ ਹਰ ਰਾਜ਼ ਕਰਦ॥

Digitized by Panjab Digital Library | www.panjabdigilib.org

(ਟੀਕਾ) ਪੁਨਾ ਉਸ ਰਖਕ ਵਾਹਿਗੁਰੂ ਨੇ ਪ੍ਰੇਮਾਭਗਤੀ ਸੇ ਜੜ ਤਤਾਂ ਤਰਤ ਸਰੀਰਕੋ ਬਡਾ ਕੀਆ ਹੈ। ਭਾਵ। ਸਭ ਜੀਵਾਂਕਾ ਪੂਜ ਬਾਦਸ਼ਾਹ ਕੀਤਾ ਹੈ। ੧। ਪੁਨਾ ਬਡਾ ਬੁਲੰਦ ਮਾਲਕ ਤਮਾਮ ਭੇਦੋਂ ਕਾ ਕੀਆ ਹੈ। ਭਾਵ। ਸੁਭ ਅਸ਼ੁਭ ਸਭ ਬਾਤੋਂ ਕੇ ਜਾਨਨ ਵਾਲਾ ਕੀਆ ਹੈ। ੨। ੩੪੦।

**(ਮੂਲ) ਮੁਸਤਿਖਾਕਅਜ਼ੁਯਾਦਿਹਕ ਰੌਸ਼ਨਗਰਿਫਤ ॥**
**ਬਸ ਕਿ ਦਰ ਦਿਲ ਸ਼ੌਕਿ ਯਾਦਿਹਕ ਗਰਿਫਤ ॥**

(ਟੀਕਾ) ਪੁਨਾ ਮੁਠੀ ਮਿਟੀਕੀ ਇਸ ਦੇਹੀ ਨੇ ਸਚੇ ਕੀ ਭਗਤੀ ਸੇ ਪ੍ਰਕਾਸਤਾ ਪਕੜੀ ਹੈ। ਭਾਵ। ਸਭ ਸੇ ਬਡਾ ਮਰਾਤਬਾ ਪਾਯਾ ਹੈ। ੧। ਜੋ ਅਤ ਸੇ ਕਰਕੇ ਅੰਦਰ ਦਿਲਨੇ ਪ੍ਰੇਮ ਸਚੇ ਕੀ ਭਗਤੀ ਦਾ ਪਕੜਿਆ। ਭਾਵ। ਜਿਸ ਕੀ ਭਗਤੀ ਐਸੀ ਸੁਖਦਾਈ ਹੈ ਉਸ ਹਰੀਕੀ ਸਦਾ ਭਗਤੀ ਕਰੀਏ। ੨। ੩੪੧

**(ਮੂਲ) ਏ ਜ਼ਿਹੇ ਕਾਦਰ ਕਿ ਅਜ਼ ਯਕ ਕਤਰਹ ਆਬ ॥**
**ਖਾਕ ਰਾ ਰੌਸ਼ਨ ਕੁਨਦ ਚੂੰ ਆਫਤਾਬ ॥**

(ਟੀਕਾ) ਐ ਪਿਆਰੇ ਵਾਹ ੨ ਹੈ ਓਹ ਸਮਰਥ ਹਰੀ ਜੋ ਜਿਸ ਨੇ ਆਪਣੀ ਸਤਾ ਸੇ ਇਕ ਰੈਂਚਕਭਰ ਜਲ। ੧। ਅਰੁ ਮਿਟੀ ਕੇ ਤਾਂਈ ਪ੍ਰਕਾਸ਼ਵਾਨ ਕੀਆ ਹੈ ਮਾਨਿੰਦ ਸੂਰਜ ਕੇ। ਭਾਵ। ਦੋ ਤਤ ਬੀਚ ਹੈਂ ਅਰੁ ਅਧਜਾਰ ਸੇ ਤੀਨ ਜਾਨ ਲੈਣੇ। ਪ੍ਰਮਾਨ। ਜਹਾਂ ਏਕ ਕੀ ਗਣਤੀ ਆਵੈ। ਤਹਾਂ ਪਾਂਚੋਂ ਅਵਸਰ ਹਾਵੈਂ। ਅਲੰਕਾਰ। ਤਾਂਤੇ ਦੇਖੀਏ ਜੜ ਤਤਾਂ ਰਚਤ ਸਰੀਰ ਕੋ ਸਮਰਥ ਕੀਤਾ ਹੈ। ੨। ੩੪੨।

**(ਮੂਲ) ਏ ਜ਼ਿਹੇ ਖਾਕੇ ਕਿ ਨੂਰ ਅਫਰੋਜ਼ ਸ਼ੁਦ ॥**
**ਈਂ) ਸਆਦਤਹਾ ਨਸੀਬ ਅੰਦੋਜ਼ ਸ਼ੁਦ ॥**

(ਟੀਕਾ) ਤਾਂਤੇ ਹੇ ਪਿਆਰੇ ਵਾਹ ੨ ਹੈ ਓਹ ਖਾਕੀ ਸਰੀਰ ਜੋ ਜਿਸਮੈ ਚੇਤਨ ਕਾ ਪ੍ਰਕਾਸ ਪ੍ਰਗਟ ਹੂਆ ਹੈ। ੧। ਪੁਨਾ ਜਿਸਮੇ ਏਹ ਭਲਿਆਈਆਂ ਸਮੂਹ ਪ੍ਰਾਪਤਿ ਹੁਈਆਂ ਹੈਂ। ਭਾਵ। ਜੋ ਸਰੀਰ ਸੁਭ ਕਰਮਾਂ ਮੇ ਲਗਾ ਹੈ। ੨। ੩੪੩।

**(ਮੂਲ) ਏ ਜ਼ਿਹੇ ਕੁਦਰਤਿ ਕਿ ਹਕ ਬਰੋ ਆਵਰਦ ॥**
**ਮੁਸਤ ਖਾਕੇ ਰਾ ਬ ਗੁਫਤਾਰ ਆਵਰਦ ॥**

Digitized by Panjab Digital Library | www.panjabdigilib.org

(ਟੀਕਾ) ਐ ਪਿਆਰੇ ਧੰਨ ੨ ਹੈ ਸਕਤੀ ਜੋ ਸਭ ਦਾ ਫਲ ਲਿਆ ਈ ਹੈ। ਭਾਵ। ਸਰੀਰਾਂ ਮੈ ਚੇਤਨ ਸਤਾ ਕੋ ਇਸਥਿਰ ਕੀਤਾ ਹੈ।੧।ਤਾਂਤੇ ਚੇਤਨ ਸਤਾ ਨੇ ਮੁਠੀ ਭਰ ਮਿਟੀ ਕੇ ਸਰੀਰ ਨੂੰ ਬੀਰ ਬੋਲਨੇ ਦੇ ਲਿਆਂਦਾ ਹੈ। ੨।੩੪੪॥

(ਮੂਲ) ਹਾਸਲ ਈਂ ਜਿੰਦਗੀ ਯਾਦੇ ਖੁਦਾ ਅਸਤ ॥

ਏ ਜਿਹੇ ਚਸਮ ਸ ਕਿ ਬੂਰ ਹਕ ਮੁਬਤਲਾ ਅਸਤ ॥

(ਟੀਕਾ) ਤਾਂਤੇ ਨਫਾ ਏਹੀ ਹੈ ਜੀਵਣੇ ਦਾ ਜੋ ਭਗਤੀ ਵਾਹਿਗੁਰੂ ਕੀ ਕਰਨੀ ਹੈ। ੧। ਪੁਨਾ ਐ ਪਿਆਰੇ ਧੰਨ ਹੈ ੨ ਓਹ ਨੇਤ੍ਰ ਜੋ ਉਪਰ ਸਚੇ ਦੇ ਮੋਹਤ ਹੈਂ। ੨। ੩੪੫।

(ਮੂਲ) ਏ ਜਿਹੇ ਦਿਲ ਕੰ ਦਰ ਸ ਸੌਕਿ ਸ ਬਵੰਦ ॥

ਦਰ ਹਕੀਕਤ ਸਾਹਿਬੇ ਜੌਕਿ ਸ ਬਵੰਦ ॥

(ਟੀਕਾ) ਐ ਪਿਆਰੇ ਵਾਹ ੨ ਹੈ ਓਹੁ ਦਿਲ ਜੋ ਜਿਸਕੇ ਅੰਦਰ ਪ੍ਰੇਮ ਉਸ ਪਿਆਰੇ ਕਾ ਹੈ। ੧। ਪੁਨਾ ਬੀਚ ਸਰਿਆਈ ਦੇ ਮਾਲਕ ਪ੍ਰੇਮ ਦਾ ਓਹ ਹੈ ਭਾਵ। ਓਹ ਬਡੇ ਪ੍ਰੇਮ ਵਾਲਾ ਹੈ ਜਿਸਕਾ ਦਿਲ ਸਚੇ ਮੈ ਲਗਾ ਹੈ,੨।੩੪੬॥

(ਮੂਲ) ਆਂ ਜਿਹੇ ਸਰ ਕੋ ਬ ਰਾਹਸ ਦਰ ਸਜੂਦ ॥

ਹਮ ਚੁ ਗੋ ਚੌਗਾਨ ਸੌਕਿ ਸ ਦਰ ਰਬੂਦ ॥

(ਟੀਕਾ) ਓਹ ਸਿਰ ਧੰਨ ਹੈ ੨ ਜੋ ਤਰਫ ਰਸਤੇ ਉਸਕੇ ਕੇ ਅੰਦਰ ਨਮਸਕਾਰਾਂ ਕਰਤਾ ਹੈ। ੧। ਭੀ ਮਾਨਿੰਦ ਖੁਦੋ ਦੇ ਖੂੰਡੀ ਪ੍ਰੇਮ ਉਸਕੇ ਅੰਦਰ ਲੈ ਗਿਆ ਹੈ। ਭਾਵ।ਸਿਰ ਰੂਪੀ ਖੇਨੂੰ ਕੋ ਪ੍ਰੇਮ ਰੂਪੀ ਖੂੰਡੀ ਸੇ ਕੁਸੰਗਤਿ ਰੂਪੀ ਮੈਦਾਨ ਵਿਚੋਂ ਗੁਰਾਂ ਕੇ ਚਰਨਾਂ ਰੂਪੀ ਅਸਥਾਨ ਮੈ ਲੈ ਗਿਆ ਹੈ ਜੋ ਓਹ ਪ੍ਰੇਮ ਧੰਨ ਹੈ ਅਥਵਾ ਹੰਕਾਰ ਕੋ ਪ੍ਰੇਮ ਰੂਪੀ ਖੂੰਡੀ ਸੇ ਸਰੀਰ ਵਿਚੋਂ ਦੂਰ ਕਰ ਦੀਆ ਹੈ ਜਿਸਨੇ ਓਹ ਧੰਨ ਹੈ। ੨। ੩੪੭ ।

(ਮੂਲ) ਆਂ ਜਿਹੇ ਦਸਤੇ ਕਿ ਵਸਫੇ ਓ ਨਵਿਸਤ ॥

ਆਂ ਜਿਹੇ ਪਾਇ ਕਿ ਦਰ ਕੂਯਸ ਗੁਜਸਤ ॥

(ਟੀਕਾ) ਓਹ ਹਥ ਵਾਹ ੨ ਹੈਂ ਜੋ ਸਿਫਤ ਉਸ ਪਿਆਰੇ ਕੀ ਲਿਖਤੇ ਹੈਂ। ਪ੍ਰਮਾਨ। ਧੰਨ ਲਿਖਾਰੀ ਨਾਨਕਾ ਜਿਨ ਨਾਮ ਲਿਖਾਇਆ ਸਚ। ਵਾਰ। ੧। ਪੁਨਾ ਓਹ ਪੈਰ ਧੰਨ ਹੈਂ ੨ ਜੋ ਅੰਦਰ ਕੂਚੇ ਉਸਕੇ ਕੇ ਗੁਜਰਤੇ ਹੈਂ।

Digitized by Panjab Digital Library | www.panjabdigilib.org

। ਭਾਵ । ਜੋ ਹਰੀ ਕੇ ਸੰਤਾਂਕੀ ਸੰਗਤਿਮੈਂ ਜਾਤੇਹੈਂ ਅਰੁ ਪ੍ਰਕਰਮਾਕਰਤੇਹੈਂ । ਘ੍ਰਮਾਨ ਚਰਨ ਅਮੋਲ ਪ੍ਰਦਛਨਾ ਕਰਨ ਕੈ । ਕਬਿਤ ਭਾਈ ਕਾ । ੨ । ੩੪੯।

(ਮੂਲ) ਆਂ ਜੁਬਾਂਨੇ ਬਿਹ ਕਿ ਜਿਕਰੇ ਓ ਕੁਨੱਦ ॥
ਖਾਤਰੇ ਆਂ ਬਿਹ ਕਿ ਫਿਕਰੇ ਓ ਕੁਨੱਦ ॥

(ਟੀਕਾ) ਓਹ ਰਸਨਾ ਭਲੀ ਹੈ ਜੋ ਭਜਨ ਉਸ ਵਾਹਿਗੁਰੂਕਾ ਕਰਤੀ ਹੋਇ ਓਹ ਰਿਦਾ ਚੰਗਾ ਹੈ ਜੋ ਧਿਆਨਉਸ ਪਮੇਸੁਰਕਾ ਕਰਤਾ ਹੈ ।੨।੨੪੯।

(ਮੂਲ) ਦਰ ਹਮਹ ਉਜਵੇ ਕਿ ਓ ਅੰਦਰ ਤਨਸਤ ॥
ਸੌਕਿਓ ਅੰਦਰ ਸਰੇ ਮਰਦੋ ਜਨ ਅਸਤ ॥

ਟੀਕਾ—ਤਾਂਤੇ ਹੇ ਭਾਈ ਅੰਦਰ ਤਮਾਮ ਅੰਗਾਂ ਦੇ ਅਰੁ ਅੰਦਰ ਅੰਤਾਃਕਰਨਦੇ ਜੋ ਓਹ ਰਖਕ ਵਾਹਿਗੁਰੂ ਬਜਾਪਕਹੈ । ੧ । ਪੁਨਾ ਪ੍ਰੇਮ ਉਸਕਾ ਇਸਤ੍ਰੀਆਂ ਪੁਰਸ਼ਾਂਕੇ ਰਿਦੇ ਅੰਦਰ ਹੈ । ਭਾਵ । ਆਪਣੀ ੨ ਕਾਮਨਾਂ ਦੁਆਰੇ ਸਭੀ ਚਾਹੁਤੇ ਹੈਂ । ੨ । ੩੫੦ ।

(ਮੂਲ) ਆਰਜੂਏ ਜੁਮਲਹ ਸੂਏ ਓ ਬਵੱਦ ॥
ਸੌਕਿ ਓ ਆਗਿਸਤਹ ਦਰ ਹਰ ਮੂ ਬਵੱਦ ॥

[ਟੀਕਾ] ਅਰੁ ਇਛਿਆਵਾਨ ਜਗਜਾਸੂ ਤਮਾਮ ਤਰਫ ਉਸਕੀ ਸਾਖਸਾਤਤਾਕੇ ਹੈਂ । ਭਾਵ । ਹਰੀ ਸਾਖਸਾਤ ਹੋਵੈ ਜਿਸ ਕਰ ਫੇਰ ਜਨਮਆਦੀ ਦੁਖਾਂਸੇ ਛੁਟ ਜਾਵੈਂ ॥ ੧ ॥ ਇਸੀਤੇ ਪ੍ਰੇਮ ਉਸਕਾ ਮਿਲਜਾਂ ਹੂਆ ਹੈ ਅੰਦਰ ਤਮਾਮ ਰੋਮਾਂ ਦੇ ॥ ੨ ॥ ੩੫੧ ॥

(ਮੂਲ) ਗਰ ਤੁ ਖਾਹੀ ਸਾਹਿਬੇ ਇਰਫਾਂ ਸਵੀ ॥
ਜਾਂ ਬ ਜਾਨਾਂ ਦਿਹ ਕਿ ਤਾ ਜਾਨਾਂ ਸਵੀ ॥

(ਟੀਕਾ) ਜੇਕਰ ਤੇਰੇ ਕੋ ਇਛਿਆ ਬਡੇ ਗਿਆਨਕੀਹੋਵੈ । ਭਾਵ । ਅਪ੍ਰੋਖ ਗਿਆਨ ਕੀ ਚਾਹ ਰਖਤਾ ਹੈ ਤੂੰ ।੧। ਤਾਂ ਸਰੀਰ ਤਰਫ ਪਿਆਰੇ ਦੇ ਦੇਹ ਜੋ ਕਰ ਦੇਵੈ ਤਬ ਤੂੰ ਪਿਆਰੇਦਾ ਰੂਪ ਹੋਵੈਂਗਾ ॥ ੨ ॥ ੩੫੨ ॥ ਪ੍ਰਸਨ ਅਪ੍ਰੋਖ ਗਜਾਨ ਦੁਆਰਾ ਜੋ ਆਪਨੇ ਹਰੀਦਾਰੂਪ ਹੋਣਾ ਕਹਜਾ ਹੈ ਸੋ ਅਪ੍ਰੋਖ ਗਜਾਨਤੇ ਪੈਲਭੀ ਕੋਈ ਸਾਧਨ ਕਰਨਾ ਚਾਹੀਦਾਹੈ ਯਾ ਨਹੀਂ ਜੇਕਰ ਚਾਹੀਦਾ ਹੈ ਤਾਂ ਓਹੁ ਸਾਧਨ ਆਪਨੇਆਪ ਕਰਜਾ ਜਾਤਾ ਹੈ ਕੇ ਕਿਸੇ ਦੁਆਰਾ

Digitized by Panjab Digital Library | www.panjabdigilib.org

ਪ੍ਰਾਪਤਿ ਹੋਤਾ ਹੈ ਜੇਕਰ ਕਿਸੇ ਦੁਆਰੇ ਪ੍ਰਾਪਤਿ ਹੋਤਾ ਹੈ ਤਾਂ ਕਿਸ ਵਸਤੂ ਕੇ ਬਦਲੇ ਮਿਲਤਾ ਹੈ ਸੋ ਕਹੀਏ ਜੀ ਉਤ੍ਰ

(ਮੂਲ) ਹਰਚਿ ਦਾਰੀ ਕੁਨ ਹਮਹ ਕੁਰਬਾਨਿ ਓ ॥
ਰੋਜ਼ ਚੀਨੀ ਮੇਕੁਨਦ ਅਜ਼ ਖ਼ਾਨਿ ਓ ॥

(ਟੀਕਾ) ਜੋ ਕੁਛ ਪਾਸ ਰਖਤਾ ਹੈਂ ਉਹੁ ਤਮਾਮ ਪਦਾਰਥ ਵਾਰ ਨੌਕਰ। ਭਾਵ॥ ਮਨ ਤਨ ਧਨ ਸੰਤਾਂ ਗੁਰਾਂ ਕੋ ਅਰਪ ਦੇਹ।੧। ਪੁਨਾ ਫੂਲਜਾਂ ਹੂਆ ਚੁਣਨਾਂ ਕਰ ਉਨਕੇ ਘਰਸੇ। ਭਾਵ। ਸੰਤਸੰਗਤਿ ਵਿਚੋਂ ਦੈਵੀ ਸੰਪਤੀ ਗੁਣ ਕਿਆ ਆਗਜ਼ਾ ਅਨਸਾਰ ਵਰਤਕੇ ਬੋਲਨ ਚਾਲਨ ਬੈਠਨ ਖਾਨ ਪਾਨ ਆਦੀ ਸਾਧਨ ਕਰਨ ਆਦੀ ਗੁਣਾਂ ਕੋ ਇਕਤ੍ਰ ਕਰ॥੨।੩੫੩

[ਮੂਲ] ਗੌਹਰੇ ਮਕਸੂਦ ਤੋ ਹਾਸਲ ਸਵਦ ॥
ਨਾਕਸ ਅੰਦਰ ਸੁਹਬਤੇ ਕਾਮਲ ਸਵਦ ॥

(ਟੀਕਾ) ਫੇਰ ਤਿਨਾਂ ਕਰ ਪ੍ਰਯੋਜਨ ਰੂਪੀ ਮੋਤੀ ਤੇਰੇ ਕੋ ਪ੍ਰਾਪਤਿ ਹੋਵੈਗਾ। ਭਾਵ। ਹਰੀ ਕਾ ਅਪ੍ਰੋਖ ਹੋਵੈਗਾ॥੧॥ ਕਿਉਂ ਜੋ ਖਾਲੀ ਨਿਰਸਾਧਨ ਭੀ ਸਤਸੰਗ ਅੰਦ੍ਰ ਪੂਰਨ ਗੁਣਾਂ ਵਾਲੇ ਹੋਤੇ ਹੈਂ॥੨॥੩੫੪॥

(ਮੂਲ) ਤੋ ਹਮ ਅਜ਼ ਈਂ ਉਮਰ ਯਾਬੀ ਬਹਰਏ ॥
ਮਿਹਰ ਇਰਫਾਂ ਨਸ ਚੁ ਬਖਸ਼ਦ ਜ਼ਰਏ ॥

(ਟੀਕਾ) ਜੇਕਰ ਸਤਸੰਗ ਕਰੇਂ ਤਾਂ ਤੂੰ ਭੀ ਇਸ ਅਵਸਥਾ ਮੇ ਪਾਵੈਂ ਫਲ। ਭਾਵ। ਸਤਸੰਗ ਸੇ ਹਰੀ ਕੀ ਪ੍ਰਾਪਤੀ ਪਾਂਵੇਗਾ।੧। ਜਬ ਉਸ ਵਾਹਿਗੁਰੂ ਕਾ ਗਜ਼ਾਨ ਰੂਪੀ ਸੂਰਜ ਬਖਸ ਦੇਵੈਂਗੇ ਜਰਾਮਾਤ੍ਰ ਕ੍ਰਿਪਾ ਸੇ॥ ਭਾਵ। ਅਪ੍ਰੋਖ ਗਜ਼ਾਨ ਜਬ ਕਰ ਦੇਵੈਂਗੇ।੨।੩੫੫।

(ਮੂਲ) ਨਾਮਤੋ ਅੰਦ ਜਹਾਂ ਗਰਦਦ ਬੁਲੰਦ ॥
ਸੌਕਿ ਇਰਫਾਨੇ ਤੁ ਕੁਨਦ ਬਸ ਅਰਜ਼ਮੰਦ ॥

(ਟੀਕਾ) ਫੇਰ ਨਾਮ ਤੇਰਾ ਬੀਚ ਸੰਸਾਰਦੇ ਹੋਵੇਗਾ ਬਡਾ।੧। ਪੁਨਾ ਪ੍ਰੇਮ ਗਜ਼ਾਨ ਕਾ ਤੇਰੇ ਅਗੇ ਕਰੇਗਾ ਬੌਤ ਜੀਵ ਅਰਜਾਂ ਵਾਲੇ। ਭਾਵ। ਸਭ ਕੋ ਅਧੀਨ ਕਰ ਦੇਵੈਗਾ।੨।੩੫੬।

Digitized by Panjab Digital Library | www.panjabdigilib.org

(ਮੂਲ) ਸੌਕਿ ਇਰਫ਼ਾਨ ਸੌਕਿ ਸੇਰਾ ਦਸਤ ਦਾਦ ॥
ਕਜ ਕਲੀਦਸ ਕੁਲਫ਼ ਦਿਲ ਰਾ ਵਾ ਕੁਸਾਦ ॥

(ਟੀਕਾ) ਪ੍ਰੇਮ ਉਸ ਹਰੀਕੇ ਗਯਾਨਕਾ ਜਿਸ ਕਿਸੇਕੇ ਤਾਂਈ ਹਥ ਦੇਤਾ ਹੈ । ਭਾਵ । ਪ੍ਰੇਮ ਜਿਸਕੋ ਪ੍ਰਾਪਤਿ ਹੋਤਾ ਹੈ ।੧। ਜੋਤੋਂਓਹੁ ਪ੍ਰੇਮਰੂਪੀ ਕੁੰਜੀ ਸੇ ਦਿਲਰੂਪੀ ਜੰਦਰੇ ਕੋ ਖੋਲਤਾ ਹੈ । ਭਾਵ । ਦਿਲ ਕੋ ਸੁਧ ਨ੍ਰਿਮਾਲ ਕਰਤਾ ਹੈ ।੨।੩੫੭।

(ਮੂਲ) ਕੁਲਫ਼ ਰਾ ਬੁਕਸਾਂ ਓ ਮਾਲੇ ਬੇ ਕਿਰਾ ॥
ਦਰ ਕਫ਼ੇ ਖ਼ੁਦ ਆਰ ਅਜ਼ ਗੰਜੇ ਨਿਹਾਂ ॥

[ਟੀਕਾ] ਤੂੰ ਤੇ ਜੰਦਰੇਕੇ ਤਾਂਈ ਖੋਲੀਏ ਉਸਮੈ ਪਦਾਰਥ ਬੇਓੜਕ ਹੈ । ਭਾਵ । ਉਦਮਸੇ ਕੁੰਜੀ ਲੇਕਰ ਜੰਦਾ ਖੋਲਲੈ ।੧। ਫੇਰ ਬੀਚ ਹਥੇਲੀ ਆਪਣੀਦੇ ਲਿਆ ਖਜਾਨੇ ਗੁਜੇ ਸੇ ਓਹੁ ਪਦਾਰਥ ।੨।੩੫੮। ਪ੍ਰਸਨ ਓਹੁ ਪਦਾਰਥ ਕੋਣਹੈ ਜੰਦਰੇ ਅੰਦ੍ਰ ਜੋ ਆਪ ਲਿਆਂਵਣਾ ਕਹਤੇ ਹੋ। ਉਤ੍ਰ ।

(ਮੂਲ) ਕੰਦਰਾਂ ਲਾਲੋ ਗੁਹਰ ਬਿਸੀਯਾਰ ਹਸਤ ॥
ਅਜ ਮਤਾਇ ਲਲੂਏ ਸਹਿਵਾਰ ਹਸਤ ॥

[ਟੀਕਾ] ਖਜਾਨੇ ਕੇ ਅੰਦ੍ਰ ਲਾਲ ਅਰੁ ਮੋਤੀ ਬਹੁਤਹੈਂ ਜੋ ਖੋਲਦਾ ਹੈ ਸੋ ਦੇਖਦਾ ਹੈ ਗੁਣਾਂਰੂਪੀ ਪਦਾਰਥ ।੧। ਪ੍ਰਸਨ । ਐਸੇ ਪਦਾਰਥਾਂ ਵਾਲੇ ਜੰਦਰੇਕੀ ਕੁੰਜੀ ਕਿਸਸੇ ਮਿਲਤੀ ਹੈ । ਉਤ੍ਰ । ਓਹ ਜੋ ਲਾਲਾਂਰੂਪੀ ਪਦਾਰਥਹੈ ਉਸਕੀ ਕੁੰਜੀ ਸਾਹਵਾਲਜਾਓਂ ਪ੍ਰਾਪਤੀ ਹੈ। ਭਾਵ । ਉਸਕੀ ਕੁੰਜੀ ਸੰਤਾ ਪਾਸੋ ਮਿਲਤੀ ਹੈ ।੨।੩੫੯।

(ਮੂਲ) ਹਰਚਿ ਮੀਖ਼ਾਹੀ ਜਿ ਗੰਜੇ ਬੇ ਸੁਮਾਰ ॥
ਆਇਦੋਤੁ ਦਰ ਦਸਤ ਏ ਆਲੀਤਿ ਬਾਰ ॥

(ਟੀਕਾ) ਕੁੰਜੀ ਲੇਕਰ ਫੇਰ ਜੋ ਕਛ ਚਾਹਵੈ ਉਸ ਬਿਅੰਤ ਖਜਾਨੇਸੇਂ ।੧। ਓਹੁ ਆਵੈਗਾ ਤੇਰੇ ਹਥਕੇ ਬੀਚ ਐ ਬਡੇ ਮ੍ਰਾਤਬਵਾਲੇ । ਭਾਵ । ਏਹ ਮਨੁਖਾ ਜਨਮ ਸਭਸੇ ਬਡਾਹੈ ਇਸ ਮੈ ਜੈਸੇ ਮ੍ਰਾਤਬਾ ਤੇ ਪਦਾਰਥ ਚਾਵੈ ਵੈਸੇ ਮਿਲ ਜਾਤਾ ਹੈ ।੨।੩੬੦।

(ਮੂਲ) ਪਸ ਬਿਖ਼ਾਨੀ ਸਾਹਿਬਾਨੇ ਸੌਕਿ ਰਾ ॥

Digitized by Panjab Digital Library | www.panjabdigilib.org

ਤਾਜਿ ਸੰ ਹਾਸਲ ਕੁਨੀ ਈਂ ਜੌਹਿਰਾਂ ॥

(ਟੀਕਾ) ਜੇ ਲੋੜਹਈ ਤਾਂ ਫੇਰ ਚਾਹਿ ਮਾਲਕ ਪ੍ਰੇਮਕਿਆਂਕੇ ਤਾਂਈ । ਭਾਵ । ਸੰਤਾ ਸੇ ਮਿਲਕੇ ਸੇਵਾ ਕਰ । ੧ । ਜਬ ਸੇਵਾ ਕਰੈ ਤਾਂ ਉਨਾਂਸੇ ਪ੍ਰਾਪਤਿ ਕਰਲਏਂਗਾਤੂੰ ਇਸ ਪ੍ਰੇਮ ਰੂਪੀ ਕੁੰਜੀ ਤਾਂਈ । ੨ । ੩੬੧ ।

[ਮੂਲ] ਜੌਕਿ ਸੌਕੇ ਹਕ ਅਗਰ ਬਾਸਦ ਤੁਰਾਂ ॥
ਫੈਜ ਈਂ ਸੁਹਬਤ ਅਸਰ ਬਖਸਦ ਤੁਰਾਂ ॥

(ਟੀਕਾ) ਸਚੇ ਕੇ ਪ੍ਰੇਮਦੀ ਚਾਉ ਜੇਕਰ ਹੋਵੈ ਤੇਰੇ ਤਾਂਈ । ੧ । ਤਾਂ ਸੰਗਤਿ ਕਾ ਪ੍ਰਤਾਪ ਏਹ ਅਸਰ ਬਖਸੇਗਾ। ਤੇਰੇ ਤਾਂਈ ਭਾਵ । ਪ੍ਰੇਮ ਦੀ ਪ੍ਰਾਪਤੀ ਹੋਗੀ । ੨ । ੩੬੨ । ਪ੍ਰਸਨ ਆਪਨੇ ਕਹਣਾ ਹੈ ਜੋ ਪ੍ਰਮੇਸ੍ਰ ਸਭਮੈ ਬਾਪਕ ਹੈ ਜਬ ਪ੍ਰਮੇਸਰ ਸਭਮੈ ਬਾਪਕਹੈ ਤਾਂ ਸੰਤਾਂ ਰੂਪਾਂਮੈ ਕੌਨ ਮਹੱਤਤਾਹੈ ਜਿਸਕਰਉਨਾਂਕੀ ਸੇਵਾਂਅਰਸੰਗਤ ਕਰਨੀਆਪਪੁਨਾ੨ਕਹਤੇ ਹੋ ਸੋ ਕਹੀਏ ਉਤ੍ਰ

[ਮੂਲ] ਗਰਚਿ ਦਰ ਦਿਲਹਾ ਨ ਬਾਸਦ ਜੁਜ ਖੁਦਾਂ ॥
ਆਰਫਾਂ ਰਾ ਮੰਜਲੇ ਬਾਸਦ ਜੁਦਾਂ ॥

(ਟੀਕਾ) ਹੇ ਭਾਈ ਯਦਪਿ ਬੀਚ ਸਮਗ੍ਰ ਦਿਲਾਂਦੇ ਨਹੀ ਹੈ ਸੁਆ ਵਾਹਿਗੁਰੂ ਕੇ । ਭਾਵ । ਸਭਦੇ ਅੰਦ੍ਰ ਹਰੀਕਾਹੀ ਪ੍ਰਕਾਸ ਹੈ ਹੋਰਕਾ ਨਹੀ । ੧। ਤੌਭੀ ਗਯਾਨਵਾਨਾਂ ਦਾ ਰਿਦਾ ਬਡਾ ਟਿਕਾਣਾ ਹੈ । ਭਾਵ । ਸੰਤਾਂਕੇ ਰਿਦੇਮੈਂ ਹਰੀ ਬਸੇਸ ਰੈਂਤਾ ਹੈ ।ਜੈਸੇ ਲੋਕਕ ਪਾਤਿਸਾਹੋਂਕੇ ਏਕ ਖਾਸਗੀ ਮੰਦਰ ਹੋਤੇ ਹੈਂ ਅਰੁ ਏਕ ਗੌਨ ਹੋਤੇ ਹੈਂ ਹੋਰ ਜੈਸੇ ਹੋਰ ਸਭਰਾਣੀਆਂਸੇ ਰਾਜਾਕੀ ਪ੍ਰੀਤੀ ਬੈਠਨ ਉਠਨ ਕੀ ਹੋਤੀ ਹੈ ਪ੍ਰੰਤੂ ਪਟਿਰਾਣੀਸੇ ਅਰੁ ਪ੍ਰਤੂਵੰਤੀਸੇ ਅਧਿਕ ਹੋਤੀ ਹੈ ਐਸੇ । ੨ । ੩੬੩ ।

(ਮੂਲ) ਗੈਰ ਆਰਫ ਵਾਕਫੇ ਈਂ ਹਾਲ ਨੇਸਤ ॥
ਆਰਫਾਂ ਰਾ ਗੈਰ ਜਿਕਰ ਸ ਕੌਲ ਨੇਸਤ ॥

(ਟੀਕਾ) ਸਿਧਾਂਤ । ਬਿਨਾਂ ਗਯਾਨਵਾਨਾਂਦੇ ਮਹਰਮ ਬਸੇਸ ਕਰਕੇ ਇਸ ਹਵਾਲੇਦਾ ਨਹੀਂਹੈ । ਭਾਵ । ਸੰਤਾ ਬਿਨਾ ਏਹ ਭੇਦ ਹੋਰ ਕੋਈ ਨਹੀ ਜਾਨਤਾ ਪ੍ਰਮਾਨ । ਨਾਨਕ ਬ੍ਰਹਮ ਗਿਆਨੀਕੀ ਗਤਿ ਬ੍ਰਹਮ ਗਿਆਨੀ ਜਾਨੈ।ਸੁਖਮਨੀ ਤਾਂਤੇ ਸੰਤਾਂ ਕੋ ਹੀ ਸਾਖਾਤਤਾ ਹੋਤੀ ਹੈ ਇਸਤੇ ਸੰਤਹੀ। ਜਾਨਤੇ ਹੈਂ ।੧। ਪ੍ਰਸਨ ਇਸ ਬਾਤ ਕੋ ਗਯਾਨੀ ਜਾਨਤੇ ਹੈਂ ਅਰੁ ਹੋਰ ਨਹੀਂ ਜਾਨਤੇ ਇਸਮੈ ਕੌਨ

Digitized by Panjab Digital Library | www.panjabdigilib.org

ਹੇਤੂਹੈ।ਉਤ੍ਰ। ਗਿਆਨਵਾਨਾਂਦਾ ਬਿਨਾ ਭਜਨ ਉਸਕੋਕੋ ਕਹਣਾ ਨਹੀਂ ਹੈ। ਭਾਵ। ਸੁਆਸ੨ਭਜਨ ਕਰਤੇਹੈਂ ਇਸਤੇ। ਪ੍ਰਮਾਨ। ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸ ਭੋਜਨ ਖਾਤਾ। ਦੇਵ ਗੰਧਾਰੀ ਮ: ੫। ੨।੩੯੪ ।ਪ੍ਰਸ਼ਨ ਆਪ ਨੇ ਕਹਣਾਹੈ ਜੋ ਸੰਤ ਸੁਆਸ ੨ ਭਜਨ ਕਰਤੇ ਹੈਂ ਇਸਤੇ ਸੰਤਾਂ ਕੀ ਬਸੇਸਤਾ ਹੈ ਤਾਤੇ ਜਬ ਭਜਨਮੇ ਬਸੇਸਤਾਹੈ ਤਾਂ ਫੇਰ ਆਪਨੇਆਪ ਨਾਮ ਜਪ ਲਏਂਗੇ ਸੇਵਾ ਕਰਨੇ ਮੇ ਮਮਾਂ ਲਾਬਿਤ੍ਰਾਵਨਾ ਚਾਹੀਏ ਉਤ੍ਰ।

(ਮੂਲ) ਬਾਦਸ਼ਾਹਾਂ ਸਲਤਨਤ ਬੁਗਜਾਸ਼ਤੰਦ ॥
ਚੂੰ ਗਦਾਇਆ ਕੂਬਕੂ ਬਿਸਤਾਫ਼ ਤੰਦ ॥

(ਟੀਕਾ) ਭਰਥਰੀਆਦੀ ਬਾਦਸਾਹਾਂਨੇ ਰਾਜ ਸਾਜ ਕੀ ਸਾਮਗ੍ਰੀ ਤ੍ਯਾਗ ਛੋੜੀ ਸੀ।੧। ਮਾਨਿੰਦ ਫਕੀਰਾਂ ਮੰਗਿਤ੍ਰਿਆਂ ਕੇ ਕੂਚੇ ੨ ਬਿਚ ਫਿਰਤੇ ਸੇ। ਭਾਵ। ਜੋ ਅੰਨਮੰਗਕੇ ਖਾਕਰ ਬਾਹਰ ਜਾ ਬੈਠੇ ਏ।੨।੩੯੫

(ਮੂਲ) ਅਜ਼ਬਰਾਏ ਆਂ ਕਿ ਯਾਦੇ ਊ ਕੁਨੰਦ ॥
ਅਜ਼ ਮੁਕਾਫ਼ਾਤ ਦੂ ਆਲਮ ਦਰ ਰਹੰਦ ॥

(ਟੀਕਾ) ਜੋ ਉਸਕੀ ਪ੍ਰਾਪਤੀ ਵਾਸਤੇ ਬਾਹਰ ਇਕੰਤ ਬੈਠ ਕਰ ਭਗਤੀ ਉਸਕੀ ਕਰੀਏ।੧। ਜਿਸ ਕਰ ਦੋਨੋ ਲੋਕਾਂ ਕੇ ਬੀਚ ਫਿਰਨੇਸੇ ਰਹੀਏ। ਭਾਵ। ਜਨਮ ਮਰਨ ਤੇ ਛੁਟ ਜਾਈਏ ਐਸੀ ਇਛਿਆ ਕਰਕੇ ਸਭ ਕੁਛ ਛਡ ਕਰ ਮੰਗ ੨ ਕੇ ਖਾਤੇਭੀ ਰਹੇ ਦੁਖ ਭੀ ਸਹਾਰੇ ਇਕੰਤ ਬੈਠ ਕਰ ਆਪਨੇ ਆਪ ਭਗਤੀ ਭੀ ਕਰਤੇਰਹੇ ਪਰ ਕੁਛ ਪ੍ਰਾਪਤਿ ਨਾ ਹੂਆ ਗੁਰ ਉਪਦੇਸਤੇ ਬਿਨਾ ਐਵੇਂ ਨਿਸਫਲ ਦੁਖ ਪਾਂਵਦੇ ਰਹੇ ਇਸਕਰ ਸੰਤਾਂ ਗੁਰਾਂ ਕੇ ਉਪਦੇਸ ਕੀ ਜ਼ਰੂਰਤ ਹੈ। ਪ੍ਰਮਾਨ। ਰਾਮ ਰਾਮ ਸਭ ਕੋ ਕਹੈ ਕਹਿਐ ਰਾਮੁ ਨ ਹੋਇ। ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ।ਗੂਜਰੀ ਮ: ੩। ੨।੩੯੬॥

(ਮੂਲ) ਵਾਕਫ਼ੇ ਈਂ ਰਹਿ ਅਗਰ ਦਸਤ ਆਮਦੇ ॥
ਮਕਸਦ ਸ ਦਰ ਸਲਤਨਤ ਦਸਤ ਆਮਦੇ ।

(ਟੀਕਾ) ਪਰ ਮਹਰਮ ਇਸ ਪ੍ਰਾਪਤੀ ਰੂਪੀ ਰਸਤੇਕੇ ਜੇਕਰ ਹਥਮੈਂ ਆਂਵਦੇ। ਭਾਵ। ਜੇ ਸੰਤ ਘਰ ਮੈ ਹੀ ਮਿਲ ਜਾਤੇ।੧। ਤਾਂ ਪ੍ਰੋਜਨ ਉਸ ਕੀ ਪ੍ਰਾਪਤੀਕਾ ਬੀਚ ਰਾਜਸਾਜਕੇਹੀ ਹਾਥਮੈ ਆਜਾਤਾ। ਭਾਵ। ਘਰ ਮੈ ਹੀ ਜਨਕ ਬਿਦੇਹਵਤ੍ਰਪ੍ਰਾਪਤੀਵਾਲੇ ਹੋਜਾਤੇ ਓਹ ਰਾਜੇ ਭੀ। ਪ੍ਰਮਾਨ ਪੂਰਾ ਸਤਿਗੁਰ ਜੇ ਮਿਲਣੈ ਪੂਰੀ ਹੋਈ ਜੁਗਤਿ। ਹਸੰਦਿਆਂ ਖੇਲੰਦਿਆਂ ਪੈਨੰਦਿਆਂ

Digitized by Panjab Digital Library | www.panjabdigilib.org

ਵਿਚੇ ਹੋਵੈ ਮੁਕਤਿ। ਹੋਰ ਬੋਤ ਦਾਜੇ ਗੁਰਾਂਡ੍ਰੇ ਵਕਤ ਗ੍ਰਿਹਸਤ੍ਰਕੇ ਬੀਚਹੀ ਮੁੱਕਤ ਹੂਏ ਹੈਂ। ਸਲੋਕ ਵਾਰਾਂ ਤੇ ਵਧੀਕ ਮਹਲਾ ੩।੨।੩੬੭।

(ਮੂਲ) ਜੁਮਲਹ ਲਸਕਰ ਤਾਲਬਾਨੇ ਹਕ ਸੁਦੇ ॥
ਦਰ ਹਕੀਕਤ ਆਰਫ਼ੇ ਮਤਲਕ ਸੁਦੇ ॥

(ਟੀਕਾ) ਪੁਨਾ ਓਹੀ। ਸਮਸ੍ਰ ਫੌਜਾਂ ਕੇਹੀਤ੍ਰਿਆਂ ੨ ਜੋ ਇੱਛਾਵਾਨ ਸਚੇਕੀ ਪ੍ਰਾਪਤੀਕੇ ਹੋਕਰ ਸੰਤਾਂਕੋ ਮਿਲਤੇ। ਤਾਂ ਬੀਬ ਹਿਰਦੇਕੇ ਗਯਾਨਵਾਨ ਅਦੁਤੀ ਕੇ ਹੋਤੇ। ੨।੩੬੮।

(ਮੂਲ) ਸਾਲਕੇ ਈ ਰਹਿ ਅਗਰ ਦਰ ਯਾਫ਼ਤੇ ॥
ਦਿਲ ਅਜੀਂ ਸਾਹੀ ਕੁਜਾ ਬਰਤਾਫ਼ਤੇ ॥

[ਟੀਕਾ] ਪੁਨਾ ਦਿਖਲਾਵਨਵਾਲੇ ਇਸ ਰਸਤੇਦੇ ਜੇਕਰ ਓਹੁ ਘਰ ਦੋ ਅੰਦ੍ਰਹੀ ਪਾਲੈਂਦੇ।੧। ਤਬ ਓਹ ਬਾਦਸਾਹ ਦਿਲ ਇਸ ਬਾਦਸਾਹੀ ਸੇਕਹ ਫੇਰ ਤੇ। ਭਾਵ। ਘਰਮੇਂਹੀ ਫੇਰ ਸਭ ਤਰਾਂਦੇ ਆਨੰਦ ਲੇਤੇ।੨।੩੬੯।

(ਮੂਲ) ਤੁਖਮ ਹਕ ਦਰ ਮੰਜਰਏ ਦਿਲ ਕਾਸਤੇ ॥
ਤਾ ਗੁਬਾਰੇ ਦਿਲ ਜਿ ਦਿਲ ਬਰਦਾਸਤੇ ॥

(ਟੀਕਾ) ਪੁਨਾ ਓਹੀ। ਬੀਜ ਸਚੇਨਾਮਕਾ ਦਿਲਰੂਪੀ ਖੇਤੀ ਕੇ ਬੀਚ ਬੀਜਤੇ। ਭਾਵ। ਜਬ ਸੰਤਾ ਗੁਰਾਂਸੇ ਉਪਦੇਸ ਲੇਕਰ ਕਮਾਂਵਦੇ।੧।ਤਬ ਅੰਧੇਰੀ ਦਿਲਦੀ ਦਿਲਸੇ ਉਠਾਦੇਤੇ। ਭਾਵ। ਜੈਸੇ ਬੰਜ੍ਰ ਜਮੀਨ ਮੈ ਘਾਸ ਜਮ ਕਰ ਜਿਮੀਨ ਕੋ ਅਛਾਦਲੇਤਾਹੈ ਫੇਰ ਉਸਮੈਂ ਬੀਜ ਜਮਦਾ ਫਲਦਾ ਨਹੀ ਜਬ ਹਲਸੇ ਘਾਸ ਪੁਟਕਰ ਜਿਮੀਨਕੋ ਹਲਸੇ ਨਰਮ ਕਰਕੇ ਫੇਰ ਬੀਜ ਬੀਜੇ ਤਾਂ ਜਮਦਾ ਫਲਦਾਹੈ ਐਸੇ ਦਿਲ ਜਨਮਾ ੨ ਕਾ ਅਵਿਦਿਆਸੇ ਮਲਨਾ ਹੂਆ ੨ ਹੈ ਉਸ ਮਲਨਤਾ ਕਰ ਜੀਵ ਕੋ ਹਰੀ ਪ੍ਰਾਪਤਿ ਨਹੀਹੋਤਾ ਜਬ ਸੰਤਾਂ ਗੁਰਾਂਕੋ ਮਿਲਕੈ ਉਪਦੇਸ ਲੇਕਰ ਭਗਤੀਸੇ ਦਿਲ ਕੀ ਕਰੜਾਈ ਦੂਰ ਕਰਕੇ ਨਾਮ ਜਪਤੇ ਤਾ ਅਵਿਦਿਆਦੂਰਹੋਕਰ ਸਾਖਸਾਤਕਾਰਹੋਜਾਤਾ।੨।੩੭੦।

(ਮੂਲ) ਬਰ ਸਰੇ ਤਖਤੇ ਨਗੀਂ ਕਾਇਮ ਬੁਦੇ ॥
ਜਿਕਰ ਮਉਲਾ ਗਰ ਬ ਦਿਲ ਕਾਇਮ ਸੁਦੇ ॥

( ਟੀਕਾ ) ਪੁਨਾ ਓਹੀ । ਜੜਾਊ ਤਖਤ ਕੇ ਸਿਰ ਉਪ੍ਰ ਇਸ ਥਿਤ ਹੋਤੇ । ਭਾਵ । ਛੋਟੇ ਰਾਜਸੇ ਬਡੇ ਰਾਜਪਰ ਬਿਰਾਜਤੇ । ੧ । ਜੇਕਰ ਭਜਨ ਬ੍ਰਹਮ ਕਾ ਬੀਚ ਦਿਲਦੇ ਇੰਸਥਿਤ ਹੋਤਾ । ਭਾਵ । ਸੰਤਾਂ ਦੁਆਰੇ ਭਜਨ ਜੇ ਕਰਤੇ । ੨ । ੩੨੧ ।

(ਮੂਲ) ਬੂਇ ਹਕ ਮੇਆਇਦ ਅਜ਼ ਹਰ ਮੂਇ ਸ਼ਾਂ ॥
ਜਿੰਦਹ ਮੇਸ਼ਦ ਹਰ ਕਸੇ ਅਜ ਬੂਇ ਸ਼ਾਂ ॥

( ਟੀਕਾ ) ਸੁਗੰਧੀ ਸਚੀ ਆਂਵਦੀਹੈ ਹਰਇਕ ਰੋਮ ਉਨਕੇ ਸੇ । ਭਾਵ । ਵਾਹਿਗੁਰੂ ਕੀ ਭਗਤੀ ਤਨਮਨ ਬਾਣੀ ਮੈ ਦ੍ਰਿੜ ਹੋਜਾਤੀ । ੧ । ਪੁਨਾ ਜੀਵਨ ਰੂਪ ਹੋਤਾ ਸਭਕੋਈ ਸੁਗੰਧੀ ਉਨਕੀ ਸੇ । ਭਾਵ । ਉਨਾ ਦੁਆਰੇ ਹੋਰ ਲੋਕ ਭੀ ਭਗਤੀ ਕਰਕੇ ਮੁੱਖ ਹੋਜਾਤੇ ਪ੍ਰਹਲਾਦ ਵਤ । ੨ । ੩੨੨ ।

(ਮੂਲ) ਨਾਮਿ ਹਕ ਬੇਰੂੰ ਨ ਬੂਦ ਅਜ ਜਿਸਮ ਸ਼ਾਂ ॥
ਮੁਰਸ਼ਦੇ ਕਾਮਿਲ ਅਗਰ ਦਾਦੇ ਨਿਸ਼ਾਂ ॥

( ਟੀਕਾ ) ਪ੍ਰਗਟ ਹੋਣਾ ਸਚੇਕਾ ਬਾਹਰ ਨਹੀਥਾ ਸ੍ਰੀਰਉਨਕੇਸੇ । ਭਾਵ । ਸ੍ਰੀਰ ਕੇ ਬੀਚ ਹੀ ਪ੍ਰਗਟਥਾ । ੧ । ਜੇਕਰ ਗੁਰੂਪੂਰਨ ਨਿਸਾਨੀ ਦੇਂਦੇ । ਭਾਵ । ਸਾਧਨਾ ਸਪੰਨ ਨ੍ਰਿਸੰਸ ਉਪਦੇਸਕਰਦੇ ਤ ਸਾਖਸਾਤ ਹੋਜਾਂਦਾ । ੨ । ੩੨੩ ।

(ਮੂਲ) ਆਬਹੈਵਾਂ ਅੰਦਰੂੰਨੇ ਖਾਨਹ ਅਸਤ ॥
ਲੇਕਿ ਬੇਹਾਦੀ ਜਹਾਂ ਬੇਗਾਨਹ ਅਸਤ ॥

( ਟੀਕਾ ) ਪੁਨਾ ਅੰਮ੍ਰਿਤ ਬੀਚ ਘਰਕੇਹੀ ਹੈ । ਭਾਵ । ਬ੍ਰਹਮਾਨੰਦ ਸਭ ਕੇ ਅੰਦ੍ਰਹੀ ਹੈ । ੧ । ਪਰੰਤੂਬਿਨਾਂ ਦਿਖਲਾਂਵਣੇਵਾਲੇਸੇ ਸੰਸਾਰ ਜਮਾਂਕਾ ਹੈ । ਭਾਵ । ਗੁਰਾਂ ਬਿਨਾਂ ਜਨਮ ਮਰਨਵਾਲਾ ਜਗਤ ਹੋਰਹਾਹੈ । ੨ । ੩੨੪ ।

(ਮੂਲ) ਚੂੰ ਕਿ ਸਹਿਰਗ ਹਸਤ ਸ਼ਹਿ ਨਜਦੀਕ ਤਰ ॥
ਚੂੰ ਬ ਸਹਰਾਂ ਮੇਰਵੀ ਏ ਬੇ ਖਬਰ ॥

( ਟੀਕਾ ) ਪੁਨਾ ਜੋ ਸਾਹਰਗ ਸੇ ਪਾਤਿਸਾਹਹਰੀ ਨੇੜੇ ਹੈ ਅਤ ਸੈ ਕਰ ਕੈ । ਭਾਵ । ਪ੍ਰੀਤਮਾਨਾਮ ਨਾੜੀ ਜਿਸਸੇਂ ਸੁਆਸ ਆਤੇ ਹੈਂ ਉਸ ਸੇ ਭੀ ਹਰੀ ਨੇੜੈ ਹੈ । ੧ । ਤਾਂਤੇ ਕਿਉਂ ਤਰਫ ਜੰਗਲੋਂਕੀ ਫਿਰਤੇਹੈ ਏਹ ਬੇਅਕਲ ਜੀਵ

Digitized by Panjab Digital Library | www.panjabdigilib.org

। ਪ੍ਰਮਾਨ ਜੰਗਲ ਜੰਗਲ ਕਿਆ ਭਵਹਿ। ਫਰੀਦਾ। ਭਾਵ ਜਬ ਤਕ ਥਾਂਨ ਮਲੂਮ ਹੋਵੇ ਅਰੁ ਰੰਗ ਰੂਪ ਨਾ ਜਾਣਦਾ ਹੋਵੇ ਤਬ ਤਕ ਨਹੀ ਮਿਲਤਾ ਵਾਹਿਗੁਰੂ। ੨। ੩੨੫।

(ਮੂਲ) ਵਾਕਫੇ ਈਂ ਰਹਿ ਅਜ਼ਾਂ ਮੇਬਾਇਦ ਤੂ ॥
ਤਾ ਤੁਰਾ ਰਾਹਿ ਖੁਦਾ ਬਿਨੁਮਾਇਦ ਤੂ ॥

(ਟੀਕਾ) ਇਸੀ ਵਾਸਤੇ ਮਹਰਮ ਇਸ ਰਸਤੇ ਕਾ ਚਾਹੀਦਾ ਹੈ ਤੇਰੇ ਕੋ। ਭਾਵ। ਗੁਰਾਂ ਸਾਥ ਮਿਲਨਾ ਚਾਹੀਦਾ ਹੈ ਤੈਨੂੰ ਜਬ ਮਿਲ ਜਾਵੇ। ੧। ਤਬ ਤੇਰੇ ਤਾਂਈ ਰਸਤਾ ਵਾਹਿਗੁਰੂ ਦੀ ਪ੍ਰਾਪਤੀ ਦਾ ਦਿਖਾਇ ਦੇਵੇ। ੨। ੩੨੬।

(ਮੂਲ) ਵਾਕਫੇ ਈਂ ਰਹ ਚੁ ਗਰਦਦ ਰਹਿਨੁਮਾ ॥
ਖਿਲਵਤੇ ਦਰ ਅੰਜਮਨ ਬਾਸਦ ਤੁਰਾ ॥

(ਟੀਕਾ) ਪੁਨਾ ਮਹਰਮ ਇਸ ਰਸਤੇ ਕੇ ਜਬ ਹੋਵੈਂ ਰਸਤਾ ਦਿਖਲਾਵਨ ਵਾਲੇ। ਭਾਵ। ਸੰਤ ਗੁਰੂ ਪ੍ਰਸੰਨ ਹੋਕੇ ਜਬ ਪੂਰਨ ਉਪਦੇਸ ਕਰ ਦੇਵੈਂ। ੧। ਫੇਰ ਇਕਾਂਤਤਾ ਬੀਚ ਬਾਗ ਦੇ ਹੋਵੇ ਤੇਰੇ ਤਾਂਈ। ਭਾਵ। ਸੰਸਾਰ ਦੇ ਬੀਚ ਫਿਰਦਿਆਂ ਤੁਰਦਿਆਂ ਅਤੇ ਸ਼ਰੀਰ ਮੈਂ ਇਸਥਿਤ ਹੋਤਿਆਂ ਹੀ ਨਿਰਲੇਪ ਹੋਵੇ। ੨। ੩੨੭। ਪ੍ਰਸਨ ਐਸੀ ਇਕਾਂਤਤਾ ਵਾਲਿਆਂ ਕਾ ਅਰੁ ਨਿਰਲੇਪਤਾ ਕਾ ਕੁਛ ਲਖਣ ਕਹੀਏ ਜੀ ਜਿਸਕੋ ਸੁਣ ਕੇ ਗਜ਼ਾਤੁ ਸੇ ਹਮ ਕੋ ਦ੍ਰਿੜ ਹੋ ਜਾਵੇ ਉਤਰ।

(ਮੂਲ) ਹਰਚਿ ਸਾਂ ਅੰਦਰ ਖਿਲਾਫ਼ਤ ਦਾਸਤੰਦ ॥
ਜੁਮਲਹ ਰਾ ਯਕ ਬਾਰਗੀ ਬੁਗੁਜ਼ਾਸਤੰਦ ॥

(ਟੀਕਾ) ਜੋ ਕੁਛ ਸਾਮਗ੍ਰੀ ਓਹੁ ਸੰਤ ਆਪਣੇ ਅੰਦਰ ਰਖਦੇ ਹੈਂ। ੧। ਸੋ ਸਮਗ੍ਰ ਪਦਾਰਥਾਂ ਕੇ ਤਾਂਈ ਇਕੇਵਾਰੀ ਹੀ ਉਠਾ ਦੇਤੇ ਹੈਂ। ਭਾਵ। ਤਿਆਗ ਦੇਤੇ ਹੈਂ ਕੈਸੇ ਜੋ ਚਿਤ ਸੇ ਨਿਰਲੇਪ ਹੋਤੇ ਹੈਂ ਅਰੁ ਆਸ੍ਰੀ ਸੰਪਤੀਆਂ ਸੇ ਕੰਮ ਲੇਤੇ ਹੈਂ ਅਰੁ ਉਨਮੇ ਚਿਤ ਖਚਤ ਨਹੀਂ ਕਰਤੇ ਜੇਕਰ ਇਛਿਆ ਰਖਤਾ ਹੈਂ ਤਾ ਤੂੰ ਭੀ ਐਸੇ ਕਰ। ੨। ੩੨੮।

(ਮੂਲ) ਅਜ਼ ਬਰਾਇ ਆਂ ਕਿ ਹਕ ਹਾਸਲ ਕੁਨੰਦ ॥
ਪੈਰਵੀਇ ਆਰਫੇ ਕਾਮਲ ਕੁਨੰਦ ॥

Digitized by Panjab Digital Library | www.panjabdigilib.org

(ਟੀਕਾ) ਵਾਸਤੇ ਉਸ ਸਚੇ ਦੀ ਪ੍ਰਾਪਤੀ ਦੇ ਜੋ ਕੁਛ ਆਪਣਾ ਮੰਨਿਆ ਹੂਆ ਹੈ ਸਭ ਦਾ ਸੰਕਲਪ ਤਯਾਗਨ ਕਰ । ੧ । ਪੁਨਾ ਮਾਯਾਕਾ ਮੋਹ ਤਯਾਗ ਕੈ ਢੂੰਢਣਾ ਪੂਰਨ ਗ੍ਯਾਨਵਾਨਾਂਦਾ ਕਰ । ਕਿਉ ਜੋ ਮਾਯਾ ਕੇ ਮੋਹ ਕਰਕੈ ਗੁਣ ਵਾਨੇ ਕੀ ਪ੍ਰੀਖ੍ਯਾ ਨਹੀਹੋਤੀ।ਪ੍ਰਮਾਣ।ਮਾਇਆ ਧਾਰੀ ਅਤਿ ਅੰਨਾ ਬੋਲਾ ਸਬਦ ਨ ਸੁਣਈ ਰੋਲ ਕਚੋਲਾ। ਭਾਵ। ਮਾਯਾ ਕਾ ਮੋਹ ਤਯਾਗ ਕਰ ਖੋਜਨੇਸੇ ਪਾ ਲਈਤੇ ਹੈਂ । ੨। ੨੮੯।

(ਮੂਲ) ਆਰਫੇ ਕਾਮਿਲ ਤੁਰਾ ਕਾਮਲ ਕੁਨੱਦ ॥
ਹਰਚਿ ਮੇਖਾਹੀ ਤੁਰਾ ਹਾਸਿਲ ਕੁਨੱਦ ॥

(ਟੀਕਾ) ਤਾਂਤੇ ਪੂਰਨ ਗਯਾਨਵਾਨ ਤੇਰੇ ਤਾਂਈ ਪੂਰਨ ਕਰਨ ਗੇ। ੧ ਪੁਨਾ ਹੋਰ ਭੀ ਜੋ ਕੁਛ ਚਾਂਵੇ ਤੂੰ ਤੇਰੇ ਤਾਂਈ ਪ੍ਰਾਪਤਿ ਕਰਨ ਗੇ। ੨। ੨੯੦

(ਮੂਲ) ਰਾਸਤੀ ਈਂ ਨਸਤ ਰਾਹੇ ਹਕ ਬਿਗੀਰ ॥
ਤਾਤੁ ਹਮ ਗਰਦੀ ਚੁ ਖੁਰਸੈਦੇ ਮੁਨੀਰ ॥

(ਟੀਕਾ) ਸਿਧਾਂਤ। ਸਚਯਾਈ ਏਹੀ ਹੈ ਜੋ ਰਸਤਾ ਸਚੇ ਕਾ ਪਕੜ। ਭਾਵ ਜੋ ਹਰੀ ਕੀ ਭਗਤੀ ਕਰ। ੧। ਜਬ ਭਗਤੀ ਕਰੈਂ ਤਬ ਤੂੰ ਭੀ ਹੋਵੈਂ ਮਾਨਿੰਦ ਸੂਰਜ ਅਕਾਸ਼ਕੇ । ਭਾਵ। ਹਰੀਕੀ ਪ੍ਰਾਪਤੀ ਵਾਲਾ ਹੋਵੈਂਗਾ। ੨ ।੨੯੧। ਪ੍ਰਸਨ ਆਪਨੇ ਜੋ ਸਚੇ ਕੀ ਪ੍ਰਾਪਤੀ ਕਹੀਹੈ ਸੋ ਸਚਾ ਕਿਸ ਜਗਾ ਰਹਤਾ ਹੈਅਰੁ ਮੁਖਤਾ ਕਰ ਕਿਸ ਸਾਧਨ ਕਰ ਮਿਲਤਾ ਹੈ ਜਿਸ ਵਾਸਤੇ ਬਡੇ ੨ ਜਤਨ ਕਹੇ ਹੈਂ ਅਰੁ ਕਰੀਦੇ ਹੈਂ। ਉਤਰ।

(ਮੂਲ) ਹਕੇ ਦਰੂਨੇ ਦਿਲ ਕਿ ਦਿਲੋ ਦਾਰੀ ਕੁਨੱਦ ॥
ਮੁਰਸਦੇ ਕਾਮਲ ਨਮੂਦਾਰੀ ਕੁਨੱਦ ॥

(ਟੀਕਾ) ਹੇ ਭਾਈ ਸਚਾ ਅੰਦਰ ਦਿਲਦੇਹੀ ਹੈ ਜੋ ਦਿਲਦਾ ਰਖਣਾ ਕਰਤਾ ਹੈ ਓਹੁ ਜਾਨ ਲੇਤਾ ਹੈ। ਭਾਵ। ਜੇਕਰ ਤੂੰ ਦਿਲਦਾ ਰੋਕਣਾ ਕਰੈਂ ਤਾਂ ਜਾਨ ਲਏਂਗਾ। ਪ੍ਰਮਾਨ। ਟੁਕਦਮ ਕਰਾਰੀਜੇਕਰੋ ਹਾਜਰ ਹਜੂਰ ਖੁਦਾਇ । ਤਿਲੰਗ ਕਬੀਰ। ੧ । ਪ੍ਰਸਨ ਆਪਨੇਆਪ ਦਿਲਕੇ ਰੋਕਨੇਸੇਹੀ ਜਾਨ ਲਈਦਾ ਹੈ ਕੇ ਸਾਥ ਕੋਈ ਔਰ ਸਾਧਨਭੀ ਚਾਹੀਦਾਹੈ ਉਤ੍ਰ ਪੂਰਨ ਗੁਰੂ ਦਿਖਲਾਵਣਾ ਕਰਤੇ ਹੈਂ । ਭਾਵ। ਗੁਰਾਂਸੇ ਸਰਧਾ ਕਰਕੇ ਮਿਲੈਂ ਤਾਂ ਓਹੁ ਦਿਖਾ ਦੇਤੇ ਹੈਂ। ਐਂਵੇ ਤੋ ਕਈ ਆਪਨੇਆਪ ਜੁਗਤੀਆਂਸੇ ਰੋਕ ਲੇਤੇ ਹੈਂ

Digitized by Panjab Digital Library | www.panjabdigilib.org

ਪਰ ਸਚੇ ਕੋ ਨਹੀ ਜਾਨ ਸਕਤੇ। ਸਾਖੀ। ਭਗਤ ਮਾਲ ਰਾਜਾ ਜਗਤ ਸਿੰਘ ਅਰੁ ਬਾਜੀ ਗਰ ਕੀ। ੨। ੩੯੨।

(ਮੂਲ) ਵਾਕਫੇ ਈਂ ਰਹਿ ਅਗਰ ਆਰੀ ਬ ਦਸਤ॥
ਅੰਦਰੂੰ ਯਾਬੀ ਮਤਾਇ ਹਰਚਿ ਹਸਤ॥

(ਟੀਕਾ) ਪੁਨਾ ਓਹੀ। ਭੇਦੀ ਇਸ ਰਸਤੇਦੇ ਜੇਕਰ ਲਿਆਂਵੇਂ ਬੀਚ ਹਾਥ ਕੇ। ਭਾਵ। ਸੰਤਾਂ ਗੁਰਾਂ ਕੋ ਜੇ ਪ੍ਰਸੰਨ ਕਰੇਂ। ੧। ਤਾਂ ਫੇਰ ਅੰਦਰੋਂ ਹੀ ਪਾਂਵੇ ਪਦਾਰਥ ਜੋ ਕੁਛ ਚਾਹਿਦਾਹੈ। ਭਾਵ। ਵੈਰਾਗਦਾ ਰੂਪੀਅਰੁ ਹਰੀ ਕਾ ਸਾਖਯਾਤ ਹੋਣਾ ਰੂਪੀ ਇਸ ਦੇਹਦੇ ਅੰਦਰੋ ਹੀ ਮਿਲ ਜਾਤਾ ਹੈ। ੨। ੩੯੩।

(ਮੂਲ) ਮੁਰਸ਼ਦੇ ਕਾਮਿਲ ਕਸੇ ਰਾ ਦਸਤ ਦਾਦ॥
ਤਾਜਿ ਇਰਫਾਂ ਰਾ ਬਫਰਕੇ ਓ ਨਿਹਾਦ॥

(ਟੀਕਾ) ਇਸ ਉਪ੍ਰ ਸੁਨੀਏ। ਗੁਰੂ ਪੂਰਨ ਜਿਸ ਕਿਸੀਕੇ ਤਾਂਈ ਹਾਥ ਦੇਤੇ ਹੈਂ। ਭਾਵ। ਜਿਸੁ ਪ੍ਰ ਕ੍ਰਿਪਾ ਕਰਤੇ ਹੈਂ। ੧। ਛਤ੍ਰ ਗਯਾਨ ਦਾ ਉਪ੍ਰ ਚੋਟੀ ਉਸਕੀਕੇ ਰਖਤੇ ਹੈਂ। ਭਾਵ। ਉਸ ਕੋ ਅਪ੍ਰੋਖ ਗਯਾਨ ਕਰਦੇਤੇ ਹੈਂ ਹਸਤਾ ਮਲਵਤ। ੨। ੩੯੪॥

(ਮੂਲ) ਮਹਰਮੇ ਹਕ ਮੁਰਸ਼ਦੇ ਕਾਮਲ ਕੁਨੰਦ॥
ਦਉਲਤੇ ਜਾਵੇਦ ਰਾ ਹਾਸਲ ਕੁਨੰਦ॥

(ਟੀਕਾ) ਵਾਕਫ ਸਚੇ ਕੋ ਗੁਰੂ ਪੂਰਨ ਕਰਤੇ ਹੈਂ। ੧। ਪੁਨਾ ਧੰਨ ਹਮੇਸ਼ਾਦਾ ਪ੍ਰਾਪਤਿ ਕਰਤੇ ਹੈਂ। ਭਾਵ। ਗੁਰੂ ਹੀ ਬ੍ਰਹਮਾਨੰਦ ਪ੍ਰਾਪਤਿ ਕਰਤੇ ਹੈ। ੨। ੩੯੫॥

(ਮੂਲ) ਹਰਦੁ ਆਲਮ ਬੰਦਹੇ ਫੁਰਮਾਨਿ ਓ॥
ਈਂ ਜਹਾਨੋ ਆਂ ਜਹਾਂ ਕੁਰਬਾਨਿ ਓ॥

(ਟੀਕਾ) ਪੁਨਾ ਦੋਨੋ ਲੋਕ ਦਾਸ ਹੈਂ ਹੁਕਮ ਉਸਕੇ ਕੇ। ਭਾਵ। ਹੁਕਮ ਮਨਨ ਵਾਲੇ ਹੈਂ। ੧। ਪੁਨਾ ਏਹ ਲੋਕ ਅਰੁ ਓਹੁ ਲੋਕ ਵਾਰਨੇ ੨ ਉਸੁਪ੍ਰ ਹੋ ਰਹੇ ਹੈਂ। ੨। ੩੯੬।

(ਮੂਲ) ਹਰਚਿਹਸਤਅਜਦਉਲਤੇ ਯਾਦੇਖੁਦਾਅਸਤ।

**ਆਰਫਾਂ ਰਾ ਦਉਲਤੇ ਖੁਸ ਰੋ ਨੁਮਾ ਅਸਤ ॥**

( ਟੀਕਾ ) ਜੋ ਕੁਛ ਧੰਨ ਹੈ ਹੀਰੇ ਮੋਤੀ ਤੇ ਦੈਵੀ ਗੁਣ ਆਦੀ ਓਹੁ ਵਾਹਿਗੁਰੂ ਕੀ ਭਗਤੀ ਸੇ ਹੈਂ । ਭਾਵ । ਭਗਤੀ ਸੇ ਸਭ ਕੁਛ ਪ੍ਰਾਪਤਿ ਹੋਤਾ ਹੈ ।੧। ਗਿਆਨਵਾਨਾਂ ਕੀ ਏਹ ਦੌਲਤ ਚੰਗਾ ਮੁਖ ਦਿਖਲਾਵਣ ਵਾਲੀ ਹੈ । ਭਾਵ । ਦੈਵੀ ਗੁਣਾਂ ਸੇ ਹਰੀ ਸਾਖਯਾਤ ਹੋਤਾ ਹੈ ।੨। ੩੯੭ । ਸਿਧਾਂਤੁ ।

**(ਮੂਲ) ਤਾ ਖੁਦਾਏ ਖੇਸਤਨ ਬਿਸਨਾਖਤੇ ਸ ॥**
**ਨਕਦ ਉਮਰੇ ਜਾਂਵਿਦਾਂ ਦਰਯਾਫਤ ਸ ॥**

( ਟੀਕਾ ) ਜਬ ਆਪਣੇ ਉਸ ਵਾਹਿਗੁਰੂ ਕੋ ਪਛਾਣਿਆਂ । ਭਾਵ । ਸਭ ਬਿਆਪਕ ਹਰੀ ਕੋ ਜਾਣ ਲੀਆ । ੧ । ਤਬ ਰੋਕੜ ਅਵਸਥਾ ਹਮੇਸਾਂ ਦੀ ਪਾਈ ਉਸ ਨੇ । ਭਾਵ । ਜਨਮ ਮਰਨ ਦੀ ਸੰਕਾ ਤੇ ਰੈਤ ਹੋਕਰ ਜੀਵਨ ਮੋਖ ਹੂਆ । ।੨। ੩੯੮। ਜਬ ਭਾਈ ਜੀ ਨੇ ਬ੍ਰਹਮ ਕੀ ਪੂਰਨਤਾ ਅਰੁ ਗੁਰਾਂ ਦੁਆਰੇ ਪ੍ਰਾਪਤੀ ਕਹੀ ਪੁਨਾ ੨ ਤਬ ਏਕ ਕਰਮ ਕਾਂਡੀ ਜਗਿਆਸੂ ਸੁਣ ਕਰ ਅਸਚਰਜ ਹੂਆ ਅਰੁ ਕਹਨੇ ਲਗਾ ਜੋ ਤੀਰਥਾਂ ਕੀ ਜਾਤ੍ਰਾ ਅਰੁ ਮੂਰਤਾਂ ਕੀ ਪੂਜਾ ਮੈਂ ਬ੍ਰਹਮ ਕੀ ਪ੍ਰਾਪਤੀ ਕਹਤੇ ਹੈਂ ਸਭੀ ਅਰੁ ਭਾਈ ਜੀ ਆਪ ਸਭ ਕੋ ਐਸੇ ਪੁਨਾ ੨ ਦ੍ਰਿੜ ਕਰਾਵਤੇ ਹੈਂ ਤਾਤੇ ਕਿਸ ਬਾਤ ਪਰ ਨਿਸਚਾ ਕਰੀਏ ਉਤਰ

**(ਮੂਲ) ਓ ਦਰੂਨੇ ਦਿਲ ਤੁ ਬੇਰੂੰ ਮੇਰਵੀ ॥**
**ਓ ਬ ਖਾਨਹ ਤੋ ਬ ਹਜ ਚੂੰ ਮੇਰਵੀ ॥**

( ਟੀਕਾ ) ਹੇ ਭਾਈ ਓਹ ਬ੍ਰਹਮ ਅੰਦਰ ਦਿਲ ਦੇ ਹੈ ਅਰੁ ਤੂੰ ਬਾਹਰ ਫਿਰਤਾ ਹੈਂ ।੧। ਪੁਨਾ ਤਾਂਤੇ ਜਬ ਓਹੁ ਬੀਚ ਘਰ ਤੇਰੇ ਦੇ ਹੈ ਫੇਰ ਤੂੰ ਤਰਫ ਜਾਤ੍ਰਾ ਦੀ ਕਿਉਂ ਜਾਤਾ ਹੈਂ ।ਭਾਵ। ਗੁਰੂ ਪ੍ਰਮੇਸਰ ਤੇਰੇ ਪਾਸ ਹੈ ਤੇ ਤੂੰ ਤੀਰਥਾਂ ਪਰ ਅਰੁ ਬੁਤਪ੍ਰਸਤੀ ਵਾਸਤੇ ਭਟਕਤਾ ਫਿਰਤਾ ਹੈਂ ਤਾਂਤੇ ਨਾਂ ਭਟਕ ਗੁਰ ਪ੍ਰਮੇਸਰ ਕੀ ਹੀ ਸੇਵਾ ਕਰ ਜੋ ਚਾਹੇਂ ਸੋ ਮਿਲੈਗਾ । ੨ । ੩੯੯

**(ਮੂਲ) ਓ ਸਤ ਅਜ ਹਰ ਮੂਇ ਤੋ ਚੂੰ ਆਸਕਾਰ ॥**
**ਤੋ ਕੁਜਾ ਬੇਰੂੰ ਰਵੀ ਬਹਿਰੇ ਸਿਕਾਰ ॥**

(ਟੀਕਾ) ਓਹੁ ਪ੍ਰਮੇਸਰ ਸਮਗ੍ਰ ਰੋਮਾਂ ਤੇਰਿਆਂ ਸੇ ਜੋ ਪ੍ਰਗਟ ਹੈ । ਭਾਵ ।

Digitized by Panjab Digital Library | www.panjabdigilib.org

ਪ੍ਰਤਖ ਦੇਖੀਏ ਰੋਮ ਦਿਨੋਂਦਿਨ ਵਧਤੇਹੈਂ ਅਰੁ ਜੋ ਜੜ ਵਸਤੂ ਹੋਤੀਹੈ ਸੋਵਧਤੀ ਨਹੀ ਇਸਤੇ। ੧। ਐਸੇ ਜਬ ਹਰੀ ਪ੍ਰਤਖ ਹੈ ਤੁਬਤੂੰ ਫਿਰ ਕਹਾਂ ਬਾਹਰ ਜਾਤਾ ਹੈ ਵਾਸਤੇ ਸੈਲਾਂਦੇ। ਭਾਵ। ਪ੍ਰਾਪਤੀਕੇ ਆਨੰਦਕੋਂ। ੨। ੩੯੦। ਪੁਨਾ

(ਮੂਲ) ਅੰਦਰੂੰਨੇ ਖਾਨਹਅਤੁ ਨੂਰੇ ਅਲਾਹ ॥
ਤਾਫਤ ਚੂੰ ਬੂਰ ਆਸਮਾਂ ਰਖਸਿੰਦਹ ਮਾਹ ॥

(ਟੀਕਾ) ਅੰਦ੍ਰ ਘਰ ਤੇਰੇਦੇ ਪ੍ਰਕਾਸ ਵਾਹਿਗੁਰੂਕਾ ਪ੍ਰਕਾਸ ਦਾਹੈ। ੧। ਜੈਸੇ ਉਪਰ ਆਕਾਸਦੇ ਚੰਦ੍ਰਮਾਂ ਪਕਾਸਦਾਹੈ। ੨। ੩੯੧।

(ਮੂਲ) ਅੰਦਰੂੰਨੇ ਚਸਮ ਤੋ ਬੀਨਾ ਸੁਦਹ ॥
ਬਰ ਜੁਬਾਨ ਤੁ ਹੁਕਮ ਹਕ ਗੋਇਆ ਸੁਦਹ ॥

(ਟੀਕਾ) ਬੀਚ ਨੇਤ੍ਰਾਂ ਤੇਰਿਆਂਦੇ ਦੇਖਨਵਾਲਾ ਹੋਰਹਿਆ ਹੈ। ੧। ਪੁਨਾ ਉਪਰ ਰਸਨਾਂ ਤੇਰੀ ਦੇ ਹੁਕਮ ਸੱਚੇਨੇ ਕਹਣਾ ਹੂਆ ਹੈ । ਭਾਵ। ਹਰੀ ਕੀ ਆਗਯਾਹੈ ਜੋ ਜੀਵ ਭਜਨ ਸਦਾ ਕਰੈ ਤਾਂਤੇ ਤੂੰ ਉਰਲ ਪਰਲ ਵੇਹਲੀਆਂ ਬਾਤਾਂਸੇ ਹਟਕੇ ਭਜਨ ਕਰ ਜਿਸਕਰ ਸਦਾ ਸੁਖ ਪਾਵੈਂ । ੨। ੩੯੨

(ਮੂਲ) ਈਂ ਵਜੂਦੇ ਤੁ ਰੌਸਨ ਅਜ ਨੂਰੇ ਹਕ ਅਸਤ॥
ਰੌਸਨ ਅਜ ਨੂਰੇ ਖੁਦਾਏ ਮੁਤਲਕ ਅਸਤ ॥

(ਟੀਕਾ) ਪੁਨਾ ਏਹ ਸਰੀਰ ਤੇਰਾ ਪ੍ਰਕਾਸਵਾਨ ਸਚੇਕੇ ਪ੍ਰਕਾਸਸੇ ਹੂਆਹੈ ।੧। ਐਸੇਹੀ ਸਾਰਾ ਸੰਸਾਰ ਅਦੁਤੀ ਵਾਹਿਗੁਰੂਕੇ ਪ੍ਰਕਾਸ ਸੇ ਪ੍ਰਕਾਸਵਾਨ ਹੂਆ ਹੈ ਏਜਾਨ। ੨। ੩੯੩।

(ਮੂਲ) ਲੇਕਿ ਵਾਕਫ ਨੇਸਤੀ ਅਜ ਹਾਲਿ ਖੇਸ॥
ਰੋਜ ਸਬ ਹੈਰਾਨੀ ਅਜ ਅਫਿਆਲ ਖੇਸ ॥

(ਟੀਕਾ) ਯਦਪ ਐਸੇ ਪੜਤਾ ਸੁਣਤਾ ਕਹਤਾ ਭੀ ਹੈ ਹਮੇਸਾਂ ਪ੍ਰੀਤੂ ਮਹਰਮ ਨਹੀਂ ਹੈ ਹਵਾਲ ਆਪਣੇ ਸੇ। ਭਾਵ ।ਏਹ ਨਹੀ ਜਾਣਦਾ ਜੋ ਮੈਂ ਕਿਆ ਵਸਤੂਹਾਂ ਅਰੁ ਕਿਸ ਵਾਸਤੇ ਜਗਤ ਮੈਂ ਆਯਾਹਾਂ। ੧। ਅਰੁ ਦਿਨ ਰਾਤਿ ਭੌਰ ਭੌਰ ਰਹਿਤਾ ਹੈਂ ਆਪਣਿਆਂ ਫੈਲਾਂ ਸੇ। ਭਾਵ। ਜਗਤਾਨੰਦ ਕੇ ਉਦਮ ਮੈ ਲਗਕਰ ਦੁਖੀ ਹੋਤਾ ਹੈ ਅਰੁ ਆਪਣੇ ਸੁਖਸਰੂਪਕੋ ਨਹੀਂ ਪਛਾਣਦਾ ।੨।੩੯੪।

Digitized by Panjab Digital Library | www.panjabdigilib.org

(ਮੂਲ) ਮੁਰਸਦੇ ਕਾਮਿਲ ਤੁਰਾ ਮਹਰਮ ਕੁਨਦ ॥
ਦਰਦ ਰੇਸੇ ਹਿਜਰ ਰਾ ਮਰਹਮ ਕੁਨੰਦ ॥

(ਟੀਕਾ) ਹੇ ਭਾਈ ਗੁਰੂ ਪੂਰਨ ਵਾਕਫ ਕਰਤੇਹੈਂ ਤਾਤੇ ਤੇਰੇ ਤਾਂਈਭੀ ਵਾਕਫ ਕਰਨਗੇ ਇਸਤੇ ਸਭਕਰਮਾਂਨੂੰ ਤਿਆਗਕੇ ਗੁਰਾਂਕੀ ਸਰਨ ਲਓ ਜਿਸਕਰ ਸੁਖੀ ਹੋਜਾਵੈਂ ।੧। ਪੁਨਾ ਵਿਛੋੜੇਰੂਪੀ ਜਖਮ ਦੀ ਪੀੜਾਨੂੰ ਮਲ੍ਹਮਲਗਾਕਰ ਦੂਰ ਕਰਦੇਹੈਂ। ਭਾਵ। ਜੈਸੇ ਹਕੀਮ ਜਖਮ ਦੀ ਪੀੜਾ ਮਲ੍ਹਮਸੇ ਦੂਰ ਕਰ ਕਰ ਦੇਂਦੇ ਹੈਂ ਐਸੇ ਗੁਰੂ ਵਿਛੋੜੇ ਦਾ ਦੁਖ ਭਗਤੀ ਰੂਪੀ ਮਲ੍ਹਮ ਸੇ ਦੂਰ ਕਰਕੇ ਸੁਖ ਸਰੂਪ ਮਿਲਾ ਦੇਤੇ ਹੈਂ। ੨। ੩੯੫।

(ਮੂਲ) ਤਾ ਤੂ ਹਮ ਅਜ ਵਾਸਲਾਨੇ ਓ ਸਵੀ ॥
ਸਾਹਿਬੇ ਦਿਲ ਗਰਦੀ ਓ ਖੁਸ ਖੋ ਸਵੀ ॥

(ਟੀਕਾ) ਜਬ ਤੂੰ ਭੀ ਮਿਲਨੇ ਵਾਲਾ ਉਨਾਂ ਸੰਤਾਂ ਗੁਰਾਂ ਸੇ ਹੋਵੈਂ ।੧। ਤਾਂ ਮਾਲਕ ਮਨਦਾ ਹੋਵੈਂ ਤੂੰ ਫਿਰ ਉਸ ਸੇ ਭਲੇ ਸੁਭਾਵ ਵਾਲਾ ਹੋਵੈਂ ।੨।੩੯੬।

(ਮੂਲ) ਅਜ਼ਬਰਾਏ ਆਂ ਕਿ ਸਰਗਰਦਾਂ ਸਵੀ ॥
ਉਮਰ ਹਾ ਅੰਦਰ ਤਲਬ ਹੈਰਾਂ ਸਵੀ ॥

(ਟੀਕਾ) ਅਰੁ ਹੇ ਭਾਈ ਤੂੰ ਗੁਰਾਂ ਦੀ ਸਰਨ ਛਡਕੈ ਜੋ ਵਾਸਤੇ ਮਾਯਕ ਸੁਖਾਂ ਦੇ ਅਰੁ ਉਸ ਹਰੀਦੀ ਪ੍ਰਸੰਨਤਾ ਦੇ ਖਰਾਬ ਹੋ ਰਹਿਆ ਹੈ।ਭਾਵ। ਕਭੀ ਕਿਸੀ ਤੀਰਥਪਰ ੨ ਭਟਕਤਾ ਹੈ ਸੁਨ ਸੁਨਾ ਕਰ।੧। ਪੁਨਾ ਉਮ੍ਰਾਂ ਬੈਤੀਆਂ ਬੀਚ ਇਛਿਆਦੇ ਅਸਤਵਿਅਸਤ ਹੋਯਾ ਹੈਂ ਤੂੰ। ਭਾਵ। ਕਈ ਜਨਮ ਪਾਕੇ ਹੋਵਾਲਜਾਮੈ ਅਰੁ ਕਰਮ ਕਾਂਡਾਂਮੇ ਲਗਾਰਿਆ ਜਿਸ ਕਰ ਜਨਮਾਂਤੇ ਨਾਂ ਛੁਟਾ।੨।੩੯੭।

(ਮੂਲ) ਤੋ ਚਿ ਬਾਸੀ ਆਲਮੇ ਹੈਰਾਨਿ ਓ ॥
ਅਰਸ ਕੁਰਸੀ ਜੁਮਲਹ ਸਰਗਰਦਾਨਿ ਓ ॥

(ਟੀਕਾ) ਪੁਨਾ ਇਕ ਤੂੰ ਕਿਆ ਹੈਰਾਨ ਹੂਆ ਹੈਂ ਸਾਰਾ ਸੰਸਾਰ ਅਸਤ ਵਿਅਸਤ ਹੋਰਹਯਾ ਹੈ ਉਸ ਵਾਸਤੇ। ਭਾਵ।ਭਟਕਰਿਆ ਹੈ ਝਾੜਾਂ ਬੂਟਾਂ ਮੈ।੧ ਪੁਨਾ ਸੁਰਗਸੇ ਲੈਕਰ ਪਤਾਲਤਕ ਸਮਗ੍ਰ ਜੀਵ ਖ੍ਰਾਬ ਹੋਰਹੇਹਨ ਉਸਵਾਸਤੇ ॥ ਭਾਵ॥ ਕਿਸੇ ਤਰਾਂ ਪ੍ਰਮੇਸਰ ਪ੍ਰਸੰਨ ਹੋਵੈ ਅਰੁ ਮਾਨੂੰ ਮਾਯਕ ਸੁਖ ਮਿਲੈਂ।੨।੩੯੮।

Digitized by Panjab Digital Library | www.panjabdigilib.org

(ਮੂਲ) ਚਰਖ਼ ਮੇਗਰਦਦ ਬਗਿਰਦੇ ਆਂ ਕਿ ਓ ॥
ਦਾਰਦ ਅਜ ਸੌਕਿ ਖੁਦਾ ਫਰੋ ਦਿਹ ਖੋ ॥

( ਟੀਕਾ ) ਦੇਖੀਏ ਜੋ ਆਕਾਸ ਮੈ ਫਿਰਦੇ ਹੈਂ ਚੌਤਰਫੇ ਉਸ ਧ੍ਰੂਅ ਦੇ ਓਹ ਤੇਤੀਸ ਕ੍ਰੋੜ ਤਾਰੇ । ੧ ਕਿਉ ਜੋ ਓਹ ਰਖਤਾ ਹੈ ਵਾਹਿਗੁਰੂ ਕੇ ਪ੍ਰੇਮ ਸੇ ਭੁਲਾ ਸੁਭਾਵ । ਇਸ ਪ੍ਰਤਾਪ ਕੋ ਜਾਨ ਕੈ ਫਿਰਤੇ ਹੈਂ ਅਥਵਾ ਕਿਉ ਜੋ ਓਹ ਤਾਰੇ ਰਖਤੇ ਹੈਂ ਵਾਹਿਗੁਰੂ ਸੇ ਪ੍ਰੇਮ ਜੋ ਸਾਨੂੰ ਭੀ ਪ੍ਰਾਪਤਿ ਹੋਵੈ ਉਸ ਧ੍ਰੂਅ ਭਗਤ ਜੈਸਾ ਭੁਲਾ ਸੁਭਾਵ ਇਸਤੇ ਫਿਰਤੇ ਹੈਂ । ੨ । ੩੯੯ ।

(ਮੂਲ) ਜੁਮਲਹ ਹੈਰਾਨੰਦ ਸਰਗਰਦਾਨਿ ਓ ॥
ਚੂੰ ਗਦਾ ਜੋਇੰਦ ਓ ਰਾ ਕੂਬ ਕੂ ॥

( ਟੀਕਾ )ਇਸੀ ਪ੍ਰਕਾਰ ਸਮਗ੍ਰ ਜੀਵ ਤੀਨ ਲੋਕਾਂ ਕੇ ਅਸਤ ਵਿਅਸਤ ਹੋ ਰਹੇ ਹਨ ਅਰੁ ਖ਼੍ਰਾਬ ਹੋ ਰਹੇ ਹਨ ਭੁਖ ਤੇਹ ਸੇ ਉਸ ਵਾਸਤੇ । ਭਾਵ । ਸਾਸਤ੍ਰ ਅਰੁ ਲੋਕ ਕ ਸ੍ਰੋਤ ਸੇ ਆਪਨੇ ਆਪ ਭਟਕ ੨ ਕੈ ਦੁਖ ਪਾਂਵਦੇ ਹੈਂ । ੧ । ਮਾਨਿੰਦ ਗ੍ਰੀਬਾਂ ਮੰਗਤਿਆਂ ਦੇ ਢੂੰਢਦੇ ਹੈਂ ਉਸ ਕੇ ਤਾਂਈ ਬੀਚ ਗਲੀ ੨ ਦੇ ਭਾਵ । ਤੀਰਥਾਂ ੨ ਮੈ ਅਰੁ ਮੰਦ੍ਰ ੨ ਮੈ ਤੇ ਝਾੜ ਬੂਟਾਂ ਮੈ ਭਟਕਤੇ ਹੈਂ ਪ੍ਰੰਤੂ ਗੁਰਾਂ ਸੰਤਾਂ ਬਿਨਾ ਨਹੀਂ ਦੇਖੀਦਾ । ੨ । ੪੦੦ । ਪ੍ਰਸਨ ਜੇਕਰ ਤੀਰਥਾਂ ਮੈ ਅਰੁ ਦੇਵਾਲਯਾਂ ਮੈ ਪ੍ਰਮੇਸਰ ਨਹੀ ਮਿਲਤਾ ਤਾਂ ਆਪ ਦੇ ਕਹੇ ਅਨੁਸਾਰ ਸ੍ਰੀਰ ਮੈਂ ਪ੍ਰਮੇਸਰ ਕੈਸੇ ਮਾਨੇ ਕਿਉਜੋ ਸ੍ਰੀਰ ਨਾਸਰੂਪ ਅਰੁ ਦੁਖਰੂਪ ਹੈ ਇਸਤੇ ਸ੍ਰੀਰ ਮੈਂ ਮਾਨਨੇ ਸੇ ਪ੍ਰਮੇਸਰ ਭੀ ਦੁਖਰੂਪ ਹੋਗਾ ਤਾਂਤੇ ਦੁਖਰੂਪ ਸੇ ਫੇਰ ਸੁਖ ਨਹੀਂ ਮਿਲਤਾ । ਉਤ੍ਰ

(ਮੂਲ) ਬਾਦਸਾਹੇ ਹਰਦੁ ਆਲਮ ਦਰ ਦਿਲ ਅਸਤ ॥
ਲੇਕਿ ਆਂ ਵਾਰੁਸਤਹ ਅਜ਼ ਆਬੋ ਗਿਲ ਅਸਤ ॥

(ਟੀਕਾ) ਹੇ ਭਾਈ ਪਾਤਸ਼ਾਹ ਦੋਨੋ ਲੋਕਾਂ ਕਾ ਵਾਹਿਗੁਰੂ ਬੀਚ ਸ੍ਰੀਰ ਦੇਹੀ ਹੈ । ੧ । ਪ੍ਰੰਤੂ ਓਹੁ ਛੁਟਿਆ ਹੂਆ ਹੈ ਜਲ ਧਰਤੀ ਆਦੀ ਤਤਾਂ ਸੇ । ਭਾਵ । ਤਤਾਂ ਰਚਤ ਸਰੀਰ ਸੇ ਨਿਰਲੇਪ ਹੈ । ਲੋਕਕ ਪ੍ਰਮਾਨ । ਬਧਾ ਸੋ ਬੰਦਾ ਖੁਲਾ ਸੋ ਖੁਦਾ । ਭਾਵ । ਜੋ ਸਰੀਰ ਮੈ ਬੰਧਾਇਮਾਨ ਹੋਵੈ ਸੋ ਜੀਵ ਅਰੁ ਜੋ ਸਰੀਰ ਕੇ ਦੁਖ ਸੁਖ ਸੇ ਛੁਟਿਆ ਹੂਆ ਹੋਵੈ ਸੋਈ ਪ੍ਰਮੇਸਰ ਹੈ । ੨ । ੪੦੧ ।

Digitized by Panjab Digital Library | www.panjabdigilib.org

(ਮੂਲ) ਦਰਦਿਲੇ ਤੋ ਨਕਸ ਹਕ ਚੂੰ ਨਕਸ਼ ਬਸਤ ॥
ਜੁਮਲਹ ਨਕਸੇ ਸੌਕਿ ਸੁਦ ਊ ਹਕ ਪਰਸਤ ॥

(ਟੀਕਾ) ਪਰ ਅੰਦਰ ਦਿਲ ਤੇਰੇਦੇ ਸਰੂਪ ਸਚੇਕੇਨੇ ਜਬ ਅਕਸ਼ਰ ਬਧਾ। ਭਾਵ। ਜਬ ਗੁਰਾਂ ਦੁਆਰੇ ਨਾਮ ਸਚੇਕਾ ਦ੍ਰਿੜ ਹੂਆ ।੧।ਤਾਂ ਤਮਾਮ ਸੰਸਾਰ ਸਚੇਕਾ ਸਰੂਪਹੀ ਜਾਣੀਦਾਹੈ ਤਾਂਤੇਐ ਪਿਆਰੇ ਪ੍ਰੇਮਸੇ ਸਚੇਕੋਹੀ ਪੂਜਨਾ ਕਰ।੨।੪੦੨ । ਐਸੇ ਸੁਨ ਕੈ ਜਗਜਾਸੂ ਚੁਪ ਹੋਗਿਆ ਜਬ ਤਬ ਫੇਰ ਭਾਈ ਪੂਰਾ ਨਿਸਚਾ ਕਰਾਨੇ ਵਾਸਤੇ ਉਤ੍ਰ ਪ੍ਰਸਨ ਦੀ ਰੀਤੀ ਲੈਕਰ ਆਪਹੀ ਕਹਤੇ ਭਏ।

(ਮੂਲ) ਨਕਸ ਹੱਕਖਾਨੇ ਨਿਸਾਂਨੇ ਨਾਮ ਹਕ ॥
ਆਬਹੈਵਾਂ ਰਾ ਬਿਨੋਸ ਅਜ਼ ਜਾਮ ਹਕ ॥

(ਟੀਕਾ) ਹੇ ਭਾਈ ਸਰੂਪ ਸਚੇ ਕਾ ਜਾਣਦਾ ਹੈਂ ਉਸਕਾ ਕਿਆ ਨਸ਼ਾਨ ਹੈ ਉਤਰ ਨਾਮ ਸਚੇਕਾ ਜੋ ਹੈ ਏਹੀ ਚਿਹਨ ਹੈ ਅਥਵਾ ਸਚੇ ਕੇ ਸਰੂਪਕਾ ਨਸਾਨ ਸਚੇਕਾ ਨਾਮਹੀ ਜਾਨਨਾ ਕਰ।੧। ਤਾਂਤੇ ਸਚੇਕੇ ਨਾਮ ਰੂਪੀ ਅੰਮ੍ਰਿਤ ਕੋ ਪੀਉਤੂੰ ਪ੍ਰੇਮਰੂਪੀ ਪਿਆਲੇ ਸੇ।੨।੪੦੩।

(ਮੂਲ) ਆਂ ਕਿ ਓ ਰਾ ਜੁਸਤਮ ਅਜ਼ ਹਰਖਾਨਏ ॥
ਯਾਫਤਮ ਨਾਗਾਹ ਦਰ ਕਾਸਾਨਏ ॥

(ਟੀਕਾ) ਜੋ ਤੀਰਥ ਆਦੀ ਸੇਂਵਦੇ ਹੈਂ ਉਨਾਂ ਕਰਮ ਕਾਂਡੀਆਂ ਨੇ ਉਸ ਹਰੀ ਕੋ ਢਾਂਈ ਚੁਣਿਆਂ ਸਮਗਰ ਘਰੋਂ ਸੇ। ਭਾਵ। ਲੋਕਕ ਸ੍ਰੋਤਸੇ ਆਪਨੇ ਆਪ ਢੂੰਢਿਆ ਤੀਰਥਭੀ ਸੇਵੇ ਅਰੁ ਦਿਵਾਲੇਭੀ ਪੂਜੇ ਪ੍ਰੰਤੂ ਨਾ ਪਾਯਾ।੧। ਜਬ ਗੁਰਾਂ ਪਾਸ ਪ੍ਰਾਪਤਿ ਹੂਏ ਤਬ ਪਾਯਾ ਅਚਾਨਕਹੀ ਅੰਦਰਘਰਕੇ।੨।੪੦੪

(ਮੂਲ) ਈਂ ਤੁਫੈਲੇ ਮੁਰਸਦੇ ਕਾਮਲ ਬਵੱਦ ॥
ਹਰਚਿ ਮੈਖਾਹੀ ਅਜ਼ੋ ਹਾਸਲ ਸਵੱਦ ॥

(ਟੀਕਾ) ਸਿਧਾਂਤ ਤਾਂਤੇ ਏਹ ਜੋ ਹਰੀਦਾ ਪਾਵਨਾ ਹੈ ਸੋ ਕ੍ਰਿਪਾ ਪੂਰਨ ਗੁਰਾਂਕੀਹੀ ਹੈ। ਭਾਵ। ਗੁਰਾਂਕੀ ਕ੍ਰਿਪਾਸੇ ਪ੍ਰਾਪਤਿ ਹੋਤਾ ਹੈ।੧। ਪੁਨਾ ਹੋਰਭੀ ਜੋ ਕਿਛ ਜਗਤਸੁਖ ਚਾਵੇ ਉਨਾਂਸੇ ਪ੍ਰਾਪਤਿ ਹੋਤਾ ਹੈ।੨।੪੦੫।

Digitized by Panjab Digital Library | www.panjabdigilib.org

(ਮੂਲ) ਈਂ ਮੁਰਾਦੇ ਦਿਲ ਕਸੇ ਬੇ ਆਂ ਨਿ ਯਾਫਤ ॥
ਹਰ ਗਦਾ ਏ ਦੌਲਤੇ ਸੁਲਤਾਂ ਨਿ ਯਾਫਤ ॥

(ਟੀਕਾ) ਏਹ ਮੁਰਾਦ ਰਿਦਾ ਦੀ ਕਿਸੇ ਨੇਭੀ ਬਿਨਾ ਉਨਾਂਕੇ ਨਹੀਂ ਪਾਈ ।੧। ਪ੍ਰਸਨ ਗਰੀਬ ਤੋ ਭਲਾ ਨਹੀ ਪਾਸਕਤੇ ਪਰ ਬਾਦਸ਼ਾਹ ਤੌ ਸਮਰਥ ਹੈ ਓਹ ਤੋ ਪਾਇਹੀ ਲੈਨਗੇ ਉਤ੍ਰ। ਤਮਾਮ ਗਰੀਬਭੀ ਅਰੁ ਚਕ੍ਰਵਰਤੀ ਰਾਜੇਭੀ ਏਹ ਪ੍ਰਾਪਤੀ ਰੁਖੀ ਥੋਨ ਨਹੀਂ ਪਾਵਤੇ। ਭਾਵ। ਬਿਨਾ ਗੁਰਾਂ ਤੇ ਆਪਨੇ ਆਪ ਨਹੀ ਪਾਸਕਤੇ। ੨। ੪੦੬। ਪ੍ਰਸਨ ਜੇਕਰ ਪ੍ਰਮੇਸਰਕੀ ਪ੍ਰਾਪਤੀ ਪ੍ਰਮੇਸਰਕੇ ਨਾਮ ਜਪਨੇਸੇਹੀ ਹੋਤੀ ਹੈ ਤਾਂ ਏਹ ਜੀਵ ਜਬ ਨਾਮ ਜਪੈਗੇ ਤਬ ਪ੍ਰਾਪਤੀ ਹੋਜਾਇਗੀ ਫੇਰਗੁਰਾਂਦੁਆਰੇਜਪਨੇਕੀਕੌਨਵਸੇਸਤਾ ਨੂਨਤਾ ਹੈਉਤਰ।

(ਮੂਲ) ਨਾਮ ਬੇ ਮੁਰਸਦ ਮਿ ਆਵਰ ਬਰ ਜੁਬਾਂ ॥
ਮੁਰਸਦੇ ਕਾਮਲ ਦਿਹਦ ਅਜ ਹਕ ਨਿਸਾਂ ॥

(ਟੀਕਾ) ਹੇ ਭਾਈ ਜਦਪ ਨਾਮਹੀ ਪ੍ਰਾਪਤੀ ਕਰਤਾਹੈ ਤੌ ਭੀ ਨਾਮ ਬਿਨਾ ਗੁਰਾਂ ਦੇ ਮਤ ਲਿਆਵ ਉਪਰ ਰਸਨਾ ਦੇ। ਭਾਵ। ਗੁਰਾਂ ਕੇ ਉਪਦੇਸ ਤੇ ਬਿਨਾ ਨਾਮ ਆਪਨੇਆਪ ਨਹੀਂ ਜਪਨਾ ਚਾਹੀਦਾ ਕਿਉਂਜੋ ਪ੍ਰਾਪਤੀ ਹੋਣੀਤੋ ਇਕ ਤਰਫ ਰਹੀ ਉਲਟਾ ਦੋਸਕੀ ਉਤਪਤੀ ਹੋਤੀ ਹੈ।ਸਾਖੀਨਾਰਦਕੀਕਥਾ ਵਾਲੀ।੧। ਕਿਉਂਜੋ ਗੁਰੂਹੀ ਪੂਰਨ ਦੇਂਦੇ ਹੈਂ ਸਚੇ ਕੀ ਪ੍ਰਾਪਤੀ ਸੇ ਨਿਸਾਨੀ । ਭਾਵ । ਜਬ ਗੁਰੂ ਸੰਸੇ ਬਿਪਰਜੇ ਰਹਿਤ ਉਪਦੇਸ ਦੇਵੈਂ ਤਬੀ ਸਾਖਸਾਤਕਾ ਹੋਤੀਹੈ ਆਪਨੇ ਆਪ ਭ੍ਰਾਂਤੀ ਦੂਰ ਨਹੀਂ ਹੋਤੀ ਇਸਤੇ ਹੋਰ ਜੈਸੇ ਨਾਰਦ ਨੂੰ ਸੀਘ੍ਰ ਗੁਰਾਂਨੇ ਚੌਰਾਸੀਤੇ ਛੁਡ ਇ ਦੀਆਥਾ ਐਸੇ ਜਾਨ। ੨। ੪੦੭।

(ਮੂਲ) ਮੁਰਸਦੇ ਹਰ ਚੀਜ ਮੇਬਾਸਦ ਬਸੇ ॥
ਮੁਰਸਦੇ ਕਾਮਲ ਕੁਜਾ ਯਾਬਦ ਕਸ ॥

(ਟੀਕਾ) ਪੁਨਾ ਗੁਰੂ ਹਰ ਇਕ ਵਸਤੂਦੇ ਭਾਰੀ ਖਜਾਨੇ ਹੈਂ।੧। ਤਾਂਤੇ ਐਸੇ ਗੁਰੂ ਪੂਰਨ ਕਬ ਪਾਵਤਾ ਹੈ ਕੋਈ। ਭਾਵ। ਆਪਨੇਆਪ ਐਵੇਂ ਨਹੀਂ ਪਾਸਕਦਾ ।੨।੪੦੮। ਪ੍ਰਸਨ ਜੇਕਰ ਆਪਨੇਆਪ ਨਹੀ ਪਾਸਕਦਾ ਤਾਂ ਪਾਵਨੇਦਾ ਪ੍ਰਕਾਰ ਆਪ ਕਹੀਏਜੀ ਜਿਸ ਕਰ ਪਾਯਾ ਜਾਤਾ ਹੈ ਉਤਰ

(ਮੂਲ) ਆਂ ਖੁਦਾਏ ਪਾਕ ਦਿਲ ਰਾ ਕਾਮ ਦਾਦ॥

Digitized by Panjab Digital Library | www.panjabdigilib.org

**ਈਂ ਦਿਲੇ ਬਿਸ਼ਕਸਤਹਰਾ ਆਰਾਮ ਦਾਦ ॥**

(ਟੀਕਾ) ਓਹ ਰਖਕ ਵਾਹਿਗੁਰੂ ਜੀਵਕੇਤਾਂਈ ਪਵਿਤ੍ਰ ਮੁਰਾਦ ਦੇਤਾ ਹੈ । ਭਾਵ । ਜਬ ਜੀਵ ਆਪਣਾ ਹੰਕਾਰ ਛਡਕੇ ਪ੍ਰਮੇਸਰਕੀ ਸਰਨਮੇ ਡਿਗ ਪਏ ਤਬ ਪ੍ਰਮੇਸਰ ਕ੍ਰਿਪਾਸੇ ਗੁਰੂ ਪ੍ਰਾਪਤਿ ਕਰਤਾਹੈ ਤਾਂ ਮਿਲਤਾ ਹੈ ।੧। ਪੁਨਾ ਗੁਰੂ ਮਿਲਕੈ ਇਸ ਜੀਵ ਟੁਟੇ ਹੋਏਕੇ ਤਾਂਈ ਆਨੰਦ ਦੇਤਾ ਹੈ । ਭਾਵ । ਵਿਛੜੇ ਹੋਏ ਜੀਵਕੋ ਮਿਲਾ ਦੇਂਦਾ ਹੈ ਗੁਰੂ । ੨ । ੪੦੯ ।

**(ਮੂਲ) ਹਾਸਲੇ ਹਕ ਮਰਸਦੇ ਕਾਮਿਲ ਬਵੱਦ ॥**
**ਜ਼ਾਂਕਿ ਓ ਆਰਾਮ ਜਾਨੋ ਦਿਲ ਬਵੱਦ ॥**

(ਟੀਕਾ) ਤਾਂਤੇ ਪ੍ਰਾਪਤੀ ਸਚੇ ਕੀ ਗੁਰਾਂ ਸੇ ਪੂਰਨ ਹੋਤੀ ਹੈ ।੧। ਇਸੀ ਵਾਸਤੇ ਓਹ ਆਨੰਦ ਰੂਪ ਜਾਂਨ ਅਰੁ ਦਿਲਦੇ ਹੈਂ । ਭਾਵ । ਗੁਰੂ ਹੀ ਤਨ ਮਨ ਕੋ ਆਨੰਦ ਦੇਨੇ ਵਾਲੇ ਹੈਂ ।੨। ੪੧੦। ਪ੍ਰਸਨ ਆਪਦੇ ਕਥਨ ਦੁਆਰਾ ਸਭ ਪ੍ਰਕਾਰ ਪ੍ਰਾਪਤੀ ਕੇ ਨਿਮਤ ਹੋਗਏ ਹੈਂ ਪ੍ਰੰਤੂ ਅਚਾਰਜਗੁਰੂ ਮਤਅਨੁਸਾਰ ਪ੍ਰਾਪਤੀ ਮੈ ਪੈਹਲਾ ਸਾਧਨ ਕੌਨਸਾ ਦਸੀਦਾ ਹੈ । ਉਤਰ ।

**(ਮੂਲ) ਅਵਲਾਂਏ ਦਿਲ ਫਨਾਏ ਖੇਸ਼ ਸਓ ॥**
**ਤਾ ਬਿਯਾਬੀ ਰਾਹਿ ਹਕ ਦਰ ਕੂਇ ਓ ॥**

(ਟੀਕਾ) ਹੇ ਭਾਈ ਪਹਲਾਂ ਐਸੇ ਉਪਦੇਸ ਕਰਤੇ ਹੈਂ ਜੋ ਐ ਜਗਯਾਸੂ ਆਪਨੇ ਸਰੀਰਨੂੰ ਨਾਸਰੂਪ ਜਾਣਲੇਵਾਲਾ ਹੋਹੁ । ਭਾਵ । ਸਰੀਰਤੇ ਲੇਕਰ ਸਭ ਵਸਤੂ ਕੋ ਨਾਸ ਰੂਪ ਜਾਣ ਕਿਉਂਕਿ ਜਬਤਕ ਸੰਸਾਰਸੇ ਵੈਰਾਗ ਨਾਂ ਹੋਵੈ ਤਬਤਕ ਹਰੀਕੀ ਤਰਫ ਮਨ ਨਹੀ ਲਗਤਾ ਤਾਂਤੇ ਪ੍ਰਿਥਮੇ ਵੈਰਾਗ ਧਾਰਣ ਕਰੈ ।੧। ਜਬ ਵੈਰਾਗ ਧਾਰ ਲਏਂ ਤਬ ਪਾਵੈਂਗਾ ਰਸਤਾ ਸਚੇ ਕਾ ਬੀਚ ਕੂਚੇ ਉਨਕੇ ਕੇ । ਭਾਵ । ਸਤਸੰਗਤਿ ਮੈਂ ਤਾਂ ਗੁਰਾਂ ਕੀ ਸੇ ।੨। ੪੧੧। ਪੁਨਾ ।

**(ਮੂਲ) ਵਾਕਫੇ ਅਜ਼ ਮੁਰਸਦੇ ਕਾਮਲ ਸਵੀ ॥**
**ਬੇ ਤਕੱਲਫ ਸਾਹਿਬੇ ਈਂ ਦਿਲ ਸਵੀ ॥**

(ਟੀਕਾ) ਜਬ ਗੁਰਾਂ ਪਾਸ ਜਾਕਰ ਮਹਰਮ ਗੁਰਾਂ ਸੇ ਪੂਰਨ ਹੋਵੈਂ ।੧॥ ਤਬ ਬਿਨਾਂ ਸੰਸੇਤੇ ਮਾਲਕ ਇਸ ਦਿਲਕਾ ਹੋਵੈਂ । ਭਾਵ । ਜਬ ਸੰਸਾਰਤੇ ਉਪ੍ਰਾਮ ਹੋਕਰ ਚਿਤ ਇਸਥਿਤ ਹੂਆ ਤਬੀ ਜਾਣੋ ਮੋਖ ਹੂਆ ।੨। ੪੧੨। ਪੁਨਾ

Digitized by Panjab Digital Library | www.panjabdigilib.org

**(ਮੂਲ) ਹਰਕਿ ਓ ਖੁਦ ਰਾ ਫਨਾਏ ਓ ਨ ਕਰਦ ॥**
**ਹਕ ਮਰੋਰਾ ਸਾਹਿਬੇ ਇਰਫਾਂ ਨਕਰਦ ॥**

(ਟੀਕਾ) ਜਿਸ ਕਿਸੀ ਨੇ ਆਪਣੇਆਪਕੇ ਤਾਂਈ ਉਸਕੀ ਪ੍ਰਾਪਤੀ ਵਾਸਤੇ ਨਾਸ ਉਨਾਂ ਸੰਤਾਂ ਗੁਰਾਂ ਉਪਰੋਂ ਨਹੀਂ ਕੀਤਾ। ਭਾਵ। ਪ੍ਰਾਪਤੀ ਵਾਸਤੇ ਜਿਸਨੇ ਤਨ ਧਨ ਕੀ ਹੰਗਤਾ ਨਹੀਂ ਉਠਾਈ ਸੰਤਾਂ ਅਗੇ ।੧। ਸਚੇਨੇ ਤਹਕੀਕ ਉਸ ਹੰਕਾਰੀ ਕੇ ਤਾਂਈ ਮਾਲਕ ਗਜਾਨਦਾ ਨਹੀਂ ਕੀਤਾ। ਭਾਵ। ਹੰਗਤਾ ਸੇਤੀ ਗਿਆਨ ਨਹੀ ਹੋਤਾ ਤਾਂਤੇ ਜੋ ਹੰਗਤਾਕਾ ਤਿਆਗਨਾ ਤਿਸੀਕਾ ਨਾਮ ਵੈਰਾਗ ਹੈ ।੨।੪੧੩। ਸਿਧਾਂਤ

**(ਮੂਲ) ਹਰਚਿ ਹਸਤਾਂ ਅੰਦਰੂਨੇ ਖਾਨਹਿ ਅਸਤ ॥**
**ਸੈਰ ਕੁਨ ਦਰ ਕਿਸਤ ਦਿਲ ਈਂ ਦਾਨਹਅਸਤ ॥**

(ਟੀਕਾ) ਹੇ ਭਾਈ ਜੋ ਕੁਛ ਹੈ ਬੀਚ ਘਰਕੇਹੀ ਹੈ ।੧। ਤਾਂਤੇ ਢੂੰਢਣਾਂ ਕਰੋ ਇਸ ਦਿਲ ਰੂਪੀ ਖੇਤੀ ਵਿਚੋਂ ਗਜਾਨ ਰੂਪੀ ਦਾਣਾ ।੨।੪੧੪।

**(ਮੂਲ) ਮੁਰਸਦੇ ਕਾਮਲ ਚੁ ਬਾਸਦ ਰਹਿ ਨੁਮਾ ॥**
**ਬਾਖੁਦਾਇ ਖੇਸ ਗਰਦੀ ਆਸਨਾ ॥**

(ਟੀਕਾ) ਪ੍ਰੰਤੂ ਤਬ ਲਭੇਗਾ ਜਬ ਗੁਰੂ ਪੂਰਨ ਹੋਵੇਂ ਰਸਤਾ ਦਿਖਲਾਵਣੇ ਵਾਲੇ। ਭਾਵ। ਗਜਾਨ ਮੋਖਕਾਰਸਤਾਹੈ ਅਰੁ ਮੋਖਨਾਮ ਪ੍ਰਮੇਸਰਕੀ ਪ੍ਰਾਪਤੀਕਾ ਹੈ ।੧। ਜਬ ਗੁਰੂ ਗਿਆਨ ਦੇਵੈਂ ਤਬ ਸਾਥ ਵਾਹਿਗੁਰੂ ਆਪਣੇ ਦੇ ਹੋਵੇ ਹੈ ਵਾਕਫੀਅਤ। ਭਾਵ। ਹਰੀ ਸਾਥ ਮਿਲਜਾਤਾਹੈ।੨।੪੧੫।ਪ੍ਰਾਪੁਨਾਓਹੀ।

**(ਮੂਲ) ਗਰ ਦਿਲੇ ਤੋ ਜਾਨਬੇ ਹਕ ਆਰਦਤ ॥**
**ਅਜ ਬੁਨੇ ਹਰ ਮੂਇ ਹਕ ਮੇਬਾਰਦਤ ॥**

(ਟੀਕਾ) ਜੇਕਰ ਦਿਲ ਨੂੰ ਤੂੰ ਤਰਫ ਸਚੇਦੀ ਲਿਆਵੇਂ ।੧। ਤਾਂ ਤੇਰੇ ਹਰ ਇਕ ਰੋਮਦੀ ਜੜਸੇ ਸਚਾ ਬਰਸੈ। ਭਾਵ। ਸਭ ਮੈ ਬ੍ਰਹਮ ਦ੍ਰਿਸਟੀ ਭਾਸੈ ਅੰਗ ੨ ਦੁਆਰੇ।੨।੪੧੬।

**(ਮੂਲ) ਹਮ ਦਰੀਂ ਦੁਨੀਆਂ ਬਿਯਾਬੀ ਕਾਮਿ ਰਾ॥**

Digitized by Panjab Digital Library | www.panjabdigilib.org

ਖ਼ਾਕ ਬਰ ਸਰ ਕੁਨ ਗ਼ਮੇ ਅਯਾਮ ਰਾ ॥

(ਟੀਕਾ) ਬੌੜੇ ਬੀਰ ਇਸ ਦੁਨੀਆਂ ਦੇ ਪਾਂਵੇ ਮੁਰਾਦਾਂ ਕੇ ਤਾਂਈ।੧। ਧੂਨਾ ਧੂੜੀ ਉਪਰ ਸ਼ਿਰ ਦੇ ਕਰੋਂ ਗ਼ਮ ਕਲਦੇ ਤਾਂਈ। ਭਾਵ। ਲੋਕਕ ਖਾਨ ਪਾਨ ਧੀਰਾਨ ਆਦੀਕਾ ਗ਼ਮ ਦੂਰ ਹੋ ਜਾਵੈ।੨।੪੧੭।

(ਮੂਲ) ਬਰੂੰ ਅਜ਼ ਜਿਸਮ ਤੂ ਨ ਬਵੱਦ ਹੇਚ ਚੀਜ਼॥
ਯਕ ਦਮੇ ਹਮ ਖ਼ੇਸਤਨ ਰਾ ਕੁਨ ਤਮੀਜ਼॥

(ਟੀਕਾ) ਧੂਨਾ ਓਹੀ। ਬਾਹਰ ਸਰੀਰ ਤੇਰੇ ਸੈਂ ਨਹੀ ਹੈ ਕੁਛ ਚੀਜਭੀ।। ਭਾਵ। ਆਸਰੀ ਦੈਵੀ ਗੁਣ ਬ੍ਰਹਮਾਨੰਦ ਯੋਗਾਨੰਦ ਆਦੀ ਸਭ ਅੰਦਰੋਂ ਹੀ ਪਾਏ ਜਾਂਦੇ ਹੈਂ।੧। ਜੇਕਰ ਇਕ ਦਮ ਭੀ ਆਪਣੇ ਆਪਦਾ ਬੀਚਾਰ ਕਰੈਂ ਤਾਂ। ਭਾਵ। ਜੇ ਬੀਚਾਰ ਕਰੈਂ ਤਾਂ ਸਭ ਕੁਛ ਪਾਲਵੈਂ।੨।੪੧੮। ਸਿਧਾਂਤ।

(ਮੂਲ) ਤਾ ਬਿਯਾਬੀ ਈਂ ਸਆਦਤਰਾ ਮਦਾਮ॥
ਗਰ ਬਿਦਾਨੀ ਹਕ ਕੁਦਾਮ ਮਨ ਕੁਦਾਮ॥

[ਟੀਕਾ] ਤਬ ਪਾਂਵੇ ਤੂੰ ਏਸ ਭਲਿਆਈ ਤਾਂਈ ਹਮੇਸਾਂ। ਭਾਵ। ਸੁਭ ਵਸਤੂ ਦੀ ਪ੍ਰਾਪਤੀ ਤਬ ਹੋਗੀ।੧। ਜੇਕਰ ਜਾਂਣੇ ਤੂੰ ਕੇ ਸਚਾ ਕੌਣ ਹੈ ਅਰੁ ਮੈਂ ਕੌਣ ਹਾਂ। ਭਾਵ। ਐਸੇ ਬਿਚਾਰ ਸੇ ਪ੍ਰਾਪਤਿ ਹੋਤਾ ਹੈ ਸਭ ਕੁਛ।੨।੪੧੯। ਪ੍ਰਸਨ ਜਬ ਪ੍ਰਾਪਤੀ ਹੋ ਜਾਇ ਤਬ ਫੇਰ ਕਿਆ ਬਿਰਤੀ ਵਰਤਨੀ ਚਾਹੀਦੀ ਹੈ। ਉਤ੍ਰ।

(ਮੂਲ) ਮਨ ਚਿ ਜ਼ੱਰਹ ਮੁਸਤੇ ਅਜ਼ ਖ਼ਾਕੇ ਗ਼ਰੀਬ॥
ਈਂ ਹਮਹ ਦਉਲਤ ਜ਼ਿ ਮੁਰਸ਼ਦ ਸੁਦ ਨਸੀਬ॥

(ਟੀਕਾ) ਹੇ ਸੰਤੋ ਹੇ ਵਾਹਿਗੁਰੂ ਮੈ ਕਿਆ ਗਰੀਬ ਹਾਂ ਤੁਛ ਮਾਤ੍ਰ ਮੁਠੀ ਖ਼ਾਕ ਕੀ ਸੇ ਬਣਿਆਂ ਹੂਆ। ਭਾਵ। ਮੈਂ ਤੁਛ ਹਾਂ ਆਪਣੇ ਆਪ ਮੇਰੇ ਮੇਂ ਕੁਛ ਬਲ ਨਹੀ ਥਾ।੧। ਏਹ ਤਮਾਮ ਮਾਯਾ ਪ੍ਰਤਖ ਅਰੁ ਦਵੀ ਸੰਪਤੀ ਰੂਪੀ ਪ੍ਰਾਪਤੀ ਰੂਪੀ ਸਭ ਗੁਰ ਸੇਂ ਪ੍ਰਾਪਤਿ ਹੋਈ ਹੈ।੨॥੪੨੦।

[ਮੂਲ] ਏ ਜ਼ਿਹੇ ਮੁਰਸ਼ਦ ਕਿ ਨਾਮੇ ਪਾਕ ਰਾ॥
ਅਜ਼ ਕਰਮ ਬਖ਼ਸ਼ੀਦ ਮੁਸਤੇ ਖ਼ਾਕ ਰਾ॥

ਟੀਕਾ) ਐ ਪਿਆਰੇ ਵਾਹ ੨ ਹੈਂ ਗੁਰਦੇਵ ਜੋ ਨਾਮ ਪਵਿਤ੍ਰ ਵਾਹਿਗੁਰੂ

Digitized by Panjab Digital Library | www.panjabdigilib.org

ਦਾ। ੧। ਛਿਪਾਸੇ ਬਖਸਤੇ ਹੈਂ ਮੁਠੀ ਮਿਟੀਕੇਤਾਂਈ। ਭਾਵ। ਨਾਮ ਜਪਾਕਰ ਭੁਤ ਤਤਾਰਭੁਤ ਸਰੀਰਕੋ ਸਭਤਰਾਂਸੇ ਸਮੂਬ ਕਰਦੇਤੇਹੈਂ। ੨। ੪੨੧।

[ਮੂਲ] ਏ ਜਿਹੇ ਮੁਰਸਦ ਚੁ ਮਾ ਤੀਰਹ ਦਿਲਾਂ॥
ਕਰਦ ਰੌਸਨ ਦਰ ਜਮੀਨੋ ਆਸਮਾਂ॥

(ਟੀਕਾ) ਐ ਪਿਆਰੇ ਧੰਨਹੈਂ ੨ ਗੁਰਦੇਵ ਜੋ ਹਮਾਰੇ ਸ੍ਰੀਖੇ ਅੰਧੇ ਦਿਲਾਂ ਨੂੰ। ਭਾਵ। ਅਗਜਾਨੀਆਂਜਲਾਂਨੂੰ । ੧ । ਕਰਦੇਤੇਹੈਂ ਪ੍ਰਕਾਸਮਾਨ ਬੀਚ ਧਰਤੀ ਆਕਾਸਦੇ। ਭਾਵ। ਦੋਨੋ ਲੋਕਾਂਮੇ ਪੂਜਨੀਕ ਗਿਆਨਵਾਨਕਰਤੇਹੈ। ੨। ੪੨੨।

(ਮੂਲ) ਏ ਜਿਹੇ ਮੁਰਸਦ ਕਿ ਦਿਲ ਰਾ ਸੌਕ ਦਾਦ॥
ਏ ਜਿਹੇ ਮੁਰਸਦ ਕਿਬੰਧੇ ਦਿਲ ਕੁਸਾਦ॥

(ਟੀਕਾ) ਐ ਪਿਆਰੇ ਧੰਨਹੈਂ ੨ ਗੁਰਦੇਵ ਜੋ ਦਿਲਕੇ ਤਾਂਈ ਪ੍ਰੇਮ ਦੇਤੇ ਹੈਂ। ਭਾਵ। ਮਨਕੋ ਪ੍ਰੇਮਦੀਆਹੈ । ੧। ਐ ਪਿਆਰੇ ਵਾਹ ੨ ਹੈਂ ਗੁਰਦੇਵ ਜੋ ਬੇੜੀ ਮਨਦੀ ਖੋਲਤੇਹੈਂ। ਭਾਵ। ਜਿਨਾਂਨੇ ਬੰਧੇਹੋਏਮਨਨੂੰ ਖੋਲਿਆਹੈ।੨।੪੨੩।

(ਮੂਲ) ਏਜਿਹੇ ਮੁਰਸਦ ਕਿ ਬਾ ਹਕ ਆਸਨਾ॥
ਕਰਦ ਫਾਰਗ ਅਜ ਗਮੇ ਰੰਜੋ ਬਲਾ॥

(ਟੀਕਾ) ਐ ਪਿਆਰੇ ਧੰਨਹੈਂ ੨ ਗੁਰਦੇਵ ਜੋਸਾਥ ਸਚੇਕੇ ਵਾਕਫ ਹੈਂ। । ਭਾਵ। ਸਚੇਸੇ ਮਿਲੇਹੂਏਹੈਂ ।੧। ਅਰੁ ਦਾਸਾਂਕੋ ਮਿਲਾਕਰਨਿਆਰਾ ਕਰਤੇਹੈਂ ਖਾਨ ਪਾਨ ਆਦੀਦੀ ਚਿੰਤਾਸੇ ਤੇ ਜਨਮ ਮਰਨ ਆਦੀ ਪੀੜਾਸੇ ਅਰੁ ਅਵਿਦਿਆਸੇ। ੨। ੪੨੪।

(ਮੂਲ) ਏਜਿਹੇ ਮੁਰਸਦ ਕਿਉਮਰੇ ਜਾਵਿਦਾਂ॥
ਬਖਸਦ ਅਜਨਾਮੇ ਖੁਦਾਏ ਬੇ ਨਿਸਾਂ॥

(ਟੀਕਾ) ਐ ਪਿਆਰੇ ਵਾਹ ੨ ਹੈਂ ਗੁਰਦੇਵ ਜੋ ਅਵਸਥਾ ਹਮੇਸਾਂਦੀ ।੧। ਦੇਤੇਹੈਂ ਬੇ ਚਿਹਨ ਵਾਹਗੁਰੂਕੇ ਨਾਮਸੇ। ਭਾਵ। ਸੁਧ ਵਾਹਿਗੁਰੂਕਾਂ ਨਾਮ ਜਪਾਕਰ ਜਨਮ ਮਰਨੇਤੇ ਛੁਡਾਦੇਤੇਹੈਂ ।੨।੪੨੫।

(ਮੂਲ) ਏ ਜਿਹੇ ਮੁਰਸਦ ਕਿ ਓ ਅਜ ਕਤਰਹ ਆਬ॥
ਕਰਦ ਰੌਸਨ ਹਮ ਚੁ ਮਾਹੋ ਆਫਤਾਬ॥

Digitized by Panjab Digital Library | www.panjabdigilib.org

(ਟੀਕਾ) ਐ ਪਿਆਰੇ ਧੰਨਹੈਂ ੨ ਗੁਰਦੇਵ ਜੋ ਰੰਚਕ ਭਰ ਜਲ ਸੇ । । ਭਾਵ । ਰਕਤ ਬੀਰਜ ਸੇ ਜੋ ਉਤ ਪਤਿ ਹੂਆਹੈ ਸ੍ਰੀਰ ਪ੍ਰਮਾਨ ਮਾਂਕੀ ਰਕਤ ਪਿਤਾ ਬਿੰਦ ਧਾਰਾ ਮਾਰੂ ਸੋਲਹੈ ।੧। ਉਸ ਸ੍ਰੀਰਨੂੰ ਕਰਦਹੈਂ ਪ੍ਰਕਾਸ ਮਾਨ ਚੌੜੇ ਮਾਨਿੰਦ ਚੰਦ੍ਰਮਾ ਸੂਰਜ ਦੇ ।ਭਾਵ । ਸ਼ੁੱਦ੍ਰ ਪ੍ਰਭਾਪ ਵਾਨ ਕਰਦੇਹੈਂ ਅਰੁ ਕੀਤਾਹੈ ।੨।੪੨੬।

(ਮੂਲ) ਏ ਜਿਹੇ ਮੁਰਸਦ ਜਿਹੇ ਅਹਿਸਾਨਿ ਓ ॥
ਸਦ ਹਜਾਰਾਂ ਹਮ ਚੁ ਮਨ ਕੁਰਬਾਨਿ ਓ ॥

(ਟੀਕਾ) ਐ ਪਿਆਰੇ ਵਾਹ ੨ ਹੈਂ ਗੁਰਦੇਵ ਅਰੁ ਵਾਹ ੨ ਹੈਂ ਪ੍ਰਉਪਕਾਰ ਉਨਕੇ ।੧। ਭੀ ਨਿਸਚੇਸੇ ਲਾਖਾਂਹੀ ਹਮਾਰੇ ਜੈਸੇ ਵਾਰਨੇ ੨ ਉਨਕੇ ਉਪ੍ਰੋ ਹੋਤੇਹੈਂ ।੨।੪੨੭।

[ਮੂਲ] ਦਰ ਜਮੀਨੋਂ ਆਸਮਾਂ ਨਾਮ ਸ ਬਵੱਦ ॥
ਹਰ ਮੁਰੀਦੇ ਸਾਹਿਬ ਕਾਮ ਸ ਬਵਦ ॥

(ਟੀਕਾ) ਇਸਤੇਜੋ ਅੰਦ੍ਰ ਧਰਤੀ ਆਕਾਸਦੇ ਨਾਮ ਉਨਾਂਕਾਹੈ । ਭਾਵ । ਦੋਨੋ ਲੋਕਾਂਮੇ ਗੁਰਾਂਕਾ ਜਸ ਹੋਰਹਿਆਹੈ ਸਰਬਤਰਾਂਸੇ ।੧। ਤਾਂਤੇ ਤਮਾਮ ਸਿਖ ਉਨਾਂਕੇ ਮਾਲਕ ਮੁਰਾਦੋਂਕੇ ਹੈਂ। ਭਾਵ ।ਗੁਰੂਕੇ ਜਸ ਕਰਨੇ ਤੇ ਸਿਖਾਂਦੀਆਂ ਕਾਮਨਾਂ ਪੂਰੀਆਂ ਹੋਤੀਆਂਹੈਂ ਕੋਈਇੱਛਿਆਊਣੀਨਹੀ ਰਹਤੀ।੨।੪੨੮।ਸਿਧਾਂਤ

(ਮੂਲ) ਹਰਕਿ ਖੁਸ ਬਾਸਦ ਜਿ ਗੁਫਤੋ ਗੂਇ ਓ ॥
ਹਕ ਹਮੇਸਹ ਬਾਸਦ ਓ ਰਾ ਰੋ ਬ ਰੋ ॥

(ਟੀਕਾ) ਜੋਕੋਈ ਆਨੰਦ ਹੂਆਹੈ ਕਰਣ ਕਹਾਵਣ ਉਨਕੇ ਸੇ ਹੂਆ ਹੈ । ਭਾਵ । ਗੁਰਾਂਕੇ ਉਪਦੇਸ ਸੁਨਨੇ ਅਰੁ ਧਾਰਨੇਸੇ ਆਨੰਦ ਹੋਤਾਹੈ ।੧। ਕਿਉਂਜੋ ਸਚਾ ਸਦੀਵ ਕਾਲਹੈ ਉਨਾਂਕੇ ਮੁਖ ਉਪ੍ਰ । ਭਾਵ । ਤਿਨਾਕੇ ਸਦਾ ਸਾਖਸਾਤਹੈ ਇਸ ਕਰਕੇ ਮੁਖਪ੍ਰ ਲਾਲੀ ਅਰੁ ਤੇਜੀ ਹੋਤੀਹੈਅਰੁ ਹਿਰਦੇ ਅੰਦ੍ਰ ਅੰਤ੍ਰਜਾਮਤਾ ਹੋਤੀਹੈ ।੨।੪੨੯।

(ਮੂਲ) ਹਕ ਹਮੇਸਹ ਬਾਸਦ ਓ ਰਾ ਦਰਹਜੂਰ ॥
ਜਿਕਰ ਓ ਦਾਇਮ ਮਰਾ ਬਾਸਦ ਜਰੂਰ ॥

Digitized by Panjab Digital Library | www.panjabdigilib.org

(ਟੀਕਾ) ਐਸੇ ਸੰਤਾਂ ਗੁਰਾਂਕੋਂ ਜੋ ਮਿਲਤਾਹੈਂ ਸਦਾ ਸਦੀਵ ਉਨਾਂ ਤਾਂਈ ਸਾਖ੍ਯਾਤਕਾਰ ਹੂਆਹੈ ।੧। ਇਸਤੇ ਭਜਨ ਉਸ ਸਰੂਪਕਾ ਮੇਰੇ ਤਾਂਈ ਸਦਾ ਜਰੂਰੀਹੈ । ਭਾਵ । ਭਜਨ ਕਰਨਸੇ ਸਾਖ੍ਯਾਤ ਹੋਤਾਹੈ ਇਸਤੇ ਭਜਨ ਕਰਨਾ ਚਾਹੀਦਾਹੈ ।੨।੪੩੦।

(ਮੂਲ) ਗਰ ਹਜੂਰੀ ਅਜ ਖੁਦਾ ਬਾਯਦ ਬ ਤੋ ॥
ਦਰਹਜੂਰੇ ਮੁਰਸਦੇ ਕਾਮਲ ਬਿਰਉ ॥

(ਟੀਕਾ) ਜੇਕਰ ਨਜੀਕੀ ਵਾਹਿਗੁਰੂ ਸਾਥ ਦਿਲ ਸੇ ਚਾਂਹੁਦਾਹੈ ਤੂੰ ॥੧॥ ਤਾਂ ਨਜੀਕ ਪੂਰਨ ਗੁਰਾਂਕੇ ਜਾਹਿਤੂੰ । ਭਾਵ । ਗੁਰਾਂ ਪਾਸ ਸਰਧਾਕਰ ਜਾਂਨੇਸੇਂ ਹਰੀਕੀ ਪ੍ਰਾਪਤੀ ਹੋਤੀਹੈ ।੨।੪੩੧।

(ਮੂਲ) ਸੂਰਤੇ ਹਕ ਮੁਰਸਦੇ ਕਾਮਲ ਬਵੱਦ ॥
ਦੀਦਨ ਸ ਆਰਾਮ ਜਾਨੋ ਦਿਲ ਬਵੱਦ ॥

(ਟੀਕਾ) ਸਰੂਪ ਸਚੇਕਾ ਪੂਰਨ ਗੁਰੂਹੈਂ ।੧। ਇਸੀਤੇ ਦ੍ਰਸਨ ਉਨਾਂਕਾ ਆਨੰਦ ਰੂਪਹੈ ਦੇਹਕੋਂ ਅਰੁ ਦਿਲਕੋਂ । ਭਾਵ । ਗੁਰਾਂਕੇ ਦ੍ਰਸਨਤੇ ਆਨੰਦ ਹੋਤਾਹੈ ।੨।੪੩੨। ਸਿਧਾਂਤ

(ਮੂਲ) ਤਾ ਕੁਜਾ ਹਾ ਸਕਰ ਇਹਸਾਨ ਸ ਕੁਨਮ ॥
ਹਰਚਿ ਆਇਦ ਬਰ ਜੁਬਾਂ ਈਂ ਮੁਗਤਨਮ ॥

(ਟੀਕਾ) ਕਹਾਂ ਤੋੜੀ ਧੰਨਵਾਦ ਪ੍ਰਉਪਕਾਰ ਉਨਕੇਕਾ ਕਰਾਂਮੈ ।੧। ਤਾਂਤੇ ਜੋਕੁਛ ਜਸ ਆਂਵਦਾਹੈ ਉਪ੍ਰ ਰਸਨਾਦੇ ਏਹੀ ਗਨੀਮਤਹੈ । ਭਾਵ । ਜਿਤਨਾ ਜਸ ਗੁਰਾਂਦਾ ਹੋਸਕੇ ਓਹੀ ਲਾਭਹੈ ।੨।੪੩੩।

(ਮੂਲ) ਅਜ ਗਿਲਾਜਤ ਦਿਲ ਖੁਦਾ ਚੂੰ ਪਾਕ ਕਰਦ ॥
ਮੁਰਸਦੇ ਕਾਮਲ ਬ ਈਂ ਇਦਰਾਕ ਕਰਦ ॥

(ਟੀਕਾ) ਗਿਲਾਨੀਆਂ ਸੇ ਦਿਲਨੂੰ ਵਾਹਿਗੁਰੂਨੇ ਜਬ ਪਵਿਤ੍ਰ ਕੀਤਾ ।੧। ਤਬ ਗੁਰਾਂ ਪਾਸ ਜਾਨੇਸੇ ਪੂਰਨ ਗੁਰਾਂਨੇ ਇਸਕੋ ਸਾਥ ਬੁਧੀਦੇ ਕੀਆ ਹੈ । ਭਾਵ । ਇਸਤੇ ਜੋ ਗੁਰ ਪ੍ਰੇਮੀ ਸੰਤਾਂ ਕੀ ਉਪਮਾ ਕਰੈ ।੨।੪੩੪।

(ਮੂਲ) ਵਰਨਹ ਈਂ ਰਾਹੇ ਖੁਦਾ ਕੈ ਦਾਨਦੇ ॥
ਅਜ ਕਿਤਾਬੇ ਹਕ ਸਬਕ ਕੋ ਖਾਨਦੇ ॥

Digitized by Panjab Digital Library | www.panjabdigilib.org

(ਟੀਕਾ) ਜਬ ਗੁਰੋਂ ਪਾਸ ਆਏ ਤਬ ਏਹ ਮ੍ਰਾਤਬਾ ਪਾਯਾ । ਨਹੀਂ ਤਾਂ ਇਹ ਰਸਤਾ ਵਾਹਿਗੁਰੂਕਾ ਕਬ ਜਾਨਤੇ ।੧। ਪੁਨਾ ਪੁਸਤਕਸੇ ਸਚੇਕੀ ਸੈਸ਼ਾ ਕੁਬਾ ਪੂਛਤੇ। ਭਾਵ ।ਗੁਰਾਂ ਬਿਨਾ ਹਰੀਕਾ ਭੇਦ ਨਹੀ ਜਾਣੀਦਾ ।੨।੪੩੫।

(ਮੂਲ) ਈਂ ਹਮਹ ਚੂ ਅਜ ਤੁਫੈਲ ਮੁਰਸਦ ਅਸਤ ।
ਹਰਕਿ ਮੁਰਸਦ ਰਾ ਨ ਦਾਨਦ ਖਰ ਤਰ ਅਸਤ ॥

(ਟੀਕਾ) ਏਹ ਤਮਾਮ ਜੋ ਆਨੰਦਕੀ ਪ੍ਰਾਪਤੀ ਅਰੁ ਪੜਨਾ ਸੁਨਨਾ ਅਰ ਸੁਭ ਅਸੁਭ ਕੀ ਗਜਾਤ ਏਹ ਗੁਰਾ ਕੀ ਕ੍ਰਿਪਾ ਸੇ ਹੈ ।੧। ਤਾਂਤੇ ਜੋ ਕੋਈ ਗੁਰਾਂਕੋ ਭਾਂਈ ਨਹੀ ਜਾਣਦਾ ਓਹ ਗਧਾ ਹੈ ਅਤਿਸੈ ਕਰਕੇ। ਭਾਵ। ਜੋ ਗੁਰਾਂਕੋ ਪੂਰਨਰੂਪ ਪੂਜਨੀਯ ਮੋਖਦਾਤਾ ਜਾਨਕੇਸੇਵਾ ਨਹੀ ਕਰਦਾ ਅਰੁ ਅਦਬ ਨਹੀ ਕਰਦਾ ਉਪਦੇਸ ਨਹੀ ਧਾਰਦਾ ਸੋ ਭਾਰੀ ਗਧਾ ਹੈ ।੨।੪੩੬।

(ਮੂਲ) ਮੁਰਸਦੇ ਕਾਮਲ ਇਲਾਜੇ ਦਿਲ ਕੁਨੰਦ ॥
ਕਾਮ ਦਿਲ ਅੰਦਰ ਦਿਲਤ ਹਾਸਲ ਕੁਨੱਦ ॥

(ਟੀਕਾ) ਕਿਉਂ ਜੋ ਗੁਰੂ ਪੂਰਨ ਦਵਾਈ ਦਿਲ ਦੀ ਕਰਦੇ ਹੈਂ। ਭਾਵ। ਸੰਸੇ ਦੂਰ ਕਰਕੇ ਦਿਲਕੋ ਆਨੰਦ ਦੇਤੇ ਹੈਂ ।੧। ਓਹੁ ਆਨੰਦ ਏਹੈਜੋ ਮੁਰਾਦ ਜੀਵਦੀ ਬੀਚ ਦਿਲਦੇਹੀ ਪ੍ਰਾਪਤ ਕਰਦੇ ਹੈ। ਭਾਵ। ਦਿਲਦੇ ਅੰਦ੍ਰ ਸਾਖਯਾਤ ਕਰਦੇਤੇ ਹੈਂ ।੨।੪੩੭।

(ਮੂਲ) ਚਸਮ ਦਿਲ ਚੂ ਮੁਰਸਦੇ ਕਾਮਲ ਸਨਾਖਤ ॥
ਜ਼ਿੰਦਗੀਏ ਉਮਰ ਰਾ ਹਾਸਲ ਸਨਾਖਤ ॥

(ਟੀਕਾ) ਪੁਨਾ ਦਿਲ ਰੂਪੀ ਨੇਤ੍ਰਾਂਨੇ ਜਬ ਐਸੇ ਗੁਰਾਂ ਕੋ ਪੂਰਨ ਪਛਾਨਿਆਂ ।੧। ਤਬ ਜੀਵਣਾ ਉਮ੍ਰਦੇਦਾ ਪ੍ਰਾਪਤਿ ਹੂਆ ਪਛਾਨਿਆ। ਭਾਵ। ਜੀਵਨ ਮੋਖਹੂਆ।੨।੪੩੮।

(ਮੂਲ) ਜ਼ਿੰਦਗੀਏ ਉਮਰ ਹਾਸਲ ਮੇਸਵੱਦ ॥
ਅਜ ਤੁਫੈਲ ਸ ਸਾਹਿਬੇ ਦਿਲ ਮੇਸਵੱਦ ॥

(ਟੀਕਾ) ਪੁਨਾ ਜੀਵਣ ਅੱਵਸਥਾ ਪ੍ਰਾਪਤ ਹੋਤੀ ਹੈ। ਭਾਵ। ਜੀਵਣਾ ਮੋਖ ਹੋਤਾ ਹੈ।੧। ਇਸ ਤਰਾਂ ਜੋ ਕ੍ਰਿਪਾ ਉਨਾਂ ਕੀਸੇ ਮਾਲਕ ਦਿਲਕਾ ਹੋਤਾ ਹੈ। ਭਾਵ। ਮਨਕੋ ਰੋਕਕੇ ਜੀਵਣਮੁਕਤਿਕਾ ਆਨੰਦ ਭੋਗਤਾ ਹੈ।੨। ੪੩੯। ਸਿਧਾਂਤ।

Digitized by Panjab Digital Library | www.panjabdigilib.org

**(ਮੂਲ) ਅਜ਼ਬਰਾਇ ਆਂ ਕਿ ਈਂ ਪੈਦਾ ਸੁਦਹ ॥**
**ਦਰ ਫਿਰਾਕ ਸ ਅਬਲਹਓ ਸੈਦਾ ਸਦਹ ॥**

( ਟੀਕਾ ) ਵਾਸਤੇ ਉਸਕੇ ਭਜਨ ਦੇ ਜੋ ਏਹ ਮਾਨਖ ਪ੍ਰਗਟ ਹੂਆ ਹੈ । ੧ । ਤਾਂਤੇ ਬ ਰ ਵਿਛੜੇ ਉਸਕੇਕੇ ਸੰਸਾਰੀਆਂਵਲੋਂ ਸੌਦਾਈ ਹੋਵੈ ।ਭਾਵ। ਸੰਸਾਰ ਵਲੋਂ ਮਰਕੈ ਜਿਉਕਿਉ ਢੂੰਢ ਕਰ ਗੁਰਾਂ ਕੋ ਮਿਲੈ । ੨ । ੪੪੦ ।

**(ਮੂਲ) ਈਂ ਮਤਾ ਅੰਦਰ ਦੁਕਾਨ ਹਕ ਬਵੰਦ ॥**
**ਮੁਰਸਦੇ ਕਾਮਲ ਨਿਸਾਨ ਹਕ ਬਵੰਦ ॥**

( ਟੀਕਾ ) ਕਿਉ ਜੋ ਏਹ,ਭਜਨ ਰੂਪੀ ਪਦਾਰਥ ਬੀਚ ਦੁਕਾਨ ਸਤੇ ਕੀਕੇਹੈ । ਭਾਵ । ਸਾਧ ਸੰਗਤਮੈਹੈ ਏਹ ਧੰਨ । ੧ । ਤਾਂਤੇ ਗੁਰਦੇਵ ਪੂਰਨ ਸਰੂਪ ਸਰੇਕਾ ਹੈਂ । ਭਾਵ । ਇਸਤੇ ਗੁਰਾਂ ਪਾਸੋਂ ਭੇਦ ਮਿਲਤਾਹੈ ਉਸ ਧੰਨਕਾ। । ੨ । ੪੪੧ ।

**(ਮੂਲ) ਮੁਰਸਦੇ ਕਾਮਲ ਦਿਹਦ ਪਾਕੀ ਤੁਰਾ ॥**
**ਮੋਕਸਦ ਅਜ ਚਾਹ ਗੰਮਨਾਕੀ ਤੁਰਾ ॥**

(ਟੀਕਾ) ਗੁਰੂ ਪੂਰਨ ਦੇਨਗੇ ਪਵਿਤ੍ਰਤਾ ਤੇਰੇਤਾਂਈ । ਭਾਵ । ਉਪਾਸਨਾ ਸੇਹ੍ਰਦਾ ਨਿਰਮਲ ਕਰਤੇਹੈਂ । ੧ । ਪੁਨਃ ਤਿਸਕਰ ਕਢਲੈਨਗੇ ਖੂਹ ਗਮਕੇ ਸੇ ਤੇਰੇਤਾਂਈ । ੨ । ੪੪੨ ।

**(ਮੂਲ) ਮੁਰਸਦੇ ਕਾਮਲ ਇਲਾਜੇ ਦਿਲ ਕੁਨੰਦ ॥**
**ਈਂ ਮੁਰਾਦੇ ਦਿਲ ਬਦਿਲ ਹਾਸਲ ਕੁਨੰਦ ॥**

(ਟੀਕਾ) ਪੁਨਾ ਗੁਰਦੇਵ ਐਸੀ ਪੂਰਨ ਦਵਾਈ ਦਿਲਦੀ ਕਰਦੇਹੈਂ।੧। ਜੋ ਏਹ ਕਾਮਨਾ ਜਗਤ ਸੁਦੀ ਅੰਦ੍ਰ ਦਿਲਦੇ ਪ੍ਰਾਪਤਿ ਕਰਦੇਹੈਂ। ਭਾਵ। ਸਾਖਯਾਤ ਕਰਦੇ ਹੈਂ ਤਾਂਤ ਤੇਰੇਕੋਭੀ ਪ੍ਰਾਪਤਿ ਕਰੈ ਗੇ ।੨।੪੪੩।

**(ਮੂਲ) ਸੁਹਬਤੇ ਆਰਫ ਅਜਬ ਦੌਲਤ ਬਵੰਦ ॥**
**ਈਂ ਹਮਹ ਮੌਕੂਫ ਬਰ ਸੁਹਬਤ ਬਵੰਦ ॥**

(ਟੀਕਾ) ਪੁਨਾ ਸੰਗਤ ਗਿਆਨਵਾਨਕੀ ਅਸਚਰਜ ਧੰਨ ਹੈ । ੧ । ਕਿਉਜੋ ਏਹ ਤਮਾਮ ਵਿਹਾਰਕ ਪਦਾਰਥ ਤੇ ਪਰਮਾਰਥਕ ਦੈਵੀਗੁਣ ਅਟਕੇ ਹੂਏਹੈਂ ਉਪ੍ਰ ਸੰਗਤਿ ਕੇ । ਭਾਵ । ਸੰਗਤਿ ਕਰਨੇਸੇ ਪ੍ਰਾਪਤਿ ਹੋਤੇਹੈਂ ਤਾਂਤੇ ਸੰਗਤ

Digitized by Panjab Digital Library | www.panjabdigilib.org

ਕਰ । ੨ । ੪੪੪ ।

(ਮੂਲ) ਏ ਅਜੀਜੋ ਮਨ ਸੁਨੌ ਅਜ ਮਨ ਸੁਖਨ ॥
ਤਾ ਬਿਯਾਬੀ ਰਾਹ ਅੰਦਰ ਜਾਨੁ ਤਨ ॥

(ਟੀਕਾ) ਸੰਤ ਐਸੇ ਕਹਤੇਹੈਂ ਜੋ ਐ ਪਿਆਰੇ ਸੁਨੋ ਮਨ ਹਮਾਰੇਸੇ ਬਚਨ । ੧ । ਜਬ ਸੁਨੌ ਕੰਨਦੇਕਰ ਤਉ ਤੂੰ ਪਾਂਵੈ ਰਸ ... ਤਨਕੇਹੀ ।ਪਿਆਰੇਦਾ। । ੨ । ੪੪੫ । ਪ੍ਰੰਸਨ ਆਪਨੇ ਜੋ ਬਚਨ ਸੁਨਨੇ ਕਹੇਹੈਂ ਓਹੁ ਕੰਨਸੇਬਚਨ ਸੁਨਾਵਤੇ ਹੈਂ ਨਿਰਨੈਸੇ ਕਹੀਏ ਉਤ੍ਰ

(ਮੂਲ) ਤਾਲਬੇ ਮਰਦਾਨ ਹਕ ਰਾ ਦੋਸ ਦਾਰ ॥
ਗ਼ੈਰ ਜਿਕਰ ਸ ਬਰ ਜ਼ੁਬਾਂ ਹਰਫੇ ਮਿ ਆਰ ॥

(ਟੀਕਾ) ਇਛਿਆਵਾਨ ਸੰਤਾਂ ਸਚੇਕਿਆਂਕੇ ਤਾਂਈ ਦੋਸਤਰਖ । ੧ । ਅਰੁ ਬਿਨਾ ਭਜਨ ਉਸਕੇ ਸੇ ਊਪ੍ਰ ਰਸਨਾਕੇ ਹੋਰ ਕੋਈ ਅਖ੍ਰ ਮਤ ਲਿਆਇ । । ਭਾਵ । ਹਰੀਦੇ ਭਜਨਬਿਨਾ ਹੋਰ ਕੋਈਦੇਵਤੇਦਾ ਭਜਨ ਨਾਕਰਾ ।੨। ੪੪੬

(ਮੂਲ) ਖਾਕ ਸ਼ੌ ਮਰਦਾਨ ਹਕ ਰਾ ਖਾਕ ਬਾਸ ॥
ਨੇਪਏ ਦੁਨੀਆ ਇਦੂੰ ਗ਼ਮਨਾਕ ਬਾਸ ॥

[ਟੀਕਾ] ਪੁਨਾ ਧੂੜੀ ਹੋਹੁ ਸੰਤਾਂ ਸਚੇਕਿਆਂਕੀ ਧੂੜੀ ਹੋਹੁ । ੧ । ਅਰੁ ਵਾਸਤੇ ਮਾਯਾ ਕਮੀਨੀਦੇ ਚਿੰਤਾਵਾਨ ਨਾਹੋਹੁ । ਭਾਵ । ਮਾਯਾਕੇ ਤੁਛਜਾਨ ਦੁਖੀ ਨਾਹੋਹੁ । ੨ । ੪੪੭

(ਮੂਲ) ਗ਼ੈਰ ਤੂ ਖਾਨੀ ਨੁਸਖਏ ਅਜ ਸ਼ਾਨਿ ਇਸਕ ॥
ਮੁਸਵੀ ਸਰ ਦਫਤਰੀ ਦੀਵਾਨ ਇਸਕ ॥

[ਟੀਕਾ] ਪੁਨਾ ਜੇਕਰ ਤੂੰ ਪੜਨਾ ਚਾਹੁੰਤਾਹੈ ਰੁਕਾਵਡਿਆਈ ਪ੍ਰੇਮਕੀਸੇ । ਭਾਵ । ਪ੍ਰੇਮਕਾ ਆਨੰਦ ਚਾਹੁਤਾਹੈ । ੧ । ਤਾਂਤੂੰ ਹੋਹੁ ਵਡਾ ਦਫਤਰੀ ਮੁਨਸ਼ੀ ਦੀਵਾਨ ਪ੍ਰੇਮਕੇਸੇ । ਭਾਵ । ਸ੍ਰੇਸਟ ਪ੍ਰੇਮੀ ਹੋਹੁ । ੨ । ੪੪੮ ।

(ਮੂਲ) ਇਸਕ ਮੌਲਾ ਮਰ ਤੁ ਰਾ ਮੌਲਾ ਕੁਨੱਦ ॥
ਦਰ ਦੁ ਆਲਮ ਮਿਹਤਰੇ ਔਲਾ ਕੁਨੱਦ ॥

(ਟੀਕਾ) ਕਿਉਂਜੋ ਪ੍ਰੇਮ ਬ੍ਰਹਮਕਾ ਤੁਝਕੋ ਬ੍ਰਹਮਰੂਪ ਕਰਤਾਹੈ ਤਾਂਤੇ ਤੇਰੇਤਾਂਈ ਭੀ ਕਰੇਗਾ । ੧ । ਪੁਨਾ ਬੀਚ ਦੋਨੋ ਲੋਕਾਂਕੇ ਵਡਾ ਔਲੀਆਇ

Digitized by Panjab Digital Library | www.panjabdigilib.org

ਕਰਤਾ ਹੈ । ੨ । ੪੪੯ ਪੁਨਾ ਐਸੇ ਨਿੰਮ੍ਰਤਾ ਸੇ ਪ੍ਰਾਰਥਨਾ ਕਰਨੀ ਦਸਦੇ ਹੈਂ ।

(ਮੂਲ) ਯਾ ਇਲਾਹੀ ਦੀਂ ਦਿਲ ਮ ਰਾ ਸੌਕਿ ਦਿਹ ॥
ਲਜਤੇ ਅਜ਼ ਸੌਕਿ ਖ਼ਾਸੋ ਜੌਕਿ ਦਿਹ ॥

(ਟੀਕਾ) ਹੇ ਅਲਖ ਵਾਹਿਗੁਰੂ ਇਸ ਦਿਲ ਮੇਰੇ ਕੇ ਤਾਂਈ ਪ੍ਰੇਮ ਦਿਹ ।੧ ਪੁਨਾ ਆਨੰਦ ਚੰਗਾ ਪ੍ਰੇਮ ਦਾ ਆਪਨੀ ਖੁਸੀ ਸੇ ਦਿਹ । ੨ । ੪੫੦ ।

(ਮੂਲ) ਤਾਬ ਯਾਦੇਤੂ ਬੁਗੁਜ਼ਰਦ ਰੋਜ਼ੋ ਸਬ ਮ ॥
ਦਿਹ ਰਿਹਾਈ ਬੰਦਹ ਰਾ ਅਜ਼ ਕੈਦ ਗ਼ਮ ॥

(ਟੀਕਾ) ਜਬ ਪ੍ਰੇਮ ਦੇਵੇਂ ਤਬ ਬੀਚ ਭਗਤੀ ਤੇਰੀ ਦੇ ਗੁਜ਼ਰੇ ਰਾਤ ਦਿਨ ਮੇਰਾ । ੧ । ਕਿਉਂ ਜੋ ਭਗਤੀ ਖਲਾਸੀ ਦੇਣੇ ਵਾਲੀ ਹੈ ਦਾਸਾਂ ਕੇ ਤਾਂਈ ਕੈਦ ਚਿੰਤਾਂ ਕੀ ਸੇਂ । ਭਾਵ । ਜਨਮ ਮਰਨ ਤੇ ਛੁਡਾਣੇ ਵਾਲੀ ਹੈ । ੨ । ੪੫੧ ।

(ਮੂਲ) ਪੁਨਾ ਦੌਲਤੇ ਆਂ ਦਿਹ ਕਿ ਬਾਸਦ ਪਾਂਇ ਦਾਰ ॥
ਸੁਹਬਤੇ ਆਂ ਦਿਹ ਕਿ ਬਾਸਦ ਗ਼ਮ ਗੁਜ਼ਾਰ ॥

(ਟੀਕਾ) ਹੇ ਵਾਹਿਗੁਰੂ ਮਾਯਾ ਓਹ ਦੇਹ ਜੋ ਹੋਵੇ ਪੈਰ ਰਖਨ ਵਾਲੀ । ਭਾਵ । ਜੋ ਇਸਥਿਰ ਰਹੇ ।੧। ਸੰਗਤਿ ਓਹੁ ਦੇਹ ਜੋ ਹੋਵੈ ਗ਼ਮ ਦੇ ਭੁਲਾਵਨ ਵਾਲੀ ।੨।੪੫੨।

(ਮੂਲ) ਨੀਅਤੇ ਆਂ ਦਿਹ ਕਿ ਬਾਸਦ ਹਕ ਗੁਜ਼ਾਰ।
ਹਿੰਮਤੇ ਆਂ ਦਿਹ ਕਿ ਸਾਜ਼ਦ ਜਾਂ ਨਿਸਾਰ ॥

(ਟੀਕਾ) ਭਾਵਨੀ ਓਹੁ ਦੇਹ ਜੋ ਹੋਵੈ ਸਚੇ ਮੇਂ ਸਮਾਂ ਬਿਤਾਵਣ ਵਾਲੀ । ਭਾਵ । ਸਰਧਾ ਸਚੀ ਭਗਤੀ ਵਾਲੀ ਦੇਹ । ੧ । ਬਲ ਪੁਰਖਾਰਥ ਓਹੁ ਦੇਹ ਜੋ ਜਿਸ ਕਰਕੇ ਕਰਾਂ ਸਰੀਰ ਨੂੰ ਕੁਰਬਾਨ । ੨ । ੪੫੩ ।

(ਮੂਲ) ਹਰਚਿ ਦਾਰਦ ਦਰ ਰਹ ਤੂ ਕੁਰਬਾਂ ਕੁਨੰਦ ॥
ਜਾਂਨ ਦਿਲ ਕੁਰਬਾਂ ਰਹੇ ਸੁਬਹਾਂ ਕੁਨੰਦ ॥

(ਟੀਕਾ) ਪੁਨਾ ਜੋ ਕੁਛ ਸਮਗ੍ਰੀ ਰਖਤਾ ਹਾਂ ਬੀਚ ਰਸਤੇ ਤੇਰੇ ਦੇ ਵਾਰਨੇ ੨ ਕਰਾਂ ਮੈ । ਭਾਵ । ਤੇਰੇ ਨਾਮੁ ਪ੍ਰਦਾਨ ਪੁੰਨ ਕਰਦੇਵਾਂ ਮੈ । ੧ । ਪੁਨਾ ਤਨ ਮਨ ਵਾਰਨੇ ੨ ਰਸਤੇ ਤਿਨ੍ਹੋਂ ਸੋਭਾਇਮਾਨ ਕੇ ਕੇ ਕਰਾਂ ਮੈ । ੨ । ੪੫੪ ।

(ਮੂਲ) ਦੀਦਹ ਆਮ ਰਾ ਲਜ਼ਤੇ ਦੀਦਾਰ ਬਖਸ ॥

Digitized by Panjab Digital Library | www.panjabdigilib.org

ਸੀਨਹਅ ਮਰਾ ਮਖਜ਼ਨੇ ਇਸਰਾਰ ਬਖਸ਼ ॥

(ਟੀਕਾ) ਨੇਤ੍ਰਾਂ ਮੇਰਿਆਂਕੇ ਤਾਈ ਅਨੰਦ ਦ੍ਰਿਸ਼ਟਦਾ ਸਰੂਪਦਾ ਦੇਹ ।੧। ਰਿਦੇ ਮੇਰੇਕੇ ਤਾਂਈ ਖਜਾਨਾ ਭੇਦੋਂਕਾ ਦੇਹ। ਭਾਵ। ਆਪਣੇ ਖੇਲ ਸਾਖਸ਼ਾਤ ਕਰ ਦੇਹ।੨।੪੫੫।

(ਮੂਲ) ਈਂ ਦਿਲ ਬਿਰੀਆਂਨਿ ਮਾਰਾ ਸੌਕਿ ਦਿਹ ॥
ਦਰ ਗਲੂਯਮ ਬੰਦਗੀ ਰਾ ਤੌਕਿ ਦਿਹ ॥

(ਟੀਕਾ) ਇਸ ਦਿਲ ਮੇਰੇ ਸੜੇ ਹੋਏਕੇ ਤਾਂਈ ਪ੍ਰੇਮਰੂਪੀ ਜਲ ਦੇਹ। ਭਾਵ। ਜਿਸਕਰ ਦਿਲ ਹਰਾਹੋਕੇ ਫ਼ਲਦੇ ਸੰਤ ਹੋਵੈ।੧। ਪੁਨਾ ਅੰਦ੍ਰ ਗਲ ਮੇਰੇਦੇ ਭਗਤੀਦਾ ਸੰਗਲ ਦੇਹ। ਭਾਵ। ਜਿਸਕਰ ਕੁਕਰਮੋਸੇ ਰੁਕਕੈ ਸੇਵਾ ਟਹਲ ਕਰਮੈ।੨।੪੫੬।

(ਮੂਲ) ਹਿਜ਼ਰ ਮਾ ਰਾ ਆਰਜ਼ੂਏ ਵਸਲ ਬਖਸ਼॥
ਈਂ ਖਿਜ਼ਾਨੇ ਜਿਸਮ ਮਾਰਾ ਫਸਲ ਬਖਸ਼॥

(ਟੀਕਾ) ਵਿਛੋੜੇ ਮੇਰੇਕੇ ਤਾਂਈ ਇਛਿਆ ਮਿਲਾਪਦੀ ਦੇਹ। ਭਾਵ। ਵਿਛੋੜਾ ਦੂਰ ਕਰਕੇ ਇਛਿਆ ਸਾਖਸ਼ਾਤਤਾਦੀ ਦੇਹ।੧। ਪੁਨਾ ਇਸ ਉਜੜੇ ਹੋਏ ਸ੍ਰੀਰ ਮੇਰੇਕੋ ਨੌਬਹਾਰ ਦੇਹ। ਭਾਵ। ਕਾਮਾਆਦੀਆਂ ਪਸ਼ੂਆਂਕੋ ਹਟਾਕੇ ਪਰਮਾਨੰਦ ਰੂਪੀ ਸਬਜ਼ਾਈ ਕਰਦੇਹ।੨।੪੫੭।

(ਮੂਲ) ਹਰ ਸਰੇ ਮੂਇ ਮ ਜੁਬਾਂ ਕੁਨ ਅਜ ਕਰਮ ॥
ਤਾ ਬਿਗੋਯਮ ਵਸਫ਼ ਹਕ ਰਾ ਦਮ ਬ ਦਮ ॥

(ਟੀਕਾ) ਮੇਰੇ ਸਿਰਦੇ ਤਮਾਮ ਰੋਮ ਰਸਨਾ ਕਰ ਦੇਹ ਕ੍ਰਿਪਾ ਸੇ।੧। ਜਬਰੋਮ ਰਸਨਾ ਹੋਜਾਂਵੇ ਤਾਂ ਫਿਰ ਉਚਾਰਨ ਕਰਾਂ ਮੈ ਸਿਫਤ ਹੇਸਚੇ ਬੀਚ ਸ੍ਵਾਸ ੨ ਦੇ।੨।੪੫੮। ਐਸੀ ਸਿਫਤ ਸੁਨਕੈ ਪਾਸਤੇ ਏਕ ਜਗਜਾਸੂਨੇ ਪ੍ਰਸਨਕਰਾ ਹੇ ਭਾਈ ਆਪਨੇ ਜੋ ਹਰੀਦੀ ਸਿਫਤ ਕਰਨੀ ਕਹੀਹੈ ਸੋ ਇਸਕਾ ਕੁਛ ਨਿਜਮਭੀ ਹੈ ਜੋ ਇਨੀ ਕਰਨੀ ਚਾਹੀਏ ਅਰੁ ਏਨਾ ਅੰਗਾਂਸੇ ਕਰੀਏ ਉਤ੍ਰ

(ਮੂਲ) ਵਸਫ਼ ਹਕ ਬੇਰੂੰ ਬਵੱਦ ਅਜ਼ ਗੁਫਤ ਗੂ ॥
ਈਂ ਹਦੀਸੇ ਸ਼ਾਹ ਬਾਸ਼ਦ ਕੂ ਬਕੂ ॥

(ਟੀਕਾ) ਸਿਫਤ ਸਚੇਕੀ ਬਾਹਰਹੈ ਕਹਣੇ ਕਹਾਵਣੇ ਸੇ। ਭਾਵ। ਇਸਕਾ

Digitized by Panjab Digital Library | www.panjabdigilib.org

ਨਿਜਮ ਨਹੀ । ੧ । ਪੁਨਾ ਏਹ ਭਗਤੀ ਪਾਤਿਸਾਹਕੀ ਗਲਾਂ ੨ ਵਿਚ ਕਰਨੀ ਚਾਹੀਦੀਹੈ । ਭਾਵ । ਘਰ ਬਾਹਰ ਸਭ ਜਗਾਮੈ ਅਰੁ ਅੰਗ ੨ ਸੇ ਪ੍ਰਮਾਨ ਲੋਚਨ ਅਮੋਲ ਗੁਰ ਦਰਸ ਅਮੋਲ ਦੇਖੈ ਸ੍ਰਵਨ ਅਮੋਲ ਗੁਰ ਬਚਨ ਧਰਨਕੈ । ਨਾਸਕਾ ਅਮੋਲ ਚਰਨਾਰ ਬਿੰਦ ਬਾਸਨਾ ਕੈ ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ । ਹਸਤ ਅਮੋਲ ਗੁਰ ਦੇਵ ਸੇਵ ਕੈ ਸਫਲ ਚਰਨ ਅਮੋਲ ਪ੍ਰਦੱਛਨਾ ਕਰਨ ਕੈ । ਇਸ ਮੈ ਇਕ ਅਮੋਲ ਕਾ ਅਰਥ ਸਫਲ ਹੈ ਦੂਸੇ ਕਾ ਅਮੋਲਕ ਹੈ ਹੋਰ ਸੁਪਸਟ । ੨ । ੪੫੯ ।

[ਮੂਲ] ਮਾਇਨੀਏ ਈਂ ਕੂਬ ਕੂ ਦਾਂਨੀ ਕਿ ਚੀਸਤ॥
ਹਮਦ ਗੋ ਦੀਗਰ ਮਗੋ ਈਂ ਨਸਤ ਜੀਸਤ॥

( ਟੀਕਾ ) ਅਰਥ ਏਸ ਕੂਚੇ ੨ ਵਿਚ ਭਗਤੀ ਕਰਨੇਦਾ ਜਾਣਦਾ ਹੈਂ ਜੋ ਕਿਆ ਹੈ । ੧ । ਸੁਨੀਏ ਜੋ ਸਿਫਤ ਹਰੀਦੀ ਕਹੋ ਦੂਸਰਾ ਵਾਕ ਭਗਤੀ ਤੇ ਬਿਨਾ ਮਤ ਕਹੋ ਹਰਿ ਵਕਤ ਪੁਨਾ ਜੋ ਸਮਾ ਭਗਤੀ ਕਰਨੇ ਮੈਂ ਬੀਤਦਾ ਹੈ ਏਹੀ ਜੀਵਣਾ ਹੈ । ੨ । ੪੬੦ ।

[ਮੂਲ] ਜੀਸਤਨ ਦਰ ਬੰਦਗੀ ਅਉਲਾ ਬਵੱਦ॥
ਗਰਚਿ ਸਰ ਤਾ ਪਾ ਹਮਹ ਮਉਲਾ ਬਵੱਦ॥

( ਟੀਕਾ ) ਤਾਂਤੇ ਜੀਵਣਾਂ ਬੀਚ ਭਗਤੀਦੇ ਜੇੜਾ ਹੈ ਏਹ ਬਡਾ ਹੈ । ਭਾਵ । ਏਹ ਜੀਵਣਾ ਵਡਿਆਈ ਦੇਂਦਾ ਹੈ । ੧। ਯਦਪ ਸਿਰਸੇ ਲੇਕਰ ਪੈਰਾਂ ਤੋੜੀ ਤਮਾਮ ਅੰਗਾਂ ਸੇ ਬ੍ਰਹਮਰੂਪ ਹੈ । ਤੌਭੀ ਭਗਤੀ ਕਰਨੀ ਚਾਹੀਏ ਕਿਉ ਜੋ ਭਗਤੀ ਸੇ ਆਪ ਕੋਭੀ ਤੇ ਔਰਕੋਭੀ ਸੁਖ ਹੋਤਾ ਹੈ ਸਾਖੀ ਬ੍ਰਹਮਾ ਸ਼ਿਵ ਬਿਸਨੂਕੀ ਸਤ੍ਰਾਂਰਿਖੀਆਂਕੇ ਪਰਖਣੇਵਾਲੀ । ੨ । ੪੬੧ । ਸਿਧਾਂਤ

(ਮੂਲ) ਗਰ ਦਿਹਦ ਤੌਫੀਕ ਫਜਲ ਜੁਲਜਲਾਲ॥
ਬੰਦਹ ਰਾ ਅਜ ਬੰਦਗੀ ਬਖਸਦ ਕਮਾਲ॥

( ਟੀਕਾ ) ਜੇਕਰ ਦੇਂਦਾ ਹੈ ਸਮ੍ਰਥਤਾ ਕ੍ਰਿਪਾ ਸੇ ਵਾਹਿਗੁਰੂ । ੧ ਤਾ ਬੰਦਿਆਂਕੇ ਤਾਂਈ ਭਗਤੀ ਸੇਹੀ ਦੇਂਦਾ ਹੈ ਪੂਰਨ ਸਮ੍ਰਥਤਾ । ੨ ।੪੬੨

(ਮੂਲ) ਬੰਦਗੀ ਬਾਸਦ ਕਮਾਲੇ ਬੰਦਗੀ॥
ਬੰਦਗੀ ਬਾਸਦ ਨਿਸਾਨੇ ਜ਼ਿੰਦਗੀ।

Digitized by Panjab Digital Library | www.panjabdigilib.org

(ਟੀਕਾ) ਤਾਂਤੇ ਭਗਤੀਹੀ ਸਭਤੇ ਬਡੀਹੈ ੨। ੧। ਪੁਨਾ ਭਗਤੀ ਨਿਸਾਨੀ ਜੀਵਣੇਦੀ ਹੈ। ਭਾਵ। ਭਗਤੀਕਰ ਅਮਰ ਹੋਵੇ ਹੈ ਦ੍ਰਿਸਟਾਂਤ ਚਿਰੰਜੀਵ ਕਾਗਭੁਸੰਡਆਦੀਜਿਨੇਹੋਏਹੈ ਸੋ ਭਗਤੀ ਕਰਕੇਹੀਹੋਏ ਹੈਂ।੨।੪੬੩

(ਮੂਲ) ਗਰ ਨਿਸਾਨੀ ਜਿੰਦਗੀ ਮੇਖ਼ਾਇਦਤ ॥
ਬੰਦਗੀ ਏ ਹਕ ਤੁਰਾ ਮੇਬਾਇਦਤ ॥

(ਟੀਕਾ) ਜੇਕਰ ਨਿਸਾਨੀ ਜੀਵਣੇਦੀ ਚਾਹੁਦਾ ਹੈਂ। ਭਾਵ। ਅਮ੍ਰਹੋਣਾ ਚਾਹੁਦਾ ਹੈ। ੧। ਤਾਂ ਐ ਪਿਆਰੇ ਭਗਤੀ ਕਰਨੀ ਸਚੇ ਕੀ ਤੇਰੇ ਤਾਂਈ ਚਾਹੀਦੀਹੈ। ਭਾਵ। ਭਗਤੀ ਕਰ। ੨। ੪੬੪।

(ਮੂਲ) ਜਿੰਦਗੀ ਏ ਬੰਦਹ ਰਾ ਈਂ ਬੰਦਗੀਸਤ ॥
ਬੰਦਗੀ ਏ ਹਕ ਕਿ ਐਨੇ ਜਿੰਦਗੀਸਤ ॥

(ਟੀਕਾ) ਕਿਉਜੋ ਐ ਪਿਆਰੇ ਮਨੁਖਾਂਕੇ ਤਾਂਈ ਜੀਵਨ ਰੂਪ ਏਹ ਭਗਤੀਹੀ ਹੈ। ੧। ਪੁਨਾ ਐ ਪਿਆਰੇਭਗਤੀਸਚੇਕੀਜੋਹੈਏਹ ਜਿਉਂਕੀਤਿਉਂ ਜੀਵਣ ਰੂਪ ਹੈ। ੨। ੪੬੫। ਪ੍ਰਸਨ ਭਗਤੀ ਜੋ ਐਤਨੀ ਸੁਖਰੂਪ ਆਪਨੇ ਕਹੀਹੈ ਤਿਸਕਾ ਪੂਰਨ ਚਿੰਨ ਉਚਾਰਨ ਕਰੀਏ ਜੋ ਦ੍ਰਿੜਹੋਨੇਸੇ ਸੁਖਹੋ ਉਤ੍ਰ

(ਮੂਲ) ਤਾ ਤਵਾਨੀ ਬੰਦਹ ਸੌ ਸਾਹਿਬ ਮ ਬਾਸ ॥
ਬੰਦਹ ਰਾ ਜੁਜ ਬੰਦਗੀ ਨ ਬਵੱਦ ਤਲਾਸ ॥

(ਟੀਕਾ) ਜਹਾਂਤਕ ਹੋਸਕੇ ਤਹਾਂਤਕ ਦਾਸ ਹੋਹੁ ਅਰੁ ਸੁਆਮੀ ਬਡਾ ਮਤਹੋਹੁ। ਭਾਵ। ਜੋ ਬਡਾ ਬਣਿਆਹੈ ਸੋਈ ਖ਼੍ਰਾਬ ਹੂਆਹੈ ਏਹ ਪ੍ਰਸਿਧ ਬਾਤ ਹੈ ਜੋ ਗੁਰਾਂ ਸੰਤਾਂ ਪਾਸ ਆਕੈ ਦਾਸ ਬਨਾਹੈ ਉਸਨੇਹੀਗੁਰੂਪਦ ਸੰਤ ਪਦ ਪਾਯਾਹੈ ਤੇ ਓਹੀ ਪੂਜ ਭਯਾ ਹੈ ਅਰੁ ਜਿਸਨੇ ਆਕੈ ਕਿਸੇ ਪ੍ਰਕਾਰਸੇ ਮਾਨ ਕੀਆ ਹੈ ਆਪਕੋ ਬਡਾਮਾਨਕੈ ਸੋ ਇਕਤੋ ਖਾਲੀ ਰਹਤਾ ਹੈ ਪ੍ਰਾਪਤੀ ਤੇ ਦੂਸਰਾ ਅੰਤਕੋ ਖ਼੍ਰਾਬਹੀ ਭਯਾ। ੧। ਇਸੀਤੇ ਦਾਸਾਂਕੇ ਤਾਂਈ ਸੁਆ ਭਗਤੀਸੇ ਨਹੀ ਹੈ ਚਾਹਿਭਾਵ।ਭਗਤੀਤੇਬਿਨਾਹੋਰਕਰਮਕਰਨੇਨਹੀਚਾਂਹੁਦੇ।੨।੪੬੬।

(ਮੂਲ) ਈਂ ਵਜੂਦੇ ਖਾਕ ਪਾਕ ਅਜ ਬੰਦਗੀਸਤ ॥
ਗੁਫਤ ਗੋਹਾਏ ਦਿਗਰ ਸਰਮਿੰਦਗੀਸਤ ॥

(ਟੀਕਾ)ਤਾਂਤੇ ਦੇਖ ਏਹ ਸ੍ਰੀਰ ਮਿਟੀਆਦੀ ਤਤਾਂਕਾ ਅਪਵਿਤ੍ਰ ਭਰ ਭੀ

Digitized by Panjab Digital Library | www.panjabdigilib.org

ਸੋਈ ਪਵਿਤ੍ਰ ਹੈ । ਭਾਵ । ਰਵਿਦਾਸਆਦੀ ਭਗਤੀਕਰਹੀ ਸਭਕੇ ਪੂਜ ਹੁਏਹੈ । ੧ । ਤਾਂਤੇ ਕਹਣਾ ਕਹਾਵਣਾ ਭਗਤੀਤੇ ਬਿਨਾ ਜੋ ਦੂਸ੍ਰਾਹੈ ਸੋ ਖ੍ਰਾਬੀਹੀ ਹੈ। । ਭਾਵ । ਹੋਰ ਕਰਮਾਂਸੇ ਨਿਆਦ੍ਰੀ ਪਾਂਵਦਾਹੈ । ੨ । ੪੬੭ ।

(ਮੂਲ) ਬੰਦਗੀ ਕੁਨ ਜਾਂ ਕਿ ਓ ਬਾਸਦ ਕਬੂਲ ॥
ਬੁਗੁਜ਼ਰ ਅਜ਼ ਖ਼ੁਦ ਬੀਨੀ ਓ ਤਰਜ਼ੇ ਜ਼ਹੂਲ ॥

(ਟੀਕਾ) ਇਸੀਤੇ ਤੂੰ ਭਗਤੀ ਕਰ ਕਿਉਂਜ ਉਸ ਹਰੀਨੂੰ ਭਗਤੀ ਮਨਜੂਰ ਹੈ । ੧ । ਪ੍ਰਸਨ ਆਪਜੈਸੇ ਸਭੀ ਮਹਾਤਮਾ ਕਹਤੇਹੈਂ ਅਰੁ ਗੁਰੂਜੀ ਭੀ ਕਹਤਾਹੈ ਕੇ ਭਗਤੀ ਅਰੁ ਭਗਤੀਕਰਨੇਵਾਲਾ ਗੋਬਿੰਦਨੂੰ ਪਿਆਰਾਹੈ ਕਿਉਂਜੋ ਭਗਤਾਂਨੂੰਹੀ ਸਾਖਜਾਤ ਹੋਤਾਹੈ ਪ੍ਰੰਤੂ ਕਈ ਮਤਾਂਵਾਲੇ ਲੋਕ ਕਹਤੇਹੈਂ ਜੋਜੀਵ ਬ੍ਰਹਮਰੂਪਹੈ ਜਬ ਜੀਵਹੀ ਪ੍ਰਮੇਸਰਰੂਪਹੂਆ ਤਾਂਫੇਰ ਭਗਤੀ ਕਿਸਕੀ ਕਰਨੀਹੈ । ਉਤ੍ਰ ।ਲੰਘੀਏ ਆਪਣੇਆਪਕੋ ਦਿਖਾਵਣੇਸੇ ਕਿਉਂਜੋ ਆਪਣਾਆਪ ਦਿਖਾਵਣਾਹੈ ਓਹੁ ਰੀਤੀ ਮੂਰਖਾਂਦੀ ਹੈ । ਭਾਵ । ਬਿਚਾਰਕੈਦੇਖੀਏ ਜੋ ਹੰਗਤਾ ਨਿਵਰਤ ਹੋਨੇਤੇ ਬ੍ਰਹਮਰੂਪ ਹੋਤਾਹੈ ਅਰੁ ਮੈ ਬ੍ਰਹਮਹੂੰ ਐਸੇ ਕਹਣੇਤੇ ਹੰਗਤਾ ਬਣੀ ਰੈਤੀਹੈ ਤਾਂਤੇ ਜਬਤੁਕਹੰਗਤਾਬਣੀਰਹੇਤਬਤਕਜਨਮਮਰਨਮੈਦੁਖਪਾਂਵਦਾ ਹੈ ਏਹ ਬਾਤ ਸਭ ਗ੍ਰੰਥਾਂ ਮੈ ਪ੍ਰਸਿਧਹੈ ਯਦਪਮੈਬ੍ਰਹਮਹੂੰ ਇਸਕੈਨੇਕੋ ਸੁਧਹੰਕਾਰ ਕੇਤੇਹੈਂ ਤੌਭੀ ਏਹਕੈਣਾਂ ਐਸੇਹੈ ਜੈਸੇਬੇੜੀ ਸੋਬੇੜੀ ਚਾਹੇਸੋਨੇਕੀਹੋਵੈ ਚਾਹੇ ਲੋਹੇਕੀ ਹੋਵੈ ਬੰਧਨ ਰੂਪਹੈ ਅਰੁ ਜੇਕਹੇਂਕੇ ਸਾਸਤ੍ਰਾਂਮੈ ਜੀਵਬ੍ਰਹਮਕੀ ਏਕ ਤਾਲਿਖੀਹੈ ਜਹਾਂਕਹਾਂ ਸੋਏਕਤਾਭੀ ਜੋ ਹੋਤੀਹੈ ਤੋ ਭਾਗ ਤਜਾਗ ਲਖਣਾਂਸੇ ਹੋਤੀਹੈ ਚੇਤਨ ੨ ਭਾਗਕੀ ਅਰੁ ਦੇਹਕੀ ਨਹੀ ਹੋਤੀ ਸੋ ਜਬਤਕ ਦੇਹਦ੍ਰਿਸ੍ਟੀ ਬਨੀਰਹੇ ਤਬਤਕ ਏਤਕਾ ਨਹੀਹੋਤੀਜੋ ਬ੍ਰਹਮਦ੍ਰਿਸਟੀ ਕਹਤੇ ਹੈਂਸੋਭੀ ਜਾਨਨੇ ਮਾ ਤ੍ਰਹੋਤੀਹੈ ਜਬ ਨਿਸਚਾ ਮਨਮੈ ਪੂਰਾਹੋਜਾਵੈ ਜਹਾਂ ਕਹਾਂ ਬ੍ਰਹਮਹੀ ਭਾਸੇ ਤਾਂ ਦੇਹ ਹੰਗਤਾ ਤਜਾਗਕੈ ਬ੍ਰਹਮਮੈਲੀਨ ਹੋਜਾਤਾਹੈ ਅਰੁ ਦੇਹਹੰਗਤਾ ਮੈ ਬ੍ਰਹਮਰੂਪ ਨਹੀਹੋਤਾ ਦ੍ਰਿਸਟਾਂਤ ਜੈਸੇ ਗੰਗਾਜਲ ਮਲੀਨ ਵਸਤੂਮੈ ਪਾਦੇਈਏ ਤ ਮਲੀਨਹੀ ਹੋਜਾਤਾਹੈ ਅਰੁ ਮਲੀਨਜਲ ਗੰਗਨਦਮੈ ਪਾਦੇਈਐ ਤਾਂ ਗੰਗਾਰੂਪਹੀ ਹੋਜਾਤਾਹੈ ਐਸੇ ਜਾਨ ਲਈਏ । ੨ । ੪੬੮ ।

(ਮੂਲ) ਦਰ ਦਿਲ ਸਾਹਿਬ ਦਿਲਾਂ ਆਇਦ ਪਸੰਦ ॥
ਰੁਤਬਹਿਅਤ ਗਰਦਦ ਅਜ਼ਾਂ ਹਰਦਮ ਬੁਲੰਦ ॥

[ਟੀਕਾ] ਇਸ ਪ੍ਰਕਾਰ ਜਾਨਕੇ ਬਡੇ ਦਿਲ ਵਾਲਿਆਂਕੇ ਦਿਲ ਅੰਦ੍ਰ ਆਈਹੈ ਪਸਿੰਦ । ਭਾਵ । ਗੁਰਾਂ ਸੰਤਾਂਨੇ ਭਗਤੀਗਰੀਬੀ ਧਾਰੀਹੈ ਅਰੁ ਧਾਰਨੀ

Digitized by Panjab Digital Library | www.panjabdigilib.org

ਕਹੀਹੈ । ੧ । ਤਾਂਤੇ ਮ੍ਰਾਤਬਾ ਤੇਰਾ ਬਡਾ ਹੋਊਗਾ ਉਸ ਭਗਤੀ ਗ੍ਰੀਬੀ ਕੇ ਧਾਰਨੇ ਸੇ ਸਦੀਵ ਕਾਲ । ਭਾਵ । ਭਗਤੀ ਗ੍ਰੀਬੀਕੋ ਧਾਰਨ ਕਰ ਅਰੁ ਹੰਗਤਾ ਬ੍ਰਿਤੀ ਕੋ ਤ੍ਯਾਗਦੇਹਾ । ੨ । ੪੬੯ । ਪੁਨਾ

(ਮੂਲ) ਮੁਰਸਦੇ ਕਾਮਿਲ ਕਿ ਆਂ ਇਰਸਾਦ ਕਰਦ ॥
ਈਂ ਦਿਲ ਤੁ ਅਜ ਯਾਦਿ ਹਕ ਆਬਾਦ ਕਰਦ ॥

(ਟੀਕਾ) ਗੁਰੂ ਪੂਰਨ ਜੋਹੈਂ ਉਨਾਨੇ ਹੁਕਮ ਕੀਆਹੈ। ਭਾਵ । ਸਭਜੀਵਾਂ ਕੋ ਕਹਤਾਹੈ ਅਰੁ ਅਬ ਐਤੇਹੈਂ ਕੇ ਭਜਨ ਕਰੋ । ੧ । ਜਬਤੂੰ ਗੁਰਾਂਸੇ ਉਪਦੇਸ ਲੇਕਰ ਭਜਨ ਕਰੈਂਗਾ । ਤਬ ਏਹ ਦਿਲ ਤੇਰਾ ਸਚੇਕੀ ਭਗਤੀ ਸੇ ਵਸੋਂ ਕਰੈਂਗੇ । ਭਾਵ । ਦੈਵੀ ਗੁਣਾਂਕੇ ਸੈਤ ਕਰ ਦੇਵੈਂਗੇ । ੨ । ੪੭੦ । ਪੁਨਾ

(ਮੂਲ) ਆਂ ਹਮਾਂ ਇਰਸਾਦ ਦਰ ਦਿਲ ਨਕਸ ਬੰਦ ॥
ਤਾਂ ਸਵੀ ਦਰ ਹਰਦੁ ਆਲਮ ਸਰਬੁਲੰਦ ॥

[ਟੀਕਾ] ਉਨਾਂਦੇ ਉਸ ਹੁਕਮਨੇ ਅੰਦ੍ਰ ਦਿਲਦੇ ਦ੍ਰਿੜਤਾ ਬਧੀ । ਭਾਵ । ਜਬ ਅਭ੍ਯਾਸ ਦ੍ਰਿੜ ਹੂਆ । ੧ । ਤਬ ਹੂਆ ਬੀਚ ਦੋਨੋ ਲੋਕਾਂਦੇ ਗਰਦਨਵ ਰਾਜ । ਭਾਵ । ਸਭਥਾਂਸੇਪੂਜਹੂਆ । ੨ । ੪੭੧ ।

(ਮੂਲ) ਈਂ ਵਜੂਦੇ ਮਿਸ ਤੁ ਰਾ ਸਾਜ਼ਦ ਤਿਲਾ ॥
ਈਂ ਤਿਲਾ ਮਾਲੂਮ ਅਜ ਯਾਦੇ ਖੁਦਾ ॥

( ਟੀਕਾ ) ਤਾਂਤੇ ਇਸ ਸ੍ਰੀਰ ਤੇਰੇ ਤਾਂਬੇਕੇ ਤਾਂਈ ਕਰਦੇਂਹਗੇ ਸੋਨਾਰੂਪ ॥ ੧ । ਪ੍ਰਸਨ ਸ੍ਰੀਰਦੇ ਸੋਨਾਰੂਪ ਹੋਨੇਮੈ ਕੋਈ ਦ੍ਰਿਸਟਾਂਤ ਪ੍ਰਮਾਨ ਕਹੀਏ ਜਿਸ ਕਰ ਦ੍ਰਿੜ ਨਿਸਚਾ ਹੋਜਾਵੇ ਕਿਉਂ ਜੋ ਸਮਗ੍ਰ ਸ੍ਰੀਰ ਹਾਡ ਮਾਂਸਕੇ ਦੇਖੀਦੇ ਹੈਂ ਬਸੇਸਤਾ ਕੈਸੇ ਮਾਨੇ ਉਤ੍ਰ ਇਸ ਸ੍ਰੀਰਦਾ ਸੋਨਾਰੂਪ ਹੋਣਾ ਮਾਲੂਮ ਹੋਤਾਹੈ ਵਾਹਿਗੁਰੂ ਕੀ ਭਗਤੀਸੇ । ਪ੍ਰਮਾਨ ਰੇਚਿਤ ਚੇਤ ਚੇਤ ਅਚੇਤ। ਕਹਿਨ ਬਾਲਮੀ ਕਹਿ ਦੇਖ। ਕਿਸਜਾਤਿਤੇ ਕਿਹਪਦਹਿ ਅਮਰਿਓ ਰਾਮ ਭਗਤਿ ਬਸੇਖ । ਸੁਆਨ ਸਤ੍ਰ ਅਜਾਤ ਸਭਤੇ ਕ੍ਰਿਸਨ ਲਾਵੈ ਹੇਤ । ਲੋਕ ਬਪਰਾ ਕਿਆ ਸਰਾਹੇ ਤੀਨ ਲੋਕ ਪ੍ਰਵੇਸ । ਹੋਰ੍ਹ ਆਵ ਦਾਮਨੋ ਛੀਪਤੇ ਹੋਇਓਲਾਖੀਣਾ । ੨ । ੪੭੨ ।

(ਮੂਲ) ਆਂ ਤਿਲਾਂ ਫਾਨੀ ਵਾਸਦ ਮੌਜੇ ਬੋਲਾ ॥
ਈਂ ਤਿਲਾਂ ਬਾਕੀ ਚੁ ਜ਼ਾਤੇ ਕਿਬਰੀਆ ॥

Digitized by Panjab Digital Library | www.panjabdigilib.org

(ਟੀਕਾ) ਓਹ ਜੋ ਪ੍ਰਤਖ ਸੋਨਾ ਦੇਖੀਦਾ ਹੈ ਓਹੁ ਨਾਸ ਹੋਨੇ ਵਾਲਾ ਹੈ ਅਰੁ ਉਸਕੋ ਸੈਕੜੇ ਲਹਰਾਂ ਆਫਤ ਦੀਆਂ ਹੈ। ਭਾਵ। ਪ੍ਰਤਖ ਸੋਨੇ ਕੋ ਚੋਰ ਆਦੀ ਸਭਕਾ ਭੈਬਨਾ ਰੈਤਾ ਹੈ।੧। ਅਰੁ ਇਹ ਸਵਰਨਰੂਪ ਸੰਤ ਭਗਤ ਸਾਬਰਹੈ ਮਾਨਿੰਦ ਸਰੂਪ ਵਾਹਿਗੁਰੂਕੇਕੇ। ਪ੍ਰਮਾਨ। ਬਿਟਪਾ ਬ੍ਰਹਮ ਪ੍ਰਮੇਸੰ ਸੇਵਕ ਥਿਰ ਹੋਸੀ। ਇਸਤੇ ਸੋਨਾਂ ਰੂਪ ਕਹਾ ਹੈ।੨।੪੭੩। *ਮੁਕਬਲਾਂ ਨਾਮ ਪ੍ਰੇਮੀਆਂ ਕੀ ਰੰਗੇ*

(ਮੂਲ) ਦੌਲਤ ਅੰਦਰ ਖਾਕ ਪਾਏ ਮੁਕਬਲਾਂ॥
*ਕੋਰਾਅਰੁ ਆ ਨਾਮ ਉਸਕੋ ਰਾਨਅਤਾਈ। ਨਹੀ ਆਂਵਦਾ ਜ਼ਿਯਾਂ ਨਾਮ ਨੁਕ ਸਾਨ।*
ਦੌਲਤੇ ਕਾ ਰਾ ਨ ਮੇਆਇਦ ਜ਼ਿਯਾਂ॥

(ਟੀਕਾ) ਪੁਨਾ ਇਸਤੇ ਕਹਾਹੈ ਜੋ ਸੁਧਤਾ ਰੂਪ ਅਰੁ ਸਰੂਪਰੂਪੀ ਦੌਲਤ ਪ੍ਰੇਮੀਆਂ ਸੰਤਾਂਕੇ ਚਰਨਾਂਕੀ ਧੂੜੀ ਬੀਰਹੈ। ਭਾਵ। ਧੂੜੀ ਧਾਰਨੇਸੇ ਸਭ ਕੁਛ ਪ੍ਰਾਪਤਿ ਹੋਤਾ ਹੈ।੧। ਪੁਨਾ ਓਹੁ ਦੌਲਤ ਕੈਸੀ ਹੈ। ਜੋ ਉਸਕੇ ਤਾਂਈ ਨਹੀ ਆਂਵਦਾ ਨੁਖਸਾਨ। ਭਾਵ। ਨਾਸ ਨਹੀਹੋਤੀ ਅਰੁ ਕਮਤੀ ਨਹੀ ਹੋਤੀ।੨।੪੭੪। *ਆਕਿਬਤ ਨਾਮ ਓੜਕ ਨੂੰ। ਦੀਦੀ ਨਾਮ ਦੇਖਤੂੰ।*
*ਖ਼ਿਜ਼ਾਏ ਨਾਮ ਉਜਾੜੇਦੇ ਗਾਰ ਨਾਮ ਲਿਆਵ ਨੇ ਵਾਲੀ ਹੈ।*

(ਮੂਲ) ਆਕਿਬਤ ਦੀਦੀ ਖਿਜ਼ਾਏ ਯਾਰ ਗਾਰ॥
*ਨਹੀਂਤਾਂ। ਵਿਚ। ਤਮਾਮ। ਫਸਲੇ ਨਾਮ ਅਤਿ ਦਬਾਰ ਹੈ।*
ਵਰਨਹ ਦਰ ਦੁਨੀਆਂ ਹਮਹ ਫਸਲੇ ਬਹਾਰ॥

(ਟੀਕਾ) ਅਰੁ ਹੇ ਮਿਤ੍ਰਤਾਦੇ ਕਰਨੇਵਾਲੇ ਦੇਖਤੂੰ ਓੜਕਨੂੰ ਏਹ ਪ੍ਰਤਖ ਦੌਲਤ ਉਜਾੜੇਦੇ ਲਿਆਨੇਵਾਲੀ ਹੈ। ਭਾਵ। ਜਬਨਾਸ ਹੋਜਾਤੀਹੈ ਤਬ ਅੰਤਕੋ ਉਸ ਵਕਤ ਦੁਖਹੋਤਾਹੈ।੧। ਨਹੀਤਾਂ ਅਬ ਪ੍ਰਤਖ ਤੋ ਜ਼ਰੂਰ ਬੀਚ ਦੁਨੀਆਂ ਦੇ ਤਮਾਮ ਆਨੰਦ ਬਹਾਰ ਹੈ। ਭਾਵ। ਸਭ ਤਰਾਂਦੇ ਸੁਖਹੀ ਦੇਖੀਦੇਹੈਂ।੨।੪੭੫। ਪ੍ਰਸਨ ਸਦੀਵਕਾਲ ਰੈਨੇ ਵਾਲੀ ਇਸਤੇ ਇਤ੍ਰ ਆਨੰਦਦੀਬਹਾਰ ਕੇਹੜੀਹੈ ਜਿਸਕੋ ਪਾਇਕਰ ਆਨੰਦ ਰੈਤੇਹੈ। ਉਤ੍ਰ
*ਈਂ ਬਹਾਰ ਨਾਮ ਭਜਨ ਸਿਮਰਨ ਰੂਪੀ। ਤਾਜ਼ੀ ਰਹਿਨੇ ਵਾਲੀ ਹੈ। ਅਬਦ ਨਾਮ ਆਦ ਅੰਤ ਤਕ।*

(ਮੂਲ) ਈਂ ਬਹਾਰ ਤਾਜ਼ਹ ਬਾਸਦ ਤਅਬਦ॥
*ਦਾਰ ਨਾਮ ਰਖ। ਜੋ ਖੋਟੇ ਰਸਮਾਂ ਤੇ।*
ਯਾ ਇਲਾਹੀ ਦੂਰ ਦਾਰ ਅਜ਼ ਚਸਮ ਬਦ॥

(ਟੀਕਾ) ਏਹ ਜੋ ਬਹਾਰਹੈ ਆਨੰਦ ਦੀ ਮੌਸਮ ਸੋ ਸਦੀਵਕਾਲ ਹਰੀਕੀ ਪ੍ਰਾਪਤੀ ਹੈ। ਆਦ ਅੰਤ ਸੇ।੧। ਸੋਹਰੀਕੀ ਪ੍ਰਾਪਤੀ ਤਬ ਹੋਤੀਹੈ ਜਬ ਆਪਣੀ ਹੰਗਤਾ ਛਡਕੇ ਪ੍ਰਾਰਥਨਾ ਕਰੈ ਹਰੀ ਅਗੇ। ਜੋ ਹੇ ਅਲਖ ਹਰੀ ਦੂਰਰਖ ਨੇਤ੍ਰਾਂ ਬੁਰਿਆਂ ਸੇ। ਭਾਵ। ਖੋਟੀ ਦ੍ਰਿਸਟੀ ਦੇਖਨੀ ਹਟਾਦੇਹ ਅਰੁ ਕ੍ਰਿਪਾਦ੍ਰਿਸਟਾ ਕਰ ਜਿਸ ਕਰ ਸਦੀਵ ਕਾਲਕਾ ਆਨੰਦ ਪ੍ਰਾਪਤਿ ਹੋਵੈ ਐਸੇ ਕਹਨੇਸੇ ਸਦੀ ਵਾ ਆਨੰਦ ਪਾਕਰ ਆਨੰਦ ਰੈਤੇਹੈਂ।੨।੪੭੬।

Digitized by Panjab Digital Library | www.panjabdigilib.org

**(ਮੂਲ) ਹਰਕਿ ਖਾਕੇ ਪਾਇ ਸਾਂ ਰਾ ਸੁਰਮਹ ਯਾਫਤ ॥**
**ਬਰ ਰੁਖ ਸ ਤਹਕੀਕ ਨੂਰੇ ਮਿਹਰ ਤਾਫਤ ॥**

(ਟੀਕਾ) ਤਾਂਤੇ ਦੇਖੀਏ ਜਿਸ ਕਿਸੀਨੇ ਧੂੜੀ ਚਰਨਾਂ ਉਨਕੀਕਾ ਸੁਰਮਾ ਪਾਯਾ ਹੈ ।੧। ਉਪ੍ਰ ਮੁਖ ਉਨਕੇਕੇ ਨਿਸਚੇਕਰ ਸਰੂਪਕਾ ਸੂਰਜ ਪ੍ਰਕਾਸਿਆ ਹੈ । ਭਾਵ । ਚੇਤਨ ਉਨਕੋ ਸਾਖਯਾਤ ਭਯਾਹੈ ।੨।੪੭੭। ਪ੍ਰਸ਼ਨ ਜਿਨਾ ਕੋ ਸਾ-ਖਯਾਤ ਭਯਾਹੈ ਓਹੁ ਫੇਰ ਕਹਾਂ ਰੈਤੇਹੈਂ ਕਹੀਜੰਗਲ ਯਾ ਪਹਾੜੋਂਮੈ ਯਾ ਕਹੀਂ ਗੁਫਾ ਧਰਤੀਮੈਂ ਲੁਕ ਕਰ ਬੈਠਤੇ ਹੈਂ ਕੇ ਪ੍ਰਗਟਹੀਂ ਕਿਉਂਜੋ ਪ੍ਰਗਟ ਰੈਨੇ ਸੇ ਪਦਾਰਥ ਮੋਹਤ ਕਰਲੇਤੇਹੈਂ ਸਨਕਾਦਕਾਂਵਤ । ਜਬ ਮੋਹਤ ਹੋਗਿਆ ਤਬ ਗਯਾਨ ਨਹੀਰੈਤਾ ਅਛਾਦਨਹੋਜਾਤਾਹੈ ਜਬ ਅਛਾਦਨਹੂਆ ਤਬ ਜੈਸੇ ਪੈਲੇ ਅਗਯਾਤ ਜੀਵਹੈਸੀ ਵੈਸੇਹੀ ਭਯਾ ਤਾਂਤੇ ਏਹ ਨਿਰਨਾ ਕਰ ਕਹੀਏ ਜੀ ਉਤ੍ਰ

**(ਮੂਲ) ਆਰਫ ਅੱਲਾਹ ਦਰ ਦੁਨੀਆਂ ਬਵੰਦ ॥**
**ਦਰ ਹਕੀਕਤ ਤਾਲਬੇ ਮੌਲਾ ਬਵੰਦ ॥**

(ਟੀਕਾ) ਗਯਾਨਵਾਨ ਅਲਖ ਵਾਹਿਗੁਰੂਕੇ ਬੀਚਸੰਸਾਰਦੇਅਰੁ ਪਦਾਰਥਾਂ ਦੇਹੀ ਰੈਤੇਹੈਂ । ਭਾਵ । ਜਿਨਕੋ ਸਾਖਯਾਤ ਭਯਾਹੈਓਹੁਸਬਥਾਂਵਾਂਮੈ ਪੂਰਨ ਜਾਨਨੇ ਤੇ ਫੇਰ ਪਦਾਰਥਾਂਮੈ ਖਚਤ ਨਹੀ ਹੋਤੇ ਇਸਤੇ ਬੀਚਹੀਰੈਤੇਹੈਂ ਪੁਨਾ ਅਡੋਲ ਬ੍ਰਿਤੀ ਰਖਨ ਵਾਸਤੇ ਸਾਧਨ ਕਰਤੇ ਹੈਂ ।੧। ਅਰੁ ਬੀਚ ਹ੍ਰਿਦੇਕੇ ਇਛਿਆ ਵਾਨ ਬ੍ਰਹਮਕੇਹੀ ਰੈਤੇਹੈਂ । ਭਾਵ । ਬ੍ਰਿਤੀਕੋ ਬ੍ਰਹਮਾਕਾਰਹੀ ਰਖਤੇ ਹੈਂ ਇਸ ਤੇ ਲੁਕਤੇ ਨਹੀ ।੨।੪੭੮।

**(ਮੂਲ) ਜ਼ਿਕਰ ਮੌਲਾ ਦਮ ਬ ਦਮ ਦਰ ਜਾਨਿ ਓ ॥**
**ਆਇਤੇ ਨਾਮੇ ਖੁਦਾ ਦਰ ਸ਼ਾਨਿ ਓ ॥**

(ਟੀਕਾ) ਪੁਨਾ ਭਜਨ ਬ੍ਰਹਮਕਾ ਸੁਆਸਾਂਸਰ ਅੰਦਰ ਦੇਹ ਅਰੁ ਬੁਧੀ ਉਨਕੀ ਕੇ ਰੈਤਾਹੈ । ਭਾਵ । ਹਰ ਵਖਤ ਭਜਨ ਕਰਤੇਹੈਂ ਐਸੇ ਓਹੁ ਸੰਤ ਪਦਾਰਥ ਕਾਰ ਬੁਧੀ ਨਹੀ ਕਰਤੇ ਕਿਉਂਜੋ ਪਦਾਰਥਾਂਕੀ ਭਾਵਨਾਂਹੀ ਉਠਾਦੇਤੇਹੈਂ ।੧। ਇਸਤੇ ਪੌੜੀ ਵਾਹਿਗੁਰੂਦੇ ਨਾਮਦੀ ਅੰਦਰ ਵਡਿਆਈ ਉਨਕੀਕੇਹੈ । ਭਾਵ । ਐਸੇ ਸੰਤਾਂ ਕੀ ਉਸਤਤਿ ਕਰਨੇਸੇ ਹਰੀਕੇ ਨਾਮਕਾ ਅਭਯਾਸ ਮਿਲਤਾ ਹੈ ਹੋਰ ਪ੍ਰਮੇਸਰ ਕੀ ਪ੍ਰਗਟਤਾ ਹੋਤੀਹੈ ।੨।੪੭੯।

**(ਮੂਲ) ਹਰ ਨਫਸ ਦਾਰੰਦ ਦਿਲ ਰਾ ਸੂਇ ਹਕ ॥**

Digitized by Panjab Digital Library | www.panjabdigilib.org

## ਸੂਦ ਮੁਅੱਤਰ ਮਗਜ਼ ਸਾਂ ਅਜ਼ ਬੂਇ ਹਕ ॥

(ਟੀਕਾ) ਹਰਇਕ ਸੁਆਸ ਰਖਤੇ ਹੈਂ ਦਿਲਕੇ ਤਾਂਈ ਤਰਫ ਸਚੇਕੀਕੇ ।ਭਾਵ। ਬ੍ਰਹਮਮੇ ਲੀਨਰੈਤੇਹੈਂ ।੧। ਪੁਨਾ ਹੂਆਹੈ ਲਤਾਲਬ ਜਿਦਾ ਉਨਾ ਕਾ ਸੁਗੰਧੀ ਸਚੇਕੀਸੇ। ਭਾਵ । ਭਗਤੀਸੇਂ ਪੂਰਨ ਰੈਤੇਹੈਂ ਮਨਤਨਕਰਕੇ ਇਸਤੇ ਉਨਾਂਪਰ ਕੋਈ ਪਦਾਰਥ ਵਿਸਾ ਬਲ ਨਹੀ ਪਾਸਕਤਾ ਬੀਚ ਰਹਨੇ ਮੈਭੀ ਪੁਨਾ ਭਗਤੀ ਇਸਤ੍ਰੀਕਹੀਹੈ ਅਰੁ ਮਾਯਾਭੀ ਇਸਤ੍ਰੀਹੈ ਤਾਂਤੇ ਇਸਤ੍ਰੀ੨ ਕੇ ਭੇਦਕੋ ਜਾਨਤੀਹੈ ਇਸਤੇ ਭਗਤੀ ਵਾਲੇ ਜੜ ਚੇਤੰਨ ਮਾਯਾਮੇ ਖਚਤ ਨਹੀ ਹੋਤੇ। ਅਰੁ ਜੇਕਰ ਕਹੋ ਇਸਤ੍ਰੀ ਹੋਨੇਤੇਭੀ ਮਾਯਾਬਲੀਹੈ ਤੋਇਸਮੈ ਬਾਤ ਸੁਨੋ ਯਦਪ ਮਾਯਾ ਬਲੀਹੈ ਪਰ ਮਾਯਾ ਈਸਰਕੀ ਛਟਣ ਇਸਤ੍ਰੀ ਹੈ। ਜੈਸੇ ਛੁਟਣ ਇਸਤ੍ਰੀ ਛਲਵਲ ਜਾਦੂ ਟੂਣਾ ਕਰਕੇ ਪਤੀਕੋ ਅਧੀਨ ਰਖਤੀਹੈ ਪਰ ਵਾਸਤਵਤੇ ਪਤੀਕੀ ਪ੍ਰਸੰਨਤਾ ਉਸੁਪਰ ਨਹੀ ਹੋਤੀ ਅਰੁ ਪਤੀਕੀ ਪ੍ਰਸੰਨਤਾ ਪਤਿਬ੍ਰਤੁਪਰ ਹੋਤੀਹੈ ਤਾਂਤੇ ਪਤਿਬ੍ਰਤ ਇਸਤ੍ਰੀ ਹਰੀਕੀ ਤੋ ਭਗਤੀਹੀਹੈ ਸਿਧਾਂਤ। ਜਿਸੁਪਰਪਤੀਕੋਪ੍ਰਸੰਨਤਾ ਹੋਤੀਹੈ ਓਹੀ ਬਲੀ ਹੋਤੀਹੈ ਕਿਉਜੋ ਪਤੀ ਉਸਕਾ ਕੈਣਾ ਮਾਨਤਾਹੈ ਮੋੜਤਾ ਕਭੀਭੀ ਨਹੀਹੈ ਇਸ ਜੁਗਤੀ ਸੇ ਭਗਤੀ ਬਲੀਹੈ ਇਸ ਕਰ ਭਗਤ ਗਿਆਨੀ ਪਰ ਮਾਯਾਕਾਭੀ ਬਲ ਨਹੀ ਪੜਤਾ ਜਬ ਮਾਯਾਕਾ ਬਲਨਾਪੜਾਤਬਫਿਰ ਤੋ ਨਿਰਸੰਸਨਿਰਲੇਪਹੀਭਏ। ੨।੪੯੦। ਸਿਧਾਂਤ

## [ਮੂਲ] ਹਰ ਦਮੇ ਕੋਬਾ ਖੁਦਾ ਵਾਸਲ ਬਵੱਦ ॥
## ਹਾਸਲੇ ਈਂ ਉਮਰ ਰਾ ਹਾਸਲ ਬਵੱਦ ॥

[ਟੀਕਾ]ਇਸਰੀਤੀਕੋ ਜਾਨਕੈ ਹਰ ਇਕ ਸੁਆਸ ਜੋ ਸਾਥ ਮਾਲਕਦੇ ਮਿਲਨੇ ਵਾਲਾ ਹੂਆਹੈ। ਭਾਵ। ਸੁਆਸ ੨ ਜੋ ਪਤੀ ਵਾਹਿਗੁਰੂਦਾ ਭਜਨ ਕਰਦਾ ਹੈ ਸੰਤਾਂ ਸਮ। ੧। ਨਫਾ ਇਸ ਅਵਸਥਾਦਾ ਪ੍ਰਾਪਤਿ ਹੂਆਹੈ ਉਸਨੂੰ। ਭਾਵ। ਉਸਦੀ ਅਵਸਥਾ ਸਫਲ ਹੋਈਹੈ। ੨।੪੯੧।

## (ਮੂਲ) ਹਾਸਲੇ ਈਂ ਉਮਰ ਪੇਸੇ ਮੁਰਸ਼ਦ ਅਸਤ ॥
## ਨਾਮ ਹਕ ਚੂ ਬਰ ਜ਼ੁਬਾਂਨਸ ਵਾਰਦ ਅਸਤ ॥

( ਟੀਕਾ ) ਤਾਂਤੇ ਹੇ ਭਾਈ ਨਫਾ ਇਸ ਅਵਸਥਾਦਾਪਾਸਗੁਰਾਂਕੇਹੈ। ੧। ਕਿਉਜੋ ਨਾਮ ਸਚੇਕਾ ਉਪ੍ਰਰਸਨਾਂ ਉਨਕੀਕੇ ਬਰਸਤਾ ਹੈ ।ਭਾਵ। ਗੁਰੂ ਆਪ ਨਾਮਜਪਤੇਹੈਂ ਅਰੁ ਜਗਿਆਸੂਆਂ ਕੋ ਉਪਦੇਸ ਕਰਤੇ ਹੈਂ ਤਾਂਤੇ ਉਨਕੋ ਮਿਲ। ੨। ੪੯੨।

Digitized by Panjab Digital Library | www.panjabdigilib.org

**(ਮੂਲ) ਮੁਰਸ਼ਦੇ ਕਾਮਲ ਬਵੱਦ ਦੀਦਾਰ ਹਕ ॥**
**ਕਜ਼ ਜ਼ੁਬਾਂਨ ਸ ਬਿਸਨਵੀ ਗੁਫਤਾਰ ਹਕ ॥**

[ ਟੀਕਾ ] ਐਸੇਭਜਨਵਾਨ ਸਾਧਨ ਸੰਪੰਨ ਪੂਰਨਗੁਰਾਂਕਾ ਦਰਸ਼ਨ ਜੋਹੈ ਏਹੀ ਸਚੇ ਪ੍ਰਮੇਸਰਦਾ ਦਰਸਨ ਹੈ। ੧। ਤਾਂਤੇ ਜੋ ਰਸਨਾ ਉਨਕੀ ਸੇ ਸੁਣਤੂੰ ਬਾਣੀ ਸਚੇਕੀ। ਭਾਵ। ਗੁਰਾਂਕਾ ਉਪਦੇਸ ਜਾਕਰ ਲੇਹ ਜਬ ਉਪਦੇਸ ਲੇਕਰ ਅਭ੍ਯਾਸ ਕਰੈਂ ਤਾਂ ਬ੍ਰਹਮ ਰੂਪਹੀ ਹੋਜਾਵੈ। ੨। ੪੯੩।

**(ਮੂਲ) ਸੂਰਤੇ ਹਕ ਮੁਰਸ਼ਦੇ ਕਾਮਿਲ ਬਵੱਦ ॥**
**ਨਕਸ ਓ ਦਾਇਮ ਦਰੂਨੇ ਦਿਲ ਬਵੱਦ ॥**

[ ਟੀਕਾ ] ਜੁਗਤੀ ਪ੍ਰਾਪਤੀ ਸਚੇਕੀਐ ਪੂਰਨ ਗੁਰਾਂਸੇ ਹੈ ਅਥਵਾ ਤੁਰਾਂ ਸਚੇ ਕੀਜੋਹੈ ਓਹੀ ਪੂਰਨ ਗੁਰਾਕੀਹੈ। ੧। ਕਿਉਂ ਜੋ ਸਰੂਪ ਉਸਕਾ ਹਮੇਸ਼ਾਂ ਗੁਰਾਂ ਮੈਂ ਤਾਂ ਕੇ ਦਿਲਦੇ ਅੰਦਰ ਹੈ। ਭਾਵ। ਸਰੂਪ ਕੀ ਸਾਖਯਾਤਤਾ ਕਰ ਬ੍ਰਹਮ ਰੂਪਹੈਂ। ੨। ੪੯੪।

**(ਮੂਲ) ਨਕਸ ਓ ਚੂੰ ਦਰ ਦਿਲੇ ਕਸ ਜਾ ਕੁਨੱਦ ॥**
**ਹਰਫਿ ਹਕ ਅੰਦਰ ਦਿਲ ਸ ਮਾਵਾ ਕੁਨੱਦ ॥**

[ ਟੀਕਾ ] ਤਾਂਤੇ ਸਰੂਪ ਉਸਕਾ ਜਬ ਅੰਦਰ ਦਿਲ ਕਿਸੀਦੇ ਜਾਗਾ ਕਰਤਾ ਹੈ। ੧। ਤਬ ਨਾਮ ਸਚੇਕਾ ਬ ਚ ਦਿਲ ਉਸਕੇਕੇ ਵਤਨ ਕਰਤਾਹੈ। ਭਾਵ। ਜਿਸਕੋ ਗੁਰ ਉਪਦੇਸਕੇ ਅਭਯਾਸ ਕਰਨੇਤੇ ਸਰੂਪ ਕੀ ਸਾਖਯਾਤ ਕਾਰਤਾ ਭਏ ਹੈ ਉਸਕੀ ਬ੍ਰਹਮਾਕਾਰ ਬਿਰਤੀ ਹੋਜਾਤੀ ਹੈ। ੨। ੪੯੫। ਅਬ ਗ੍ਰੰਥ ਕੀ ਸਮਾਪਤੀ ਮੈ ਜਗਯਾਸੂਕੇ ਪ੍ਰਸਨ ਅਨਸਾਰ ਆਪਣੀ ਇਛਿਆ ਅਰੁ ਗ੍ਰੰਥਕਾ ਕਾਰਨ ਅਰੁ ਨਾਮ ਅਰੁ ਗ੍ਰੰਥ ਕੀ ਮਹੱਤਤਾ ਅਰੁ ਗ੍ਰੰਥਕਾ ਫਲ ਬਰਨਨ ਕਰਤੇ ਹੈਂ।

**। ਮੂਲ । ਖਾਸਤ ਮ ਤਰਤੀਬ ਈਂ ਦੁਰ ਦਾਨਹ ਰਾ ॥**
**ਕਾਂਸਨਾ ਸਾਜਦ ਦਿਲੇ ਬੇਗਾਨਹ ਰਾ ॥**

( ਟੀਕਾ ) ਚਾਹ ਕਰਕੇ ਬਣਾਯਾਹੈ ਮੈਨੇ ਇਸ ਮੋਤੀਦਾਣੇਕੇ ਤਾਂਈ ਭਾਵ। ਇਸ ਗ੍ਰੰਥ ਕੋ ਬਣਾਯਾਹੈ ਮੈਨੇ ਪ੍ਰੇਮਸੇ। ੧। ਜੋ ਵਾਕਫ ਕਰਨੇ ਵਾਲਾਹੈ ਅਗਯਾਤ ਜੀਵਾਂਕੇ ਤਾਂਈ। ਭਾਵ। ਪ੍ਰਮੇਸਰਸੇ ਪ੍ਰੇਮੀ ਕਰਨੇਵਾਲਾਹੈ

Digitized by Panjab Digital Library | www.panjabdigilib.org

ਅਰ ਕਰ ਦੇਵੇਗਾ ਏਹ ਗ੍ਰੰਥ ॥ ੨॥੪੯੬॥

(ਮੂਲ) ਆਬਹੈਵਾਂ ਪੁਰ ਸੁਦਹ ਚੂੰ ਜਾਮਿ ਓ ॥
ਜਿੰਦਗੀ ਨਾਮਾ ਸੁਦਹ ਜਾਂ ਨਾਮਿ ਓ ॥

(ਟੀਕਾ) ਕਿਉਂ ਜੋ ਉਸ ਰਖਕੇ ਕਾ ਨਾਮ ਰੂਪੀ ਅੰਮ੍ਰਿਤ ਪੂਰਿਆ ਹੂਆ ਹੂਆ ਹੈ ਇਸ ਗ੍ਰੰਥ ਰੂਪੀ ਪਿਆਲੇ ਮੈਂ ॥੧॥ ਇਸੇ ਵਾਸਤੇ ਜਿੰਦਗੀ ਨਾਮਾ ਨਾਮ ਹੂਆ ਹੈ ਇਸ ਗ੍ਰੰਥ ਕਾ । ਦ੍ਰਿਸ਼ਟਾਂਤ । ਜੈਸੇ ਅੰਮ੍ਰਿਤ ਪੀਨੇ ਸੇ ਅਮ੍ਰਿਤ ਹੋਤਾ ਹੈ ਐਸੇ ਵਾਹਿਗੁਰੂ ਕੇ ਨਾਮ ਸੇ ਜੀਵਨਾਂ ਹੋਤਾ ਹੈ ਸੋ ਨਾਮ ਇਸ ਮੈ ਪਰਨ ਹੈ ॥ ੨ ॥ ੪੯੭ ॥

(ਮੂਲ) ਕਜ ਤਕਲਮ ਬੂਇ ਇਰਫਾਂ ਆਇਦਸ ॥
ਵਜ ਦਿਲੇ ਆਲਮ ਗਿਰਹ ਬੁਕੁਸਾਇਦਸ ॥

(ਟੀਕਾ) ਪੁਨਾ ਜੋ ਇਸਮੈਂ ਬਾਣੀ ਹੈ ਇਸ ਸੇਂ ਗਿਆਨ ਦੀ ਸੁਗੰਧੀ ਆਂਵਦੀ ਹੈ । ਭਾਵ । ਜੈਸੇ ਨਾਮ ਕੇ ਜਪਨੇ ਸੇ ਗਜਾਨ ਹੋ ਆਂਵਦਾ ਹੈ ਐਸੇ ਇਸ ਗ੍ਰੰਥ ਸੇ ਗਜਾਨ ਹੋ ਆਵੇਗਾ ॥ ੧ ॥ ਪੁਨਾ ਸੰਸਾਰ ਦੇ ਦਿਲ ਸੇਂ ਗੰਢ ਖੋਲਨੇ ਵਾਲਾ ਹੈ । ਭਾਵ ਜੈਸੇ ਨਾਮ ਸੇ ਜੜ੍ਹ ਚੇਤਨ ਦੀ ਗੰਢ ਖੁਲਦੀ ਹੈ ਐਸੇ ਇਸ ਗ੍ਰੰਥ ਸੇ ਸਭ ਅਸਭ ਕੀ ਗਜਾਤ ਹੋ ਆਵੇਗੀ ॥੨॥ ੪੯੮ ॥

(ਮੂਲ) ਹਰਕਿ ਖਾਨਦ ਅਜ ਰਹੇ ਲੁਤਫੋ ਕਰਮ ॥
ਗਰਦਦੀਸ ਦਰ ਰਾਹਿ ਇਰਫਾਂ ਮੁਹਤਰਿਮ ॥

(ਟੀਕਾ) ਪੁਨਾ ਜੋ ਕੋਈ ਪੜ੍ਹੇਗਾ ਰਸਤੇ ਸੇ ਮੇਹਰਬਾਨੀ ਅਰ ਕ੍ਰਿਪਾਕੇ ਭਾਵ ਦਿਲ ਲਗਾਕਰ ਪ੍ਰੇਮ ਸੇ ॥੧॥ ਹੋਵੇਗਾ ਓਹ ਬੀਚ ਰਸਤੇ ਗਜਾਨ ਵਾਨਾਂ ਦੇ ਪਤ ਅਰ ਹਰਮਤ ਵਾਲਾ ॥ ੨ ॥ ੪੯੯ ॥

(ਮੂਲ) ਹਸਤ ਜਿਕਰੇ ਆਰਫਾਂਨ ਪਾਕ ਰਾ ॥
ਆਂ ਕਿਓ ਰੌਸਨ ਕੁਨਦ ਇਦਰਾਕਰਾ ॥

(ਟੀਕਾ) ਪੁਨਾ ਭਜਨ ਪਵਿਤ੍ਰ ਗਜਾਨਵਾਨਾ ਦਾ ਏਹ ਗ੍ਰੰਥ ਹੈ ਅਰ ਇਸ ਗ੍ਰੰਥ ਮੈਂ ਲਿਖਿਆ ਹੈ ॥ ੧ ॥ ਪੁਨਾ ਓਹ ਜੋ ਪ੍ਰਕਾਸ਼ਵਾਨ ਕਰਦੇ ਹੈਂ ਬੁਧੀ ਕੇ ਤਾਈਂ ਉਸਦੇ ਭਜਨ ਸੇਂ ਐਸੇ ਏਹ ਗ੍ਰੰਥਪ੍ਰਕਾਸ਼ ਕਰਨੇਵਾਲਾਹੈ।੨॥੫੦੦

ਪ੍ਰਸ਼ਨ । ਜਬ ਭਾਈ ਨੇ ਗ੍ਰੰਥ ਕੀ ਐਸੀ ਉਪਮਾ ਕਰੀ ਤਬ ਇਕ ਵਾਦੀ ਪਾਸ ਤੇ ਸੁਨਕਰ ਕਹਤਾ ਹੈ ਜੋ ਆਪਨੇ ਕਹਾ ਹੈ ਇਸ ਗ੍ਰੰਥ ਸੇ ਹ੍ਰਿਦੇ ਮੈ ਪ੍ਰਕਾਸ਼ ਹੋਤਾ ਹੈ ਸੋ ਪ੍ਰਕਾਸ਼ ਤੋ ਉਸਸੇ ਹੋਤਾ ਹੈ ਜਿਸਮੈ ਕੇਵਲ ਹਰੀ ਕਾ

Digitized by Panjab Digital Library | www.panjabdigilib.org

ਨਾਮ ਹੋਵੇ ਪਰ ਕੇਵਲ ਨਾਮ ਹੋਤਾ ਨਹੀ ਕੈਸੇ ਜੋ ਗ੍ਰੰਥੋਂ ਮੈ ਸਭ ਵਿਸ਼ੇ ਕਾਬ ਆਦੀ ਹੋਤੇ ਹੈਂ ਸੋ ਕਾਬ ਕੋ ਸੁਨਕੈ ਮਨ ਚੰਚਲ ਹੋਤਾ ਹੈ ਜਬ ਮਨ ਚੰਚਲ ਹੂਆ ਤਬ ਮਲਨ ਤਾਂਤੇ ਮਲਨ ਹੂਆ ਮਨਮੈ ਪ੍ਰਕਾਸ਼ ਨਹੀ ਹੋਤਾ ਏਹ ਨਿਰਨਾ ਕਰ ਕਹੀਏ ਜੀ ॥ ਉਤਰ

**( ਮੂਲ ) ਨੇਸਤ ਦਰ ਵੈ ਮੁੰਦਰਿਜੇਏ ਬਾ ਖਬਰ ॥**
**ਗੈਰ ਹਰਫੇ ਬੰਦਗੀ ਹਰਫੇ ਦਿਗਰ ॥**

(ਟੀਕਾ) ਨਹੀ ਹੈ ਬੀਚ ਇਸ ਗ੍ਰੰਥ ਦੇ ਲਿਖਿਆ ਹੂਆ ਐ ਪਿਆਰੇ ਸਾਬ ਕਜਾਤ ਦੇ ਦੇਖ ॥ ੧ ॥ ਪੁਨਾ ਨਿਗਾਸੇ ਦੇਖ ਜੋ ਬਿਨਾ ਨਾਮ ਭਗਤੀ ਦੇ ਨਾਮ ਦੂਸਰੇ ਦਾ ਨਹੀ। ਭਾਵ ਇਸਮੈ ਦੇਵੀਦੇਵਤੇ ਦੀ ਉਪਾਸ਼ਨਾ ਨਹੀਂ ਲਿਖੀ ॥ ੨ ॥ ੪੯੧ ॥

**( ਮੂਲ ) ਯਾਦਿਹਕ ਸਰਮਾਯਹੇ ਰੌਸਨ ਦਿਲੀਸਤ ॥**
**ਗੈਰ ਯਾਦੇ ਹਕ ਹਮਹ ਬੇ ਹਾਸਲੀਸਤ ॥**

(ਟੀਕਾ) ਪੁਨਾ ਦਿਲਾਂ ਦੇ ਪ੍ਰਕਾਸ਼ ਮਾਨ ਕਰਨੇ ਵਾਲੀ ਸਚੇ ਕੀ ਭਗਤੀ ਰੂਪੀ ਪੂੰਜੀ ਹੈ ਇਸ ਗ੍ਰੰਥ ਮੈਂ ॥ ੧ ॥ ਪ੍ਰਸ਼ਨ-ਆਪ ਨੇ ਤੋ ਸਾਰੇ ਗ੍ਰੰਥ ਮੈ ਕੇਵਲ ਭਗਤੀ ਕਰਨੀ ਹੀ ਲਿਖੀ ਹੈ ਪਰੰਤੂ ਹੋਰ ਗ੍ਰੰਥਾਂ ਮੈਂ ਅਨੇਕ ਪ੍ਰਕਾਰ ਦੇ ਕਰਮ ਕਰਨੇ ਭੀ ਜੀਵਾਂ ਵਾਸਤੇ ਸੰਸਾਰ ਮੈ ਲਿਖੇ ਹੈਂ ਤਾਂਤੇ ਆਪਕੋ ਉਹ ਭੀ ਲਿਖਨੇ ਚਾਹੀਦੇਸੇ॥ ਉਤਰ-ਹੇਭਾਈ ਬਿਨਾ ਭਗਤੀ ਸਚੇ ਕੀ ਸੇ ਤਮਾਮ ਕਰਮ ਬੇ ਨਫਾ ਹੀ ਹੈਂ ॥(ਪਰਮਾਨ)ਹਰਿ ਬਿਨ ਅਵਰ ਕ੍ਰਿਆ ਬਿਰਥੇ ॥ ੨ ॥ ੪੯੨ ॥

**( ਮੂਲ ) ਹਰਫ ਦੀਗਰ ਨੇਸਤ ਗੈਰ ਅਜ ਯਾਦਿਹਕ ॥**
**ਯਾਦਿ ਹਕ ਹਾਂ ਯਾਦਿ ਹਕ ਹਾਂ ਯਾਦਿ ਹਕ ॥**

( ਟੀਕਾ) ਇਸਤੇ ਨਾਮ ਦੂਸਰਾ ਨਹੀਂ ਲਿਖਾ ਹੈ ਇਸ ਗ੍ਰੰਥ ਮੈ ਬਿਨਾ ਭਗਤੀ ਸਚੇਕੀ ਸੇ।੧॥ਤਾਂਤੇ ਭਗਤੀ ਸਚੇਕੀ ਚਾਹੀਏ ਅਤਿਸੈ ਕਰਕੇ ੨ ਭਗਤੀ ਸਚੇ ਕੀ ਚਾਹੀਏ ॥ ੨॥ ਸਿਧਾਂਤ ਉਪਕ੍ਰਮ ਉਪਸੰਹਾਰ ਰੀਤੀ ਸੇ ਸਮਾਪਤਿ ਕਰਦੀਆ ਏਹ ਗ੍ਰੰਥ ॥ ੪੯੩ ॥

ਅਬ ਅਗੇ ਪਰਉਪਕਾਰ ਦ੍ਰਿਸਟੀ ਲੇਕਰ ਜੀਵਾਂ ਕੋ ਅਸਮਰਥ ਪ੍ਰਾਧੀਨ ਜਾਨਕੈ ਗ੍ਰੰਥ ਕੀ ਸਮਾਪਤੀ ਕੇ ਅੰਤਮੈ ਅਸੀਰਵਾਦ ਮੰਗਲ ਕਹਤੇ ਹੈਂ ਅਰੁ ਜਿਸਮੈ ਆਪਣੀ ਭੀ ਨਿੰਮ੍ਰਤਾ ਬੇਨਤੀ ਕਰੀ ਹੈ ॥

Digitized by Panjab Digital Library | www.panjabdigilib.org

(ਮੂਲ) ਯਾ ਇਲਾਹੀ ਹਰ ਦਿਲੇ ਪਯ ਮੁਰਦਹਰਾ।
ਸਬਜ਼ ਕੁਨ ਹਰ ਖਾਤਰੇ ਅਫ਼ਸੁਰਦਹ ਰਾ।

(ਟੀਕਾ) ਹੇ ਅਲੱਖ ਵਾਹਿਗੁਰੂ ਤਮਾਮ ਦਿਲਾਂ ਮਾਨਿੰਦ ਮੁਰਦਿਆਂ ਕੇ ਤਾਂਈ ਸਬਜ ਕਰ ॥ ੧ ॥ ਪੁਨਾ ਤਮਾਮ ਹਿਰਦਿਆਂ ਸੜਿਆਂ ਹੋਯਾਂ ਕੇ ਤਾਂਈ ਹਰਾ ਕਰ। ਭਾਵ। ਜੋ ਪ੍ਰੇਮੀ ਕਰੈਂ ਤਾਂ ਤੇਰੇ ਭਜਨ ਮੈ ਲਗੈਂ ਅਰੁ ਇਨਾਂ ਕਾ ਭਲਾ ਹੋਵੈ॥ ਸਬਜ ਕੁਨ ਪਦ ਦੇਹੁਲੀ ਦੀਪ ਵਤ ਜਾਨੋ ॥ ੨ ॥੪੯੪

(ਮੂਲ) ਯਾ ਇਲਾਹੀ ਯਾਵਰੀ ਕੁਨ ਬੰਦਹ ਰਾ॥
ਸੁਰਖਰੂ ਕੁਨ ਹਰ ਦਿਲੇ ਸ਼ਰਮਿੰਦਹ ਰਾ॥

(ਟੀਕਾ) ਪੁਨਾ ਹੇ ਵਾਹਿਗੁਰੂ ਤੂੰ ਸਹਾਇਤਾ ਕਰ ਬੰਦਿਆਂ ਦੀ। ਭਾਵ ਤੇਰੀ ਸਹਾਇਤਾ ਕਰਕੇ ਵਿਕਾਰਾਂ ਤੇ ਰੈਹਤ ਹੋਵੈਂਗੇ ॥ ੧ ॥ ਪੁਨਾ ਤੂੰ ਸਨਮੁਖ ਕਰ ਤਮਾਮ ਜੀਵਾਂ ਸ਼ਰਮਿੰਦਿਆ ਕੇ ਤਾਂਈ। ਭਾਵ। ਏਹ ਜੀਵ ਵਿਕਾਰਾਂ ਤੇ ਹਟਕਰ ਗੁਰਾਂ ਕੇ ਸਨਮੁਖ ਹੋਵੈਂ ਤੇ ਭਜਨ ਕਰੈਂ ॥੨॥ ੪੯੫ ॥

(ਮੂਲ) ਦਰ ਦਿਲੇ ਗੋਯਾ ਹਵਾਇ ਸ਼ੌਕ ਬਖਸ਼॥
ਬਰ ਜ਼ਬਾਨਸ਼ ਜ਼ਰ੍ਹਹ ਅਜ਼ ਜ਼ੌਕ ਬਖਸ਼॥

(ਟੀਕਾ) ਗੋਯਾ ਭਾਈ ਜੀ ਕਹਿੰਦੇ ਹੈਂ ਜੋ ਹੇ ਵਾਹਿਗੁਰੂ। ਬੀਚ ਦਿਲਾਂ ਦੇ ਇਛਿਆ ਪ੍ਰੇਮ ਦੀ ਦੇਹ। ਭਾਵ। ਜਿਸ ਪ੍ਰੇਮ ਕੋ ਪਾਕਰ ਬ੍ਰਿਤੀ ਇਕਾਗ੍ਰ ਹੋ ਜਾਵੈ ॥ ੧ ॥ ਪੁਨਾ ਜੀਵਾਂ ਕੀ ਰਸਨਾ ਉਪ੍ਰ ਕਿਣਕਾ ਭਰ ਚਾਉ ਦੇਹ। ਭਾਵ। ਉਤਸ਼ਾਹ ਦੇਹ ਜਿਸ ਕਰ ਜੀਵ ਮਿਠਾ ਬੋਲੈਂ ਅਰੁ ਸਭ ਸੇ ਹਿਤ ਕਰੈਂ ॥੨॥ ੪੯੬ ॥ ਜੀਵਾਂ ਵਾਸਤੇ ਸੰਕੇਤਕ ਬਾਤ ਕਹਤੇ ਹੈਂ ॥

(ਮੂਲ) ਤਾ ਨ ਬਾਸ਼ਦ ਵਿਰਦਿ ਆਂ ਜੁਜ਼ ਯਾਦਿ ਹਕ॥
ਤਾ ਨ ਖ਼ਾਨਦ ਗ਼ੈਰ ਹਕ ਦੀਗਰ ਸਬਕ॥

(ਟੀਕਾ) ਜੋ ਜੀਵ ਦੁਧਾ ਭਾਵ ਮੈ ਲਗੇ ਹੋਏ ਹੈਂ ਉਨਾਂ ਜੀਵਾਂ ਕਾ ਜਬ ਤਕ ਨਾ ਹੋਵੈ ਵਿਰਦਿ ਨੇਮ ਸਚੇ ਕੀ ਭਗਤੀ ਬਿਨਾ। ਭਾਵ। ਜਬ ਤਕ ਦੇਵਤਿਆਂ ਕੀ ਉਪਾਸਨਾਂ ਕੇ ਤਿਆਗਨ ਕਾ ਸੰਕਲਪ ਦ੍ਰਿੜ ਨਹੀ ਹੁੰਦਾ ॥ ੧ ॥ ਤਬ ਤਕ ਨਾਂ ਪੜ੍ਹੈਂ ਬਿਨਾਂ ਸਚੇ ਕੀ ਭਗਤੀ ਸੇ ਦੂਜੀ ਸੰਥਾ। ਭਾਵ। ਤਬ ਤਕ ਸਚੇ ਕੀ ਭਗਤੀ ਕੇ ਗ੍ਰੰਥੋਂ ਕੀ ਕਥਾ ਬਾਰਤਾ ਪੜ੍ਹੈਂ ਸੁਣਾਵਣਾਂ ਕਰੈਂ ਸੁਨੈ ਧਾਰੈਂ ਜਿਸ ਕਰ ਜੀਵਾਂ ਕੇ ਹਿਰਦੇ ਮੈ ਭਗਤੀ ਕਾ ਨਿਸਚਾ ਦ੍ਰਿੜ ਹੋਣੇ ਤੇ ਜੀਵ ਮੋਖ ਹੋ ਜਾਵੈਂ ਤੇ ਜੂਨਾਂ ਮੈ ਫੇਰ ਨਾਂ ਭਟਕੈਂ ॥੨॥੪੯੭ ॥

Digitized by Panjab Digital Library | www.panjabdigilib.org

(ਮੂਲ) ਤਾ ਨਗੀਰਦ ਗੈਰ ਨਾਮੇ ਜ਼ਿਕਰ ਹਕ ॥
ਤਾ ਨ ਗੋਇਦ ਹਰਫ ਗੈਰ ਅਜ਼ ਫਿਕਰ ਹਕ ॥

(ਟੀਕਾ) ਪੁਨਾ ਜਬ ਨੇਮ ਦ੍ਰਿੜ ਹੋਜਾਵੈ ਤਬ ਨਾਂ ਪਕੜੈ ਨਾਮ ਦੂਸਰਾ ਬਿਨਾਂ ਭਜਨ ਸਚੇਕੇ ਸੇ ॥ ਭਾਵ । ਵਾਹਿਗੁਰੂ ਕਾ ਹੀ ਭਜਨ ਕਰੈਂ ਹੋਰ ਕਾ ਨਾਮ ਨਾਂ ਲੇਵੈਂ ॥੧॥ ਪੁਨਾ ਜਬ ਨੇਮ ਦ੍ਰਿੜ ਹੋਜਾਵੈ ਭਜਨ ਕਾ ਜੀਵਾਂ ਕੋ ਤਬ ਨਾਂ ਪੜੈਂ ਹੋਰ ਅਖਰ ਬਿਨਾਂ ਸਚੇਕੇ ਧਯਾਨ ਸੇ॥ ਭਾਵ । ਵਾਹਿਗੁਰੂ ਕੇ ਭਜਨ ਤੇ ਧਯਾਨ ਬਿਨਾਂ ਹੋਰ ਗ੍ਰੰਥ ਨਾ ਪੜੈਂ ਜੇਕਰ ਪੜਨਾ ਚਾਹਵੈ ਤਾਂ ਓਹੀ ਗ੍ਰੰਥ ਪੜ੍ਹੈਂ ਜਿਸਕਰ ਵਾਹਿਗੁਰੂ ਮੈਂ ਧਯਾਨ ਲਗੈ ॥੨॥ ੪੯੮॥

ਅਬ ਹੰਗਤਾ ਦੀ ਨਵਿਰਤੀ ਅਰ ਨਾਸਤਕਮਤ ਭ੍ਰਾਂਤੀ ਕੀ ਨਵਿਰਤੀ ਵਾਸਤੇ ਅੰਤ ਮੈ ਆਪਣੀ ਪ੍ਰਾਰਥਨਾ ਸੇ ਕਹਤੇ ਹੈਂ ॥

(ਮੂਲ) ਦੀਦਹ ਅਜ਼ ਦੀਦਾਰ ਹਕ ਪੁਰ ਨੂਰ ਕੁਨ ॥
ਗੈਰ ਹਕ ਅਜ਼ ਖਾਤਰ ਦਿਲ ਦੂਰ ਕੁਨ ॥

(ਟੀਕਾ) ਹੇ ਸਚੇ ਵਾਹਿਗੁਰੂ ਨੇਤ੍ਰ ਦਰਸ਼ਨ ਸੇਂ ਅਰ ਸਰੂਪਸੇਂ ਪੂਰਨ ਪ੍ਰਕਾਸ਼ ਵਾਲੇ ਕਰ॥ ਭਾਵ । ਆਪਣਾ ਦਰਸ਼ਨ ਦੇਹ ਅਰ ਸਰੂਪ ਕੀ ਪ੍ਰਾਪਤੀ ਦੇਹ ॥੧॥ ਪੁਨਾ ਬਿਨਾਂ ਸਚੇ ਨਾਮ ਸੇਂ ਅਰ ਸਚੇ ਸਰੂਪ ਕੀ ਪ੍ਰਾਪਤੀ ਸੇਂ ਇਛਿਆ ਦਿਲ ਦੀ ਦੂਰ ਕਰ ॥ ਭਾਵ । ਸਚਾ ਨਾਮ ਜਪੈਂ ਅਰ ਸਚ ਸਰੂਪ ਕੋ ਪੂਰਨ ਪਛਾਣੈਂ ਜਿਸਕਰ ਆਨਾ ਜਾਨਾ ਛੁਟੈ ॥੨॥੪੯੯॥ ਤਸਨੀਫ ਗੋਯਾ: ਏਹ ਬੈਂਤ ਚਾਰ ਸੌ ਨੜਿੰਨਵੇ ਭਾਈ ਨੰਦਲਾਲ ਸਿੰਘ ਜੀ ਕੀ ਰਸਨਾ ਕੇ ਵਾਕ ਹੈਂ

ਸ੍ਰੀ ਅਸਿਧੁਜ ਜਬ ਭਏ ਦਿਆਲਾ ॥ ਪੂਰਣ ਕਰਾ ਗ੍ਰੰਥ ਤਤ ਕਾਲਾ ॥

ਸੰਪੂਰਨੰ ॥ ੧ ॥

## ਸੁਧੀਪਤ੍ਰ ਜ਼ਿੰਦਗੀ ਨਾਮੇ ਦਾ

| ਸਫਾ | ਸਤ੍ਰ | ਅਸ਼ੁਧੀ | ਸ਼ੁਧੀ |
|---|---|---|---|
| ੨ | ੧ | ਸਾਇਨਾ | ਮਾਇਨਾ |
| ੨ | ੪ | ਡਰ | ਡੇਰੇ |
| ੨ | ੭ | ਜ਼ੀ | ਜੋ ਜੀ |
| ੨ | ੮ | ਮੇਨੇ | ਮੈਨੇ |
| ੨ | ੩੨ | ਅਪਨੇ | ਆਪਨੇ |
| ੩ | ੧੮ | ਬਿਚਰਾ | ਬਿਚਾਰਾ |
| ੩ | ੨੧ | ਜੀਕੋ | ਜੀਕੇ |

Digitized by Panjab Digital Library | www.panjabdigilib.org

| ਸਫਾ | ਸਤ੍ | ਅਸ਼ੁਧੀ | ਸ਼ੁਧੀ |
|---|---|---|---|
| ੪ | ੩ | ਐਸੇ | ਐਸੇ |
| ੪ | ੫ | ਲਿਖਤੇ | ਲਿਖਤੇ ਹੈਂ |
| ੪ | ੧੩ | ਵਾਲਜੋਕੋਈਕਠਨ | ਵਾਲਜੋਕੋ ਪੜਨਾ ਕਠਨ |
| ੪ | ੧੭ | ਜੈਸੇ | ਜੈਸੇ |
| ੫ | ੪ | ਰਮਨੈ | ਹਮਨੈ |
| ੫ | ੬ | ਦਿਨ | ਭਿਤ |
| ੫ | ੮ | ਟਾਮ | ਰਾਮ |
| ੫ | ੧੧ | ਐਸੇ ਕਹਤ ਹੇ | ਐਸੇ ਕਹਤੇ ਹੈਂ |
| ੫ | ੨੦ | ਪਗਟਾਇ | ਪ੍ਰਗਟਾਇ |
| ੫ | ੨੩ | ਵੇਸੇ | ਵੈਸੇ |
| ੬ | ੨ | ਜਾਬੇ | ਜਾਵੇ |
| ੬ | ੩ | ਛਾਗ | ਛਾਰ |
| ੬ | ੪ | ਸੁਜਾਨਾ | ਸੁਜਾਨ |
| ੬ | ੭ | ਸਥਿਤ | ਸਥਿਤ ਭਯੋ |
| ੬ | ੭ | ਸਾਹਿਬ | ਸਾਹਿਬਸਿੰਘ |
| ੬ | ੧੬ | ਧਰੇਹਾ | ਧਰੇਹ |
| ੬ | ੨੧ | ਚਿਤ੍ | ਭਿਤ੍ |
| ੬ | ੨੨ | ਜਨਸ | ਜਨਮ |
| ੬ | ੨੬ | ਬਿੰਦਨ | ਬੰਦਨ |
| ੬ | ੨੬ | ਗੁਰਜ | ਗਹਜ |
| ੭ | ੪ | ਕੋ ਕਾਜਾ | ਕੇ ਕਾਜ |
| ੭ | ੪ | ਜੇਸੇ | ਜੈਸੇ |
| ੭ | ੫ | ਮਾਝਾ | ਮਾਝ |
| ੭ | ੫ | ਪਦਕੋ | ਸਭ ਪਦ ਕੋ |
| ੭ | ੫ | ਉਚਾਰਾ | ਉਚਰਾ |
| ੭ | ੭ | ਇਸ | ਇਸ੍ |
| ੭ | ੧੦ | ਉਰ | ਉਤ |
| ੭ | ੨੧ | ਭਦੀ | ਸਭਦੀ |
| ੮ | ੨੧ | ਐ | ਐ |
| ੮ | ੨੨ | ਤੂੰਬੀ | ਤਾਤੂੰਬੀ |
| ੮ | ੨੩ | ਐ | ਐ |
| ੮ | ੨੪ | ਪਸਨ | ਪ੍ਰਸ਼ਨ |
| ੮ | ੨੬ | ਉੂਸਮੇ | ਉੂਸਮੇ |

Digitized by Panjab Digital Library | www.panjabdigilib.org

| ਸਫਾ | ਸਤ੍ਰ | ਅਸ਼ੁਧੀ | ਸ਼ੁਧੀ |
|---|---|---|---|
| ੮ | ੨੭ | ਕੌਨਤਿ | ਕੌਨਪ੍ਰਤਿ |
| ੯ | ੬ | ਦ੍ਰਿਸਾਂਤ | ਦ੍ਰਿਸ਼ਟਾਂਤ |
| ੯ | ੧੦ | ਐਸੇ | ਐਸੇ |
| ੧੧ | ੫ | ਨਮ | ਨਾਮ |
| ੧੨ | ੨੫ | ਬਾਸ | ਬਾਸਦ |
| ੧੩ | ੨੬ | ਕਹਏ | ਕਹੀਏ |
| ੧੪ | ੧੪ | ਸਾਧਨਾਂ | ਸਾਧਨਾਂਤੇ |
| ੧੫ | ੧ | ਪ੍ਰੇਮ | ਪ੍ਰੇਮਾ |
| ੧੫ | ੧ | ਰਯੇ | ਰਜੋ |
| ੧੫ | ੧੧ | ਅਤ | ਅਰੁ |
| ੧੫ | ੧੪ | ਪ੍ਰੈਮ | ਪ੍ਰੇਮ |
| ੧੫ | ੨੧ | ਦਆ | ਦਿਆ |
| ੧੫ | ੨੫ | ਸਇਸੀ | ਸੋ ਇਸੀ |
| ੧੬ | ੪ | ਓ ਪ੍ਰੇਮ ਸੇ ਆਂਵਦੇ ਹੈ | ਏਹ ਵਾਧੂ ਹੈ |
| ੧੬ | ੯ | ਓਹੁ ਪ੍ਰੇਮ ਸੇ ਆਵਦੇ ਹੈ | ਏਹ ਲਾ ਲੈਨਾ |
| ੧੬ | ੧੦ | ਨਾਹੇ | ਮਾਹੇ |
| ੧੬ | ੧੬ | ਬੇਰਨਾ | ਬੈਠਨਾਂ |
| ੧੬ | ੨੩ | ਹੇ ਭਾਈ | ਹੇ ਭਾਈ |
| ੧੮ | ੩ | ਖੇਸ ਏ | ਖੋਸਏ |
| ੧੮ | ੨੫ | ਭਰਚ | ਭਰਜ |
| ੨੦ | ੨ | ਖਰਤ | ਖਚਤ |
| ੨੦ | ੧੪ | ਸੌਮੌ | ਸੌ ਮੌਤ |
| ੨੦ | ੨੫ | ਕਰਦਾ | ਕਰਦ |
| ੨੧ | ੨੦ | ਸਜੂਦਾ | ਸਜੂਦ |
| ੨੨ | ੨ | ਅਰੂ | ਅਰੁ |
| ੨੩ | ੧੩ | ਨਜਾਵੀ | ਨਜਵੀ |
| ੨੩ | ੨੨ | ਲਿਯੋਕੇ ਪ੍ਰਲੇ | ਲਜੋਕੋ ਪਰਲੋ |
| ੨੪ | ੧੪ | ਖ੪ਤ | ਖਚਤ |
| ੨੫ | ੧੯ | ਵਧੀਰ | ਵਧੀਕ |
| ੨੬ | ੨੨ | ਹਰ | ਹੋਰ |
| ੨੬ | ੨੭ | ਲੈਨ | ਲੈਣੇ |
| ੨੬ | ੨੭ | ਖ | ਖਬਰ |
| ੨੭ | ੨੨ | ਵਿਰਸਾਂਤ | ਦ੍ਰਿਸ਼ਟਾਂਤ |

Digitized by Panjab Digital Library | www.panjabdigilib.org

| ਸਫ਼ਾ | ਸਤ੍ਰ | ਅਸ਼ੁਧੀ | ਸ਼ੁਧੀ |
|---|---|---|---|
| ੨੭ | ੨੪ | ਵਿਸੈ | ਵਿਸਟੈ |
| ੨੮ | ੧੪ | ਜਭਤੇ | ਸਭਤੋਂ |
| ੨੮ | ੨੨ | ਜਾਤਾਸੂਪ | ਜਾਤ ਸਰੂਪ |
| ੩੧ | ੧੭ | ਕੇਸੇ | ਕੈਸੇ |
| ੩੧ | ੨੧ | ਦਾਇਮਾ | ਦਾਇਮਾਂ |
| ੩੧ | ੨੬ | ੦ | ਮੂ: |
| ੩੨ | ੨ | ਕਿਹਾ | ਕਿਆ |
| ੩੨ | ੨੦ | ਰੁਤਹ | ਰੂਪਹੈ |
| ੩੨ | ੨੦ | ਜੀਵਨ ਦੀ | ਜੀਵਨੇ ਦੀ ਦੇ |
| ੩੨ | ੨੨ | ਸਰੈ | ਸਰੇ |
| ੩੩ | ੩ | ਬਿਹਾਰ | ਬਿਹਾਰ ਕਰ |
| | | | ਸਭੀ ਘਟ ਰਾਮ ਬੋਲੈ |
| ੩੩ | ੪ | | ਰਾਮਬਿਨਾ ਕੋ ਬੋਲੈਰੇ |
| ੩੩ | ੪ | | ਬ੍ਰਹਮਕਾਰੈਨੇਵਾਲਾਸਥਾਨਕੌਨਹੈ |
| ੩੩ | ੧੯ | ਲਰਤਾ | ਲਗਤਾ |
| ੩੩ | ੨੨ | ਸਰੂ | ਸਰੂਪ |
| ੩੩ | ੨੪ | ਕਕਤੇ | ਕਰਤੇ |
| ੩੩ | ੨੪ | ਭਾਈਕ | ਭਾਈ ਜੀ |
| ੩੪ | ੩ | ਲਕ | ਲੋਕ |
| ੩੪ | ੪ | ਲੋਕ | ਵਾਧੂ ਹੈ |
| ੩੪ | ੨੩ | ਸਲਕ | ਸਲੋਕ |
| ੩੫ | ੧ | ਬੈਠੀਹੈ | ਬੈਠਾ ਹੈ |
| ੩੫ | ੨ | ਸਾਧ | ਸਾਥ |
| ੩੫ | ੨ | ਸਤਾ | ਸਭੀ |
| ੩੬ | ੯ | ਪਰਨੇ | ਪੜਨੇ |
| ੩੬ | ੨੨ | ਦਿਲਾਹਾ | ਦਿਲਹਾ |
| ੩੬ | ੨੩ | ਬਿਲ | ਦਿਲ |
| ੪੦ | ੧੬ | ਦੇਤੇ | ਦੇਤੇ |
| ੪੦ | ੨੦ | ਪਰਖਤ | ਪ੍ਰਤਖ |
| ੪੧ | ੬ | ਬ੍ਰਹਨ | ਬ੍ਰਹਮ |
| ੪੧ | ੧੩ | ਚੇਤਨਸੇ | ਚੇਤਨ ਕੇ ਸੇ |
| ੪੧ | ੨੫ | ਦਾਇਸ | ਦਾਇਮ |
| ੪੩ | ੨੧ | ਮੇਮਰ | ਮੇਸਰ |

Digitized by Panjab Digital Library | www.panjabdigilib.org

| ਸਫਾ | ਸਤ੍ਰ | ਅਸ਼ੁਧਾ | ਸ਼ੁਧੀ |
|---|---|---|---|
| ੪੪ | ੧ | ਹਸਟ | ਹਸਤ |
| ੪੪ | ੭ | ਸੇ | ਸ |
| ੪੬ | ੭ | ਦਾਦੂ | ਦਾਰੂ |
| ੪੭ | ੧੨ | ਸਰੂਰ | ਸਰੂਪ |
| ੫੦ | ੮ | ਸੋਕਿ | ਸ਼ੌਕ |
| ੫੦ | ੧੦ | ਸਾਹਿਬਾ | ਸਾਹਿਬ |
| ੫੦ | ੧੨ | ਸੋਕ | ਸ਼ੌਕ |
| ੫੦ | ੧੩ | ਪ੍ਾਤਤੀ | ਪ੍ਰਾਪਤੀ |
| ੫੨ | ੨ | ਫਕੀਰ | ਫ਼ਕੀਰੀ |
| ੫੨ | ੮ | ਹੈਵੈ | ਹੋਵੈ |
| ੫੩ | ੯ | ਪ੍ਰਮਾਨ | ਪ੍ਰਸ਼ਨ |
| ੬੦ | ੮ | ਤਰੇ | ਤੇਰੇ |
| ੬੨ | ੧੦ | ਯਾਦ | ਦਯਾ |
| ੬੪ | ੨ | ਬਢਨ | ਬਚਨ |
| ੬੪ | ੧੧ | | ਭਾਵ ਸਚੇ ਕੀ ਪ੍ਰਾਪਤੀ ਕੇ ਸੁਖਾਲੇ ਨਿਰਨੇਸਿਮ੍ਰਬਰਖੇਹੈਂ |
| ੬੮ | ੬ | ਰੈਤੇ ਹੈਂ | ਰਹਤੇ ਹੈਂ |
| ੭੦ | ੧੬ | ਸੂਰਸ | ਸੂਰਜ |
| ੭੨ | ੨੫ | | ਉਸੁਪ੍ਰਗੁਰੂ ਪ੍ਰਸੰਨ ਹੋਤੇਹੈਂ [illegible] |
| ੭੩ | ੯ | ਵਾਲ | ਵਾਲਾ |
| ੮੪ | ੩ | ਹਵੇਹੈ | ਸੋਵੇ ਹੈਂ |
| ੮੪ | ੨੪ | ਸੰਤਾਕ | ਸੰਤਾਕੀ |
| ੮੫ | ੧੭ | ਮਿਟੀਸ | ਮਿਟੀਸੇ |
| ੯੨ | ੧੧ | ਸੁ | ਸੁਦ |
| ੯੩ | ੩ | ਹਕੀਕ | ਹਕੀਕਤ |
| ੯੩ | ੩ | ਬਹਮਨੇ | ਬ੍ਰਹਮਨੇ |
| ੯੪ | ੨ | ਦ੍ਰਾਸਾਂਤ | ਦ੍ਰਾਸ੍ਟਾਂਤ |
| ੧੦੧ | ੮ | ਸ੍ਰੀਰਤੋ | ਸ੍ਰੀਰਕੋ |
| ੧੦੧ | ੨੭ | ੭ਥ | ਹਥ |
| ੧੦੫ | ੧੮ | ਜਹਰ | ਜ਼ਾਹਰ |
| ੧੧੭ | ੨ | ਹਵੈ | ਹੋਵੈ |

ਇਤਿ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਵਿਗਿਆਪਨ

ਸਰਬ ਪਾਠਕਾਂ ਪ੍ਰਤਿ ਵਿਦਤਹੋਵੇ ਕਿ ਗ੍ਰੰਥ ਜ਼ਿੰਦਗੀ
ਨਾਮਾ ਜੋ ਭਾਈ ਨੰਦਲਾਲ ਸਿੰਘ ਜੀ ਨੇ ਦਸ
ਪਾਤਸ਼ਾਹ ਜੀ ਦੇ ਹਜ਼ੂਰ ਗੁਰੂ ਜੀ ਦੀ ਆਗਯਾਨੁਸਾਰ
ਭਾਈ ਮਨੀਸਿੰਘ ਜੀ ਆਦੀ ਸਬ ਸੰਗਤ ਨੂੰ ਅਰਥ
ਸਹਿਤ ਸੁਣਾਯਾ ਸੀ ਸੋ ਸੰਪ੍ਰਦਾਈ ਟੀਕਾ ਸ੍ਰੀ ਮਾਨ
ਸੰਤ ਖਾਲਸਾ ਸਰੂਪਸਿੰਘਜੀ ਗਯਾਨੀ ਕ੍ਰਿਤ ਛਪਕਰ
ਤਿਆਰ ਹੋਗਿਆ ਹੈ ਸਫੇ ੧੫੨ ਹਨ ਅਕਾਰ ਵਡਾ
ਕਾਗਜ਼ ਚੰਗਾ ਡਮਈ ਕੀਮਤ ਛੇ ਆਨੇ ।≡)

**ਗੁਰਪੁਰਬ ਪ੍ਰਕਾਸ਼** ਅਰਥਾਤ ਦਸਮ ਪਾਤਸ਼ਾਹ
ਜੀਦਾ ਆਗਮਨ ਜਿਸਤ੍ਰਾਂ ਸੰਸਾਰ ਵਿਚ ਹੋਯਾ ਹੈ ਅਰ
ਗੁਰੂ ਜੀ ਨੇ ਆਪ ਸ੍ਰੀਮੁਖਵਾਕ ਬਚਿਤ੍ਰ ਨਾਟਕ ਵਿਚ
ਕਥਨ ਕੀਤਾ ਹੈ ਉਸ ਬਾਣੀ ਦਾ ਸੰਪ੍ਰਦਾਈ ਟੀਕਾ
ਕ੍ਰਿਤ ਸ੍ਰੀ ਮਾਨ ਸੰਤਖਾਲਸਾ ਸਰੂਪਸਿੰਘਜੀ ਗਯਾਨੀ
ਛਪਗਿਆ ਹੈ ਅਖਰ ਮੋਟੇ ਸਫੇ ੮੦ ਕੀਮਤ ।)

**ਜ਼ਫਰਨਾਮਾ ਸਟੀਕ** ਇਸਦਾ ਟੀਕਾ ਭੀ ਸੰਪ੍ਰ-
ਦਾਇਦੇ ਅਨੁਸਾਰ ਸ੍ਰੀਮਾਨ ਸੰਤ ਖਾਲਸਾ ਸਰੂਪਸਿੰਘ
ਜੀ ਗਿਆਨੀਨੇ ਬੜੀ ਮਿਹਨਤ ਨਾਲ ਤਿਆਰਕਰਕੇ
ਛਪਵਾਯਾ ਹੈ ਅਰ ਥੋੜੇ ਦਿਨਾ ਤਕ ਤਯਾਰਹੋਜਾਏਗਾ॥

ਪੁਸਤਕਾਂ ਮਿਲਨ ਦਾ ਪਤਾ

ਮੈਨੇਜਰ ਸ੍ਰੀਗੁਰਮਤ ਪ੍ਰੇਸ ਅੰਮ੍ਰਿਤਸਰ
ਅਰ ਹੋਰ ਮਸ਼ਹੂਰ ਦੁਕਾਨਦਾਰਾਂਪਾਸੋਂ ਭੀ ਮਿਲਦੇਹੈਂ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

**ਸੰ: ਨਾ: ੪੫੦**

ਨੋਟ-ਮੋਟੇ ਟਾਈਪ ਵਿਚ ਅੰਗ੍ਰੇਜ਼ੀ ਤਰੀਕਾਂ ਤੇ ਬਰੀਕ ਟਾਈਪ ਵਿਚ ਦੇਸੀ ਹਨ

## ਗੁਰਪੁਰਬ

ਸ੍ਰੀ ਗੁਰੂ ਹਰਿਰਾਇ ਜੀ ਪਾ: ੭
ਮਾਘ, ਸੁਦੀ ੧ ਫਰਵਰੀ ੧੨

## ਛੁਟੀਆਂ

ਬਸੰਤ ਪੰਚਮੀ ੫ ਫਰਵਰੀ।
ਮੇਲਾ ਕੋਠਾ ਸਾਹਿਬ ੧੪ ਫਰਵਰੀ

—॰—

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥ ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ। ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ। ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿਰਾਇ ॥ ਮਿਲਿ ਸਹੀਆ ਮੰਗਲੁਗਾਵਹੀ ਗੀਤਗੋਵਿੰਦ ਅਲਾਇ। ਹਰਿ ਜੇਹਾ ਅਵਰੁ ਨਾ ਦਿਸਈ ਕੋਈ ਦੂਜਾ ਲਵੈ ਨਾ ਲਾਇ ॥ ਹਲਤੁ ਪਲਤੁ ਸਵਾਰਿਓਨੁ ਨਿਹਚਲੁ ਦਿਤੀਅਨੁ ਜਾਇ ॥ ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨਾ ਜਨਮੈ ਧਾਇ ॥ ਜਿਹਵਾ ਏਕ ਅਨੇਕ ਗੁਣ ਤੇਰੇ ਨਾਨਕ ਚਰਣੀ ਪਾਇ ॥ ਫਲਗੁਣਿ ਨਿਤ ਸਲਾਹੀਐ ਜਿਸਨੋ ਤਿਲੁ ਨਾ ਤਮਾਇ ॥ ੧੩ ॥

ਮਾਘ
ਫੱਗਣ

ਪੂਰਨਮ...

੧੯੧੯ ਸੰਗ੍ਰਾਂਦ ੧੨ ਫਰਵ...

| | |
|---|---|
| ਐਤਵਾਰ | |
| ਸੋਮਵਾਰ | |
| ਮੰਗਲਵਾਰ | |
| ਬੁਧਵਾਰ | |
| ਵੀਰਵਾਰ | |
| ਸ਼ੁਕ੍ਰਵਾਰ | |
| ਸ਼ਨੀਵਾਰ | ੧ ੨੦ |

ਭਾਈ ਬੂਟਾ ਸਿੰਘ
ਪੁਸਤਕਾਂ ਵਾਲੇ
Buta Singh Pa
AM

ਕਵਾਨੀਨ ਹਿੰਦ ਪ੍ਰੈਸ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ایشر ۱۱ سن

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1267

Digitized by Panjab Digital Library | www.panjabdigilib.org

Digitized by Panjab Digital Library | www.panjabdigilib.org